# ਔਖੇ ਘੱਟ

ਜਸਬੀਰ ਕੌਰ

ਨਵੀਨ ਪ੍ਰਕਾਸ਼ਨ
ਅੰਮ੍ਰਿਤਸਰ

Academy of the Punjab in North America: http://www.apnaorg.com

# ਔਖੇ ਘੁੱਟ

ਜਸਬੀਰ ਕੌਰ

ਨਵੀਨ ਪ੍ਰਕਾਸ਼ਨ
ਅੰਮ੍ਰਿਤਸਰ

Academy of the Punjab in North America: http://www.apnaorg.com

**AUKHEY GHUTT** *(Original Short Stories)*

© *Jasbir Kaur*

I.S.B.N. 81-85754-99-3

ਪਹਿਲੀ ਵਾਰ : ਸੰਨ 2001

ਪ੍ਰਕਾਸ਼ਕ : ਸ਼ਿੰਗਾਰਾ ਸਿੰਘ 'ਸ਼ਾਂਤ'
ਨਵੀਨ ਪ੍ਰਕਾਸ਼ਨ
151-ਈਸਟ ਗੋਬਿੰਦ ਨਗਰ,
ਸੁਲਤਾਨਵਿੰਡ
ਅੰਮ੍ਰਿਤਸਰ । ਫੋਨ : 588997

ਛਾਪਕ : ਸ਼ਾਂਤ ਪ੍ਰਿੰਟਿੰਗ ਪ੍ਰੈਸ, ਅਤੇ ਕੰਪਿਊਟਰ
6-ਜਸਪਾਲ ਨਗਰ, ਨੇੜੇ ਇਲਾਹਾਬਾਦ ਬੈਂਕ,
ਸੁਲਤਾਨਵਿੰਡ ਰੋਡ, ਅੰਮ੍ਰਿਤਸਰ ।

ਮੁੱਲ : 80/- ਰੁਪਏ

Academy of the Punjab in North America: http://www.apnaorg.com

ਸਮਰਪਿਤ

ਆਪਣੇ ਸਪੁੱਤਰ ਜਸਮੋਹਨ

ਅਤੇ

ਸਪੁੱਤਰੀ ਪਵਨਜੀਤ ਨੂੰ

Academy of the Punjab in North America: http://www.apnaorg.com

# ਤੱਤਕਰਾ


| | |
|---|---|
| ਆਦਿਕਾ | 5 |
| ਸ਼ੁਭ ਆਗਮਨ | 8 |
| ਮਾਂ ਦੇ ਨਾਂ ਖ਼ਤ | 11 |
| ਮੇਰੀ ਜਮਾਤ ਦੀ ਸਭ ਤੋਂ ਲਾਇਕ ਲੜਕੀ | 15 |
| ਸੰਜੋਗ | 19 |
| ਅੱਜ ਵੀ ਅਵਤਾਰ ਹਨ | 25 |
| ਔਖੇ ਘੁੱਟ | 30 |
| ਮਿਸਿਜ਼ ਯੂਨੀਵਰਸ | 37 |
| ਦਾਜ ਦੀ ਬਲੀ | 44 |
| ਚਾਚੀ ਚਰਨੀਂ | 48 |
| ਲਗਨ | 52 |
| ਫੂਹੜੀ ਦਾ ਮੁੱਲ | 57 |
| ਇਸ਼ਕ ਡਾਢਾ | 62 |
| ਕਾਨੂੰਨ ਦੀ ਦੀਵਾਰ | 68 |
| ਖੰਡਰ | 74 |
| ਆਸਾਂ ਦਾ ਫਲ | 80 |
| ਇਕ ਖ਼ਤ ਇਕ ਯਾਦ | 86 |
| ਪਿਆਰ-ਇਕ ਲਿੱਲੀ ਦਾ ਫੁੱਲ | 94 |
| ਇਮਤਿਹਾਨ | 101 |


Academy of the Punjab in North America: http://www.apnaorg.com

# ਆਦਿਕਾ

ਜਸਬੀਰ ਕੌਰ ਇਕ ਪ੍ਰਗਤੀਵਾਦੀ ਤੇ ਪ੍ਰਤਿਭਾਸ਼ਾਲੀ ਕਹਾਣੀਕਾਰ ਹੈ । ਉਸਦਾ ਪਹਿਲਾ ਕਹਾਣੀ ਸੰਗ੍ਰਹਿ 'ਬਿਗਾਨਾ ਆਲ੍ਹਣਾ' ਸੰਨ 1993 ਵਿਚ ਪ੍ਰਕਾਸ਼ਿਤ ਹੋਇਆ । ਉਸਦਾ ਦੂਜਾ ਸੰਗ੍ਰਹਿ 'ਔਖੇ ਘੁੱਟ' ਨਵੀਂ ਦਹਿਸਦੀ ਵਿਚ ਪ੍ਰਕਾਸ਼ਿਤ ਸੱਜਰੀ ਰਚਨਾ ਹੈ । ਇਸ ਕਹਾਣੀ ਸੰਗ੍ਰਹਿ ਵਿਚ ਕੁਲ ਅਠਾਰਾਂ ਕਹਾਣੀਆਂ ਹਨ । ਇਕ ਨਾਰੀ ਲੇਖਕਾ ਹੋਣ ਕਾਰਨ ਉਸ ਦੀਆਂ ਵਧੇਰੇ ਕਹਾਣੀਆਂ ਦਾ ਵਿਸ਼ਾ ਘਰੇਲੂ ਸਮਸਿਆਵਾਂ ਤੇ ਸਮਾਜਕ ਪ੍ਰਸਥਿਤੀਆਂ ਹਨ । ਜਿਵੇਂ ਔਰਤ ਦੀ ਸਮਾਜਕ ਸਥਿਤੀ ਤੇ ਮਾਨਵੀ ਕਦਰਾਂ ਕੀਮਤਾਂ ਦੀ ਨਿਘਰਦੀ ਹਾਲਤ, ਸਮਾਜਕ ਭ੍ਰਿਸ਼ਟਾਚਾਰ ਤੇ ਬੱਚਿਆਂ ਦਾ ਭਵਿੱਖ ਆਦਿ ਹਨ । ਇਉਂ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਸਮਾਜ ਦੇ ਵਿਭਿੰਨ ਪਹਿਲੂਆਂ ਦਾ ਚਿਤਰਨ ਕਰਦੇ ਹਨ ।

ਜਸਬੀਰ ਕੌਰ ਨੇ ਅਨਜੋੜ ਵਿਆਹ, ਸਹਿਨਸ਼ੀਲਤਾ ਦੀ ਘਾਟ ਤੇ ਪਤੀ ਪਤਨੀ ਦੇ ਵੱਖ ਵੱਖ ਦ੍ਰਿਸ਼ਟੀਕੋਣ ਹੋਣ ਕਾਰਨ ਪਰਵਾਰਕ ਜੀਵਨ ਨੂੰ ਟੁਟਦਿਆਂ ਦਰਸਾਇਆ ਹੈ । ਅਜੇਹੇ ਮਾਪੇ ਬਚਿਆਂ ਦੇ ਭਵਿੱਖ ਤੇ ਉਹਨਾਂ ਦੇ ਕੋਮਲ ਮਨ ਉਤੇ ਪੈਣ ਵਾਲੇ ਪ੍ਰਭਾਵਾਂ ਤੋਂ ਬੇਖ਼ਬਰ ਆਪਣੀ ਆਪਣੀ ਹਉਮੈ ਪੁਗਾਂਦੇ ਹੋਏ ਘਰੇਲੂ ਜੀਵਨ ਨੂੰ ਤਹਿਸ ਨਹਿਸ ਕਰ ਦੇਂਦੇ ਹਨ । ਲੇਖਕਾ ਨੇ 'ਮਾਂ ਦੇ ਨਾਂ ਖ਼ਤ' ਨਾਮੀ ਕਹਾਣੀ ਰਾਹੀਂ ਬੱਚੇ ਦੀਆਂ ਕੋਮਲ ਭਾਵਨਾਵਾਂ ਨੂੰ ਬੜੀ ਤੋਤਲੀ ਜ਼ਬਾਨ ਵਿਚ ਤੇ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਹੈ । ਬੱਚਾ ਆਪਣੀ ਮਾਂ ਨੂੰ ਲਿਖਦਾ ਹੈ :

"ਕੀ ਆਪਣੀ ਹਉਮੈ ਬਦਲੇ ਮੈਨੂੰ ਛੱਡ ਜਾਣਾ ਹੀ ਤੂੰ ਠੀਕ ਸਮਝਿਆ ? ਮੈਂ ਤੁਹਾਡੇ ਪਾਸ ਰਹਿਣਾ ਚਾਹੁੰਦਾ ਹਾਂ, ਪਾਪਾ ਤੇ ਮੰਮੀ ਦੋਹਾਂ ਪਾਸ ।"

ਲੇਖਕਾ ਅਜੇਹੇ ਮਾਂਪਿਆਂ ਨੂੰ ਬੱਚੇ ਵਲੋਂ ਇਕ ਨਸੀਹਤ ਦੇਂਦੀ ਹੈ ।

"ਜੋ ਆਪਣੇ ਬੱਚੇ ਨਹੀਂ ਸਾਂਭ ਸਕਦੇ, ਉਨ੍ਹਾਂ ਨੂੰ ਮੰਮੀ ਡੈਡੀ ਬਣਨ ਦਾ ਹੱਕ ਵੀ ਨਹੀਂ ਹੋਣਾ ਚਾਹੀਦਾ ।"

ਜਸਬੀਰ ਕੌਰ ਦੀਆਂ ਕਹਾਣੀਆਂ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਦੀਆਂ ਹਨ । ਕੋਹਝੀਆਂ ਸਮਾਜਕ ਰਸਮਾਂ ਤੇ ਰੀਤੀ ਰਿਵਾਜਾਂ ਉਪਰ ਵੀ ਕਟਾਖਸ਼ ਕਰਦੀਆਂ ਹਨ । 'ਛੂਹੜੀ ਦਾ ਮੁਲ' ਇਸ ਪੱਖੋਂ ਰਚੀ ਇਕ ਸਫਲ ਕਹਾਣੀ ਹੈ । ਘਰ ਵਿਚ ਹੋ ਰਹੇ ਬਜ਼ੁਰਗਾਂ ਦੇ ਨਿਰਾਦਰ ਅਤੇ ਸੇਵਾ ਸੰਭਾਲ ਪਖੋਂ ਵਰਤੀ ਅਣਗਹਿਲੀ, ਮਨੁੱਖੀ ਰਿਸ਼ਤਿਆਂ ਵਿਚ ਆਈ ਖ਼ੁਦਗਰਜ਼ੀ ਦੀ ਤਸਵੀਰ ਪੇਸ਼ ਕਰਦੀ ਹੈ ਜਿਥੇ ਬਜ਼ੁਰਗ ਦੋ ਵੇਲੇ ਦੀ ਰੋਟੀ ਖੁਣੋਂ ਤਰਸਦੇ ਹਨ । ਪਿਤਾ ਧੀ ਨੂੰ ਕਹਿੰਦਾ ਹੈ :

"ਬੇਟੇ, ਮੈਨੂੰ ਜਲਦੀ ਨਾਲ ਕੁਝ ਖਾਣ ਨੂੰ ਦੇਹ । ਮੈਂ ਸਵੇਰ ਦਾ ਭੁੱਖਾ ਹਾਂ । ਮੈਨੂੰ ਕਿਸੇ ਰੋਟੀ ਨਹੀਂ ਪੁੱਛੀ ।"


Academy of the Punjab in North America: http://www.apnaorg.com

ਉਸੇ ਹੀ ਬਜ਼ੁਰਗ ਦੀ ਮੌਤ ਤੇ ਸਮਾਜ ਵਿਚ ਨੱਕ ਰੱਖਣ ਲਈ ਉਸਦੇ ਪੁੱਤਰ ਹਜ਼ਾਰਾਂ ਰੁਪਏ ਬਰਬਾਦ ਕਰਦੇ ਹਨ । ਜੀਉਂਦੇ ਜੀਅ ਉਸਦੇ ਮਰਨ ਦੀ ਉਡੀਕ ਕੀਤੀ ਜਾਂਦੀ ਹੈ ਤੇ ਮਰਨ ਪਿਛੋਂ ਜਗਤ ਵਿਖਾਵੇ ਲਈ ਕੀਰਨੇ ਪਾਏ ਜਾਂਦੇ ਹਨ । ਅਜਿਹੀਆਂ ਸਮਾਜਕ ਕੁਰੀਤੀਆਂ ਉਤੇ ਕਹਾਣੀਕਾਰ ਕਟਾਖਸ਼ ਕਰਦੀ ਹੈ । ਨਰੋਈ ਸੋਚ ਅਪਨਾਣ ਤੇ ਬਜ਼ੁਰਗਾਂ ਵੱਲ ਤਵੱਜੋਂ ਦੇਣ ਦੀ ਪ੍ਰੇਰਨਾ ਦੇਂਦੀ ਹੈ ।

ਜਸਬੀਰ ਕੌਰ ਇਕ ਚੇਤੰਨ ਤੇ ਪ੍ਰੌੜ੍ਹ ਕਹਾਣੀਕਾਰ ਹੈ । ਉਸ ਦੀਆਂ ਕੁਝ ਇਕ ਵਧੀਆ ਕਹਾਣੀਆਂ 'ਦਾਜ ਦੀ ਬਲੀ', 'ਅੱਜ ਵੀ ਅਵਤਾਰ ਹਨ', 'ਔਖੇ ਘੁੱਟ', 'ਕਾਨੂੰਨ ਦੀ ਦੀਵਾਰ', 'ਆਸਾਂ ਦਾ ਫੁੱਲ' ਤੇ 'ਇਮਤਿਹਾਨ' ਹਨ । ਇਹਨਾਂ ਕਹਾਣੀਆਂ ਦੇ ਵਿਸ਼ੇ ਬੜੇ ਯਥਾਰਥਕ ਤੇ ਦਿਲ ਨੂੰ ਛੂੰਹਦੇ ਹਨ । ਇਹਨਾਂ ਕਹਾਣੀਆਂ ਰਾਹੀਂ ਲੇਖਕਾ ਨੇ ਭਿੰਨ ਭਿੰਨ ਸਮਾਜਕ ਵਿਸ਼ਿਆਂ ਨੂੰ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ । 'ਅੱਜ ਵੀ ਅਵਤਾਰ ਹਨ' ਵਿਚ ਅਮਰ ਸਿੰਘ ਦਾ ਪਾਤਰ ਚਿਤਰਨ ਬੜੀ ਖੂਬੀ ਨਾਲ ਕੀਤਾ ਹੈ । ਇਸ ਭ੍ਰਿਸ਼ਟ ਸਮਾਜ ਵਿਚ ਅਮਰ ਸਿੰਘ ਵਰਗੇ ਨੇਕ ਦਿਲ ਇਨਸਾਨ ਵੀ ਹਨ ਜਿਹੜੇ ਸ੍ਵੈ-ਹਿੱਤਾਂ ਤੋਂ ਉਪਰ ਉਠ ਕੇ ਜਨ-ਹਿੱਤਾਂ ਲਈ ਸੋਚਦੇ ਹਨ । ਅਮਰ ਸਿੰਘ ਵਿਰਸੇ ਵਿਚ ਮਿਲੀ ਕੁਲ ਪੂੰਜੀ ਨੂੰ ਆਪਣੇ ਪਿੰਡ ਦਾ ਜੀਵਨ ਸੁਧਾਰਨ ਲਈ ਖਰਚ ਕਰ ਦਿੰਦਾ ਹੈ । ਲੇਖਕਾ ਅਮਰ ਸਿੰਘ ਦੀ ਮਿਸਾਲ ਦੇਂਦੀ ਹੋਈ ਲਿਖਦੀ ਹੈ :

"ਸਮਾਜ ਸੁਧਾਰ ਤੇ ਪਿੰਡ ਦੇ ਜੀਵਨ ਨੂੰ ਸੁਧਾਰਨ ਲਈ ਸਰਕਾਰਾਂ ਵੱਲ ਦੇਖਣਾ ਮੂਰਖਤਾ ਹੈ ।"

ਇਸੇ ਤਰ੍ਹਾਂ 'ਦਾਜ ਦੀ ਬਲੀ' ਕਹਾਣੀ ਵੀ ਇਕ ਆਦਰਸ਼ਕ ਨੌਜਵਾਨ ਦੀ ਕਹਾਣੀ ਹੈ । ਜਿਹੜਾ ਦਾਜ ਨੂੰ ਸਮਾਜਕ ਲਾਹਨਤ ਕਰਾਰ ਦੇਂਦਾ ਹੋਇਆ ਸਾਦਾ ਵਿਆਹ ਕਰਵਾਂਦਾ ਹੈ । ਪਰ ਉਸਦੀ ਅਮੀਰਜ਼ਾਦੀ ਪਤਨੀ ਉਸਦੇ ਆਦਰਸ਼ਾਂ ਤੋਂ ਕੋਹਾਂ ਦੂਰ ਹੈ । ਨਤੀਜੇ ਵਜੋਂ ਘਰ ਬਿਖਰ ਕੇ ਤੀਲ੍ਹਾ ਤੀਲ੍ਹਾ ਹੋ ਜਾਂਦਾ ਹੈ । ਇਸ ਵਾਰੀ ਦਾਜ ਦੀ ਬਲੀ ਕੁੜੀ ਨਹੀਂ ਚੜ੍ਹਦੀ, ਸਗੋਂ ਇਕ ਅਣਖੀਲਾ ਨੌਜਵਾਨ ਚੜ੍ਹਦਾ ਹੈ ।

ਜਸਬੀਰ ਕੌਰ ਇਕ ਸੁਲਝੀ ਹੋਈ ਤੇ ਕੋਮਲ ਭਾਵੀ ਕਹਾਣੀਕਾਰ ਹੈ । ਉਸ ਦੀਆਂ ਕਹਾਣੀਆਂ ਮਧ-ਵਰਗੀ ਜੀਵਨ ਦੀ ਝਾਕੀ ਪੇਸ਼ ਕਰਦੀਆਂ ਹਨ ।ਯਥਾਰਥਕ ਵਿਸ਼ਿਆਂ ਦਾ ਨਿਭਾਅ ਵੀ ਸਹਿਜ ਸੁਭਾਅ ਕੀਤਾ ਹੈ । ਉਸਦੇ ਪਾਤਰ ਜੀਉਂਦੇ ਜਾਗਦੇ ਆਸੇ ਪਾਸੇ ਵਿਚਰਦੇ ਪਰਤੀਤ ਹੁੰਦੇ ਹਨ । ਉਹ ਨਿਤਪ੍ਰਤੀ ਜੀਵਨ ਵਿੱਚ ਵਾਪਰਦੀਆਂ ਸਮਸਿਆਵਾਂ ਦਾ ਨਿਰਾ ਉਲੇਖ ਹੀ ਨਹੀਂ ਕਰਦੀ, ਸਗੋਂ ਨਰੋਈ ਤੇ ਅਗਾਂਹਵਧੂ ਸੋਚ ਅਪਨਾਉਣ ਅਤੇ ਸਦਾਚਾਰਕ ਜੀਵਨ ਜੀਉਣ ਦੀ ਪ੍ਰੇਰਣਾ ਵੀ ਦਿੰਦੀ ਹੈ । ਉਸ ਦੀਆਂ ਕਹਾਣੀਆਂ ਕਲਾ-ਕੌਸ਼ਲਤਾ ਦੀ ਕਸਵੱਟੀ ਤੇ ਵੀ ਪੂਰੀਆਂ ਉਤਰਦੀਆਂ ਹਨ । ਕਿਤੇ ਉਚੇਚ ਦਾ ਪ੍ਰਭਾਵ ਨਹੀਂ । ਉਸ ਨੇ ਹਰ ਪਾਤਰ ਨੂੰ ਉਸਦੇ ਚੌਗਿਰਦੇ ਵਿਚ ਚਿੱਤਰ ਕੇ ਉਸ ਨਾਲ ਇਨਸਾਫ ਕੀਤਾ ਹੈ । ਉਸ ਦੀਆਂ ਕਹਾਣੀਆਂ ਦੀ ਭਾਸ਼ਾ ਸਾਦੀ ਤੇ ਸਰਲ ਹੈ । ਭਾਸ਼ਾ ਪਾਤਰਾਂ ਦੇ ਮਾਨਸਿਕ ਪੱਧਰ ਦੇ ਅਨੁਕੂਲ ਵਰਤੀ ਹੈ । ਕਹਾਣੀ ਵਿਚ ਵਹਾ ਹੋਣ ਕਾਰਨ ਆਰੰਭ ਤੋਂ ਅੰਤ ਤਕ ਕਹਾਣੀ ਰੱਸ ਕਾਇਮ ਰਹਿੰਦਾ ਹੈ । ਛੋਟੇ ਛੋਟੇ ਵਾਕ ਕਹਾਣੀ ਨੂੰ ਅੱਗੇ ਤੋਰਦੇ ਹਨ । ਹਾਂ, ਕਿਤੇ ਕਿਤੇ ਵਾਕ ਬਣਤਰ ਤੇ ਸ਼ਬਦਾਂ ਦੀ ਚੋਣ ਵਧੇਰੇ ਧਿਆਨ ਮੰਗਦੀ ਹੈ ।


Academy of the Punjab in North America: http://www.apnaorg.com

ਜਸਬੀਰ ਕੌਰ ਦੀਆਂ ਕਹਾਣੀਆਂ ਵਿਚ ਵਿਸ਼ੇ ਦੀ ਚੋਣ ਤੇ ਪਾਤਰਾਂ ਦਾ ਨਿਭਾਅ ਇਸ ਗੱਲ ਦਾ ਗਵਾਹ ਹੈ ਕਿ ਇਹ ਸਾਰੀਆਂ ਕਹਾਣੀਆਂ ਲੇਖਕਾ ਦੇ ਡੂੰਘੇ ਅਨੁਭਵ ਦੀ ਉਪਜ ਹਨ । ਉਸਨੇ ਆਪਣੇ ਪਾਤਰਾਂ ਨੂੰ ਬੜੀ ਨੇੜਿਓਂ ਵੇਖਿਆ ਅਤੇ ਉਹਨਾਂ ਦੇ ਦੁੱਖਾਂ ਸੁੱਖਾਂ ਨੂੰ ਆਪਣੇ ਤਨ ਮਨ ਤੇ ਹੰਢਾਇਆ ਹੈ । ਜਿੰਨਾ ਤੀਬਰ ਅਨੁਭਵ ਹੋਵੇਗਾ, ਓਨੀ ਹੀ ਵਧੀਆ ਕਹਾਣੀ ਹੋਵੇਗੀ । ਜਸਬੀਰ ਕੌਰ ਦੀਆਂ ਸਾਰੀਆਂ ਕਹਾਣੀਆਂ ਪੜ੍ਹਨ ਪਿਛੋਂ ਲਗਦਾ ਹੈ ਕਿ ਇਸ ਨਾਂ ਦਾ ਕੋਈ ਹੋਰ ਬਦਲ ਹੋ ਹੀ ਨਹੀਂ ਸਕਦਾ । ਉਦਾਹਰਣ ਵਜੋਂ 'ਦਾਜ ਦੀ ਬਲੀ', 'ਸੰਜੋਗ', 'ਆਸਾਂ ਦਾ ਫੱਲ' ਤੇ 'ਇਮਤਿਹਾਨ' ਹਨ ।

ਜਸਬੀਰ ਕੌਰ ਦੇ ਨਵੇਂ ਕਹਾਣੀ ਸੰਗ੍ਰਹਿ 'ਔਖੇ ਘੁੱਟ' ਨੂੰ ਮੈਂ ਜੀ ਆਇਆਂ ਆਖਦੀ ਹਾਂ । ਆਸ ਕਰਦੀ ਹਾਂ ਕਿ ਉਹ ਭਵਿੱਖ ਵਿਚ ਹੋਰ ਵਧੀਆ ਲਿਖ ਕੇ ਪੰਜਾਬੀ ਸਾਹਿਤ ਵਿਚ ਮਾਣਯੋਗ ਸਥਾਨ ਹਾਸਲ ਕਰੇਗੀ ।

ਅਤਰਜੀਤ ਕੌਰ ਸੂਰੀ

*****


Academy of the Punjab in North America: http://www.apnaorg.com

## ਸ਼ੁਭ ਆਗਮਨ

ਹਥਲੀ ਪੁਸਤਕ 'ਔਖੇ ਘੁੱਟ' ਜਸਬੀਰ ਕੌਰ ਦਾ ਦੂਸਰਾ ਕਹਾਣੀ ਸੰਗ੍ਰਿਹ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਸਾਹਿਤ ਨੂੰ ਕਹਾਣੀਆਂ ਦੀ ਇਕ ਪੁਸਤਕ 'ਬਿਗਾਨਾ ਆਲ੍ਹਣਾ' ਭੇਟ ਕਰ ਚੁੱਕੀ ਹੈ। ਜਸਬੀਰ ਕੌਰ ਇਕ ਚੇਤੰਨ ਕਹਾਣੀਕਾਰ ਹੈ। ਉਸਦੀਆਂ ਰਚਨਾਵਾਂ ਦੀ ਅਨੁਭਵ ਸਾਮਗ੍ਰੀ ਉਸ ਦੇ ਨੇੜੇ ਆਲੇ ਦੁਆਲੇ ਵਿਚ ਵਾਪਰਨ ਵਾਲੀਆਂ ਸਾਧਾਰਣ ਘਟਨਾਵਾਂ ਹੁੰਦੀਆਂ ਹਨ ਪਰ ਉਸਦੀ ਪ੍ਰਚੰਡ ਚੇਤਨਾ ਇਨ੍ਹਾਂ ਦੇ ਅਸਾਧਾਰਣ ਅਰਥਾਂ ਨੂੰ ਧਿਆਨ ਗੋਚਰੇ ਕਰ ਦਿੰਦੀ ਹੈ ਜਿਵੇਂ ਇਸ ਪੁਸਤਕ ਦੀ ਕਹਾਣੀ 'ਮੇਰੀ ਜਮਾਤ ਦੀ ਸਭ ਤੋਂ ਲਾਇਕ ਲੜਕੀ' ਵਿਚ ਦੋ ਸਹੇਲੀਆਂ ਦਾ ਪਲੇਟਫਾਰਮ ਉਤੇ ਮਿਲਾਪ ਅਤੇ ਸੁਖ ਸਾਂਦ ਦੀ ਪੁਛਗਿਛ ਦਾ ਵਾਰਤਾਲਾਪ ਹੈ। ਪਰ ਇਸ ਦੇ ਅੰਤ ਵਿਚ ਸੁਨੀਤਾ ਦੇ ਇਕ ਵਾਕ ਦਾ ਉਚਾਰ ਹੀ ਛੋਟੀ ਉਮਰ ਦੇ ਵਿਆਹ ਦੀਆਂ ਹਾਨੀਆਂ ਦੇ ਤੱਥਾਂ ਦਾ ਸੰਕੇਤ ਕਰ ਜਾਂਦਾ ਹੈ ਜਿਸ ਦੇ ਵੇਰਵੇ ਸੁਨੀਤਾ ਦੇ ਅਵਚੇਤਨ ਵਿਚ ਪਏ ਹੋਏ ਹਨ।

ਪੁਸਤਕ ਦੀਆਂ ਅਧਿਕਤਰ ਕਹਾਣੀਆਂ ਨਗਰ ਸੰਸਕ੍ਰਿਤੀ ਨਾਲ ਸੰਬੰਧਤ ਹਨ ਅਤੇ ਨਾਰੀ ਕੇਂਦਰਿਤ ਹਨ। 'ਔਖੇ ਘੁੱਟ' ਵਿਚ ਨਾਰੀ ਮਾਂ, ਭੈਣ, ਪਤਨੀ, ਪ੍ਰੇਮਿਕਾ ਅਤੇ ਸੱਸ ਦੇ ਰੂਪ ਵਿਚ ਪੇਸ਼ ਹੋਈ ਹੈ। ਪਰ ਮੁੱਖ ਤੌਰ ਤੇ ਇਹ ਵੰਡ ਨਾਰੀ ਦੀ ਹਾਂ ਮੁਖੀ ਕਾਰਜ ਸ਼ੀਲਤਾ ਅਤੇ ਨਾਂਹ ਮੁਖੀ ਕਾਰਜਸ਼ੀਲਤਾ ਦੇ ਰੂਪ ਦੀ ਬਣਦੀ ਹੈ। ਲੇਖਿਕਾ ਨਾਰੀ ਦੀ ਹੋਂਦ, ਮਹੱਤਵ, ਸਮਸਿਆਵਾਂ ਅਤੇ ਕਾਰਜਸ਼ੀਲਤਾ ਦੇ ਪੱਖਾਂ ਦਾ ਪ੍ਰਕਾਸ਼ਨ ਕਰਨ ਵਲ ਰੁਚਿਤ ਹੈ। ਪੁਸਤਕ ਵਿਚ ਹਾਂ ਪੱਖੀ ਕਾਰਜਸ਼ੀਲਤਾ ਦੀਆਂ ਪ੍ਰਤਿਨਿਧ ਉਹ ਨਾਰੀਆਂ ਹਨ ਜੋ ਸੁਖੀ ਦੰਪਤੀ ਜੀਵਨ ਅਤੇ ਪਰਿਵਾਰ ਦੇ ਸੁੱਖ ਦੀ ਕਾਮਨਾ ਕਰਦਿਆਂ ਹਿੰਮਤ, ਹੌਂਸਲੇ ਅਤੇ ਸਬਰ ਨਾਲ ਕੋਈ ਸੁਖਾਵਾਂ ਰਾਹ ਲੱਭ ਲੈਂਦੀਆਂ ਹਨ ਜਿਵੇਂ 'ਲਗਨ' ਕਹਾਣੀ ਦੀ ਨਾਇਕਾ ਪ੍ਰਾਪਤ ਪਰਿਵਰਤਨ ਸਥਿਤੀ ਵਿਚ ਉਲਝਣ ਨਾਲੋਂ ਆਪਣੇ ਮਨ ਦੀ ਤਵਜੋਂ ਬਦਲ ਕੇ ਗੁਰਬਾਣੀ ਕੀਰਤਨ ਸੁਣਨ ਤੇ ਸਿੱਖਣ ਵਲ ਲਾ ਦਿੰਦੀ ਹੈ। 'ਪਿਆਰ ਇਕ ਲਿਲੀ ਦਾ ਫੁੱਲ' ਵਿਚਲੀ ਰਜਨੀ ਪਿਆਰ ਦੀ ਥਾਂ ਫਰਜ ਨੂੰ ਤਰਜੀਹ ਦਿੰਦੀ ਹੈ ਤੇ 'ਸੰਜੋਗ' ਦੀ ਮੰਜੂ ਸ਼ਰੀਫ ਮਾਪਿਆਂ ਦੇ ਬੇਕਸੂਰ ਦੁਹਾਜੂ ਲੜਕੇ ਨਾਲ ਸ਼ਾਦੀ ਕਰਾਉਣ ਦਾ ਫੈਸਲਾ ਸੁਣਾ ਦਿੰਦੀ ਹੈ। ਜਸਬੀਰ ਕੌਰ ਦੇ ਘੜੇ ਅਧਿਕਤਰ ਪਾਤਰ ਆਦਰਸ਼ਕ ਕਦਰਾਂ ਕੀਮਤਾਂ ਨਾਲ ਪਰਨਾਏ ਹੋਏ ਹਨ।

ਪੁਸਤਕ ਵਿਚ ਨਾਰੀ ਦਾ ਨਾਂਹ ਪੱਖੀ ਰਵਈਆ ਵੀ ਪ੍ਰਸਤੁਤ ਹੋਇਆ ਹੈ ਜੋ ਜਾਂ ਤਾਂ ਅਜੋਕੇ ਸਮੇਂ ਦੀਆਂ ਬਦਲੀਆਂ ਕੀਮਤਾਂ ਤੋਂ ਪ੍ਰਭਾਵ ਗ੍ਰਹਿਣ ਕਰਕੇ ਹੋਂਦ ਵਿਚ ਆਉਂਦਾ ਹੈ ਜਾਂ ਮਰਦ ਪ੍ਰਧਾਨ ਸਮਾਜ ਦੀਆਂ ਵਧੀਕੀਆਂ ਦੀ ਚੁਣੌਤੀ ਦੇ ਪ੍ਰਤਿਕਰਮ


Academy of the Punjab in North America: http://www.apnaorg.com

ਵਜੋਂ ਉਜਾਗਰ ਹੁੰਦਾ ਹੈ। 'ਮਾਂ ਦੇ ਨਾਂ ਖਤ' ਅਤੇ 'ਦਾਜ ਦੀ ਬਲੀ' ਦੀਆਂ ਨਾਇਕਾਵਾਂ ਦਾ ਰਵਈਆ ਅਜੋਕੀਆਂ ਕੀਮਤਾਂ ਤੋਂ ਪ੍ਰਭਾਵਤ ਗਲਤ ਹਉਂ ਤੋਂ ਪ੍ਰੇਰਿਤ ਹੈ। ਮਰਦ ਵਰਗ ਵੀ ਹਉਂ ਪ੍ਰੇਰਿਤ ਹੋ ਕੇ ਮਨਮਾਨੀਆਂ ਕਰਦਾ ਹੈ। ਕਈ ਕਹਾਣੀਆਂ ਇਸ ਵਿਹਾਰ ਨੂੰ ਪ੍ਰਗਟ ਕਰਦੀਆਂ ਹਨ। ਇਹ ਰੁਚੀ ਇਕ ਡੂੰਘੇ ਸੱਚ ਜੋ ਮਾਪਿਆਂ ਤੇ ਸੰਤਾਨ ਦੇ ਰਿਸ਼ਤੇ ਦਾ ਪਰਿਵਾਰਕ ਅਤੇ ਸਮਾਜਕ ਸੱਚ ਹੈ ਨੂੰ ਪਕੜਨ ਤੇ ਪਛਾਨਣ ਨਹੀਂ ਦਿੰਦੀ ਜਿਸਦੇ ਫਲਸਰੂਪ ਪਰਿਵਾਰਕ ਤ੍ਰੇੜਾਂ ਵਧਦੀਆਂ ਹਨ ਅਤੇ ਪਰਿਵਾਰ ਟੁੱਟਦੇ ਹਨ। ਇਨ੍ਹਾਂ ਦੋਹਾਂ ਕਹਾਣੀਆਂ ਵਿਚ ਨਾਰੀ ਦੀ ਬਦਲਾ ਲਊ ਭਾਵਨਾ ਪ੍ਰਮੁੱਖ ਹੈ। ਪਰ ਲੇਖਿਕਾ ਦੀ ਡੂੰਘੀ ਨੀਝ ਤੋਂ ਮਾਂ ਤੇ ਬੱਚੇ ਦੇ ਨਿਕਟ ਰਿਸ਼ਤੇ ਦਾ ਪ੍ਰਕਿਰਤਕ ਸੱਚ ਲੁਕਿਆ ਨਹੀਂ ਰਹਿੰਦਾ। ਮਾਂ ਬੱਚੇ ਦਾ ਖਤ ਰਾਹੀਂ ਸੰਵਾਦ ਹੈ ਮਾਂ ਮੂਕ ਧਿਰ ਹੈ ਬੱਚਾ ਮਾਂ ਨੂੰ ਸੰਬੋਧਿਤ ਹੋ ਕੇ ਇਸ ਰਿਸ਼ਤੇ ਵਿਚਲੇ ਨਿੱਘ, ਮੋਹ, ਪਰਸਪਰ ਪਿਆਰ, ਨਿਰਭਰਤਾ ਅਤੇ ਇਸ ਪਿਆਰ ਦੇ ਵਿਲੱਖਣ ਰੂਪ ਨੂੰ ਜਦੋਂ ਆਪਣੀ ਕੋਮਲ ਭਾਸ਼ਾ ਵਿਚ ਪਰਿਭਾਸ਼ਤ ਕਰਦਾ ਹੈ ਤਾਂ ਕਹਾਣੀ ਦੀ ਸ਼ੈਲੀ ਦੁਖਦ ਅਤੇ ਕਰੁਣਾਮਈ ਹੋ ਜਾਂਦੀ ਹੈ। ਰਚਨਾ ਵਿਚ ਪੇਸ਼ ਕਰੁਣਾ ਨਾਲ ਗੜੂੰਦ ਪਾਠਕ ਇਸ ਸਮੱਸਿਆ ਦੇ ਸਮਾਧਾਨ ਦੀ ਸੋਚ ਨਾਲ ਤੁਰ ਪੈਂਦਾ ਹੈ। ਬੱਚੇ ਦੇ ਸੰਬੋਧਨੀ ਸ਼ਬਦ ਬਿਰਤਾਂਤ ਨੂੰ ਸਾਹਿਤ ਨਿਆਂ ਦੇ ਸਿਧਾਂਤ ਵਿਚ ਵੀ ਢਾਲਦੇ ਪ੍ਰਤੀਤ ਹੁੰਦੇ ਹਨ ਜਦ ਉਹ ਮਾਂ ਦੇ ਵਿਛੋੜੇ ਦੀ ਵੇਦਨਾ ਪ੍ਰਗਟ ਕਰਦਾ ਹੈ ਜਿਵੇਂ : "ਮਾਂ ਤੂੰ ਮੈਨੂੰ ਛੱਡ ਕੇ ਕਿਧਰ ਚਲੀ ਗਈ ਹੈਂ ਆਉਂਦੀ ਕਿਉਂ ਨਹੀਂ ਪਈ ? ਦਾਦੀ ਪਾਸ ਤਾਂ ਮੈਂ ਥੋਹੜੇ ਚਿਰ ਤੋਂ ਆਇਆ ਸਾਂ। ਮੈਂ ਤਾਂ ਜਨਮ ਤੋਂ ਹੀ ਤੇਰੀ ਗੋਦ ਵਿਚ ਦੁੱਧ ਪੀਂਦਾ ਤੇ ਸੌਂਦਾ ਆਇਆ ਹਾਂ ਤੂੰ ਮੈਨੂੰ ਬਹੁਤ ਯਾਦ ਆਉਂਦੀ ਏਂ, ਕੀ ਮੈਂ ਤੈਨੂੰ ਕਦੀ ਯਾਦ ਨਹੀਂ ਆਇਆ ?"

ਸਮਾਜਕ ਸੱਚ ਮਨੁੱਖ ਅਤੇ ਸਮਾਜ ਦੀ ਆਪਣੀ ਸਿਰਜਨਾ ਹੁੰਦੀ ਹੈ ਜੋ ਵਿਭਿੰਨ ਵਿਸ਼ਵਾਸ਼ਾਂ ਅਤੇ ਵਿਵਿਹਾਰ ਵਿਚ ਘੜੇ ਜਾਂਦੇ ਹਨ। ਇਸ ਵਿਚ ਹੀ ਸ਼ਾਮਲ ਹਨ ਮਨੁੱਖੀ ਭੇਦ ਭਾਵ ਭ੍ਰਿਸ਼ਟਾਚਾਰ ਦਿਖਾਵਾ ਪਾਖੰਡ ਆਡੰਬਰ ਅਤੇ ਵੱਖ ਵੱਖ ਵਰਜਨਾਵਾਂ ਜੋ ਮਨੁੱਖੀ ਸੋਚ ਨੂੰ ਗ੍ਰਹਿਣ ਦਿੰਦੀਆਂ ਹਨ। 'ਔਖੇ ਘੁੱਟ' ਦਾ ਹਰੇਕ ਪਾਤਰ ਇਨ੍ਹਾਂ ਸਮਾਜਕ ਬੰਧਨਾਂ, ਭ੍ਰਿਸ਼ਟ ਸਮਾਜਕ ਪ੍ਰਸਥਿਤੀਆਂ ਅਤੇ ਆਡੰਬਰੀ ਸੋਚ ਦੇ ਅੰਤਰਗਤ ਦੁਖ ਹੰਢਾਉਣ ਲਈ ਬੇਬਸ ਹੈ। ਪ੍ਰਾਕਿਰਤਕ ਸੱਚ ਜੋ ਮਰਦ ਇਸਤ੍ਰੀ ਦੀ ਕੁਦਰਤੀ ਖਿੱਚ ਦਾ ਸੱਚ ਹੈ ਤੇ ਵਿਆਹ ਦੁਆਰਾ ਨੇਮਬਧ ਹੋ ਕੇ ਸਾਰੀ ਰਿਸ਼ਤਾ ਨਾਤਾ ਪ੍ਰਣਾਲੀ ਦਾ ਪਸਾਰਾ ਕਰਦਾ ਹੈ ਇਸ ਪੁਸਤਕ ਵਿਚ ਕਿਤੇ ਪਰਵਾਨ ਨਹੀਂ ਚੜ੍ਹਿਆ ਕਿਉਂਕਿ ਅਜੇ ਮਨੁੱਖ ਪੂੰਜੀਵਾਦੀ ਕੀਮਤਾਂ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਨਹੀਂ ਦੇ ਸਕਿਆ। ਜਾਤ ਪਾਤ ਤੇ ਕਾਨੂੰਨ ਦੀਆਂ ਹੱਦਾਂ ਬੰਨੇ ਬਲਵਾਨ ਹਨ। 'ਕਾਨੂੰਨ ਦੀ ਦੀਵਾਰ' ਵਿਚ ਗੁਰਮੀਤ ਅਤੇ ਸੁੱਖੀ ਇਕ ਦੂਸਰੇ ਨਾਲ ਪਿਆਰ ਅਤੇ ਪਛਾਣ ਦਾ ਰਿਸ਼ਤਾ ਸਥਾਪਤ ਕਰਦੇ ਵੀ ਜੀਵਨ ਸਾਥ ਵਿਚ ਨਹੀਂ ਬਝ ਸਕਦੇ ਕਿਉਂਕਿ ਉਨ੍ਹਾਂ ਦੇ ਰਾਹ ਵਿਚ ਹੱਦਾਂ ਬਾਧਿਕ ਬਣ ਗਈਆਂ ਹਨ। ਸਮਾਜਕ ਬੰਧਨ, ਮਨੁੱਖ ਦੀ ਅਭਿਮਾਨੀ ਰੁਚੀ ਤੇ ਪਿਤਰੀ ਮੂਲਕ ਕੀਮਤਾਂ ਦੇ ਪ੍ਰਸਾਰ ਕਾਰਣ ਸਮਾਜ ਦੀ ਹਰ ਨੁੱਕਰ ਵਿਚ ਦੁੱਖ, ਦਰਦ, ਸਹਿਮ ਅਤੇ ਅਵਿਸ਼ਵਾਸ਼ ਦੀ ਪਸਰੀ ਭਾਵਨਾ ਨੂੰ ਇਹ ਲੇਖਿਕਾ ਹਰ ਬਿਰਤਾਂਤ ਵਿਚ ਧਿਆਨ ਗੋਚਰਾ ਕਰਦੀ ਹੈ। ਜ 'ਫੂਹੜੀ ਦਾ ਮੁੱਲ' ਵਿਚਲਾ ਬਸੰਤਾ ਰੋਟੀ ਦੇ ਟੁੱਕਰ ਨੂੰ ਤਰਸਦਾ ਹੈ ਤੇ ਜੀਉਂਦੇ ਜੀ ਦੁੱਖ


Academy of the Punjab in North America: http://www.apnaorg.com

ਭੋਗਦਾ ਹੈ ਪਰ ਮਰਨ ਉਪਰੰਤ ਉਸਦੇ ਪੁੱਤਰਾਂ ਅਤੇ ਨੂੰਹਾਂ ਨੇ ਮਰਨ ਦੀਆਂ ਰਸਮਾਂ ਲੋਕ ਦਿਖਾਵੇ ਲਈ ਵੱਧ ਚੜ ਕੇ ਨਿਭਾਈਆਂ ਤਾਂ 'ਮਿਸਿਜ਼ ਯੂਨੀਵਰਸ' ਦੀ ਨਾਇਕਾ ਸੰਤੀ ਵੀ ਪਤੀ ਅਤੇ ਪੁੱਤਰਾਂ ਦੀ ਹਉਂ ਦੀ ਸਤਾਈ ਜੀਉਂਦਿਆਂ ਮਾਨਸਿਕ ਤਵਾਜ਼ਨ ਖੋ ਬੈਠਦੀ ਹੈ। ਵਧੇਰੇ ਘਰਾਂ ਵਿਚ ਮਰਦ ਦੀ ਹਉਂ ਤੇ ਇਸਤ੍ਰੀ ਦਾ ਅੱਖੜ ਰਵਈਆ ਨਿਰੰਤਰ ਟਕਰਾਉਂਦੇ ਹਨ ਤੇ ਦੁਖ ਕਲੇਸ਼ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਜਸਬੀਰ ਕੌਰ ਕੋਲ ਇਕ ਨਰੋਈ ਸੋਚ ਹੈ, ਦ੍ਰਿੜ੍ਹਤਾ ਹੈ। ਉਸਦੀ ਬੇਬਾਕ ਸ਼ੈਲੀ ਸਮਾਜ ਦੇ ਕੋਹਝੇ ਪੱਖਾਂ ਨੂੰ ਨੰਗਾ ਕਰਦੀ ਹੈ ਤੇ ਨੇਕੀ, ਸਾਦਗੀ, ਸਚਾਈ, ਸਮਾਜ ਸੇਵਾ ਅਤੇ ਸੂਛ ਵਹਿਮਾਂ ਭਰਮਾਂ ਤੋਂ ਰਹਿਤ ਕੀਮਤਾਂ ਦੀ ਗੱਲ ਉਚੀ ਸੁਰ ਵਿਚ ਕਰਦੀ ਹੈ। 'ਇਮਤਿਹਾਨ' ਕਹਾਣੀ ਵਿਚ ਉਹ ਗੈਰ ਜਿੰਮੇਵਾਰ ਅਧਿਆਪਕਾਂ ਅਤੇ ਅਖੋਤੀ ਸਮਾਜ ਸੇਵਕਾਂ ਦੇ ਸਨਮਾਨ ਉਤੇ ਕਰਾਰੀ ਚੋਟ ਕਰਦੀ ਹੈ। ਅਮਰ ਸਿੰਘ ਵਰਗੇ ਦਾਨੀ ਅਤੇ ਸਮਾਜ ਸੇਵੀ ਅਧਿਆਪਕ ਜੋ ਪ੍ਰਾਪਤ ਸੰਪਤੀ ਨੂੰ ਲੋਕਾਂ ਦੇ ਭਲੇ ਦੇ ਕਾਰਜਾਂ ਵਲ ਲਾ ਦਿੰਦੇ ਹਨ ਨੂੰ ਜਸਬੀਰ ਕੌਰ ਨੇ ਦਲੇਰੀ ਨਾਲ ਰੋਲ ਮਾਡਲ ਵਜੋਂ ਉਭਾਰਿਆ ਹੈ। ਉਸਦੀਆਂ ਕਹਾਣੀਆਂ ਮਾਨਵ ਹਿਤੈਸ਼ੀ ਹਨ। ਕਿਸੇ ਵੀ ਇਸਤ੍ਰੀ ਜਾਂ ਮਰਦ ਦੀ ਦੁਖਦੀ ਰਗ ਉਸਦੀ ਰਚਨਾ ਦਾ ਪ੍ਰੇਰਨਾ ਸ੍ਰੋਤ ਬਣਦੀ ਹੈ।

ਇਹ ਕਹਾਣੀ ਸੰਗ੍ਰਹਿ ਸਮਾਜਕ ਪ੍ਰਬੰਧ ਦੇ ਧੁਰ ਅੰਦਰ ਪਸਰੀਆਂ ਰੁਚੀਆਂ ਅਤੇ ਵਿਵਿਹਾਰ ਨੂੰ ਵਿਗਿਆਨਕ ਸੋਚ ਨਾਲ ਬਦਲਣ ਲਈ ਇਕ ਵੱਡਾ ਹੱਲਾ ਮਾਰਨ ਲਈ ਤਿਆਰ ਵੀ ਕਰਦਾ ਹੈ। ਇਸ ਦੀਆਂ ਸਾਰੀਆਂ ਕਹਾਣੀਆਂ ਦੇ ਅਧਿਐਨ ਉਪਰੰਤ ਮੇਰੀ ਇਹ ਧਾਰਨਾ ਹੈ ਕਿ ਇਹ ਪੁਸਤਕ ਖੰਡਿਤ ਹੋ ਰਹੇ ਰਿਸ਼ਤਿਆਂ ਅਤੇ ਦਿਨ ਬਦਿਨ ਨਿਘਰ ਰਹੀ ਸਮਾਜਕ ਵਿਵਸਥਾ ਦਾ ਮਾਰਗ ਦਰਸ਼ਨ ਕਰਨ ਦੇ ਸਮਰੱਥ ਹੈ ਅਤੇ ਇਸ ਦੀ ਕਰਤਾ ਜਸਬੀਰ ਕੌਰ ਵਧਾਈ ਦੀ ਹੱਕਦਾਰ ਹੈ।

*ਇਕਬਾਲ ਕੌਰ (ਡਾ.)*
ਪ੍ਰੋਫੈਸਰ (ਰਿਟਾਇਰਡ)
ਭਗਤ ਨਾਮਦੇਵ ਚੇਅਰ
ਗੁਰੂ ਨਾਨਕ ਦੇਵ ਯੂਨੀਵਰਸਟੀ
ਅੰਮ੍ਰਿਤਸਰ।

*****


Academy of the Punjab in North America: http://www.apnaorg.com

# ਮਾਂ ਦੇ ਨਾਂ ਖ਼ਤ

ਮਾਂ, ਤੂੰ ਮੈਨੂੰ ਕਿੰਨਾ ਪਿਆਰ ਕਰਦੀ ਸੀ, ਲਾਡ ਕਰਦੀ ਸੀ, ਮੈਨੂੰ ਹਸਾਉਂਦੀ ਸੀ, ਲੁਕਣਮੀਚੀ ਖੇਡਦੀ ਸੀ । ਮੇਰੀ ਮਾਲਸ਼ ਕਰਦੀ ਸੀ । ਮੇਰੀਆਂ ਲੱਤਾਂ ਬਾਹਵਾਂ ਨੂੰ ਉੱਪਰ ਹੇਠਾਂ ਕਰਕੇ ਕਸਰਤ ਕਰਵਾਉਂਦੀ ਸੀ । ਫਿਰ ਮੈਨੂੰ ਨਹਾਉਂਦੀ ਸੀ, ਕਪੜਿਆਂ ਨਾਲ ਸਜਾਉਂਦੀ ਸੀ । ਮੇਰੇ ਕਪੜੇ ਤਾਂ ਤੈਨੂੰ ਦਿਹਾੜੀ 'ਚ ਕਈ ਵਾਰ ਬਦਲਨੇ ਪੈਂਦੇ ਸਨ ਤੇ ਧੋਣੇ ਪੈਂਦੇ ਸਨ ਕਿਉਂਕਿ ਮੈਂ ਕਈ ਵਾਰੀ ਸੂ ਸੂ ਪੋਟੀ ਕਪੜਿਆਂ ਵਿਚ ਹੀ ਕਰ ਦਿੰਦਾ ਸਾਂ ਤੇ ਇਵੇਂ ਤੇਰਾ ਮੂੰਹ ਗੁੱਸੇ ਵਾਲਾ ਵੀ ਹੋ ਜਾਂਦਾ ਅਤੇ ਮੈਨੂੰ ਗੁੱਸੇ ਤੇ ਪਿਆਰ ਨਾਲ ਇਕ ਦੋ ਲਾ ਵੀ ਦਿੰਦੀ । ਪਰ ਮੈਂ ਕੀ ਕਰਦਾ, ਮੈਂ ਛੋਟਾ ਬੱਚਾ ਸੀ । ਮੈਂ ਬਿਸਤਰਾ ਵੀ ਭਿਉਂ ਦਿੰਦਾ ਸਾਂ ਤੇ ਇਵੇਂ ਤੂੰ ਚਾਦਰਾਂ ਖੇਸ ਧੋਂਦੀ ਥੱਕ ਜਾਂਦੀ, ਪਰ ਮੇਰੀ ਮੁਸਕਾਨ ਹੀ ਤੇਰੀ ਸਾਰੀ ਥਕਾਵਟ ਲਾਹ ਦਿੰਦੀ ।

ਜਦ ਤੂੰ ਆਪ ਨਹਾਉਣ ਲੱਗਦੀ ਜਾਂ ਰੋਟੀ ਆਦਿ ਪਕਾਉਣ ਲੱਗਦੀ ਤਾਂ ਮੈਨੂੰ ਇਕੱਲਿਆਂ ਮੰਜੇ 'ਤੇ ਪਾ ਕੇ ਚਲੀ ਜਾਂਦੀ । ਮੈਨੂੰ ਲੱਗਦਾ ਕਿ ਮੈਂ ਇਕੱਲਾ ਰਹਿ ਗਿਆ ਹਾਂ । ਮੈਨੂੰ ਡਰ ਲੱਗਣ ਲੱਗਦਾ ਕਿ ਮੇਰੀ ਮਾਂ ਮੈਥੋਂ ਦੂਰ ਹੋ ਗਈ ਹੈ ਤਾਂ ਮੈਂ ਰੋਣ ਲੱਗ ਜਾਂਦਾ । ਫਿਰ ਤੈਨੂੰ ਕਈ ਵਾਰ ਮੈਨੂੰ ਚੁੱਕ ਕੇ ਵੀ ਕੰਮ ਕਰਨਾ ਪੈਂਦਾ । ਇੰਜ ਮੈਨੂੰ ਬਹੁਤ ਮਜ਼ਾ ਆਉਂਦਾ ਪਰ ਥੋੜ੍ਹੀ ਦੇਰ ਬਾਅਦ ਹੀ ਤੂੰ ਮੈਨੂੰ ਫਿਰ ਲਿਟਾ ਦਿੰਦੀ । ਕਈ ਵਾਰ ਤਾਂ ਮੈਂ ਸੌਂ ਜਾਂਦਾ ਤੇ ਕਈ ਵਾਰ ਬਹੁਤ ਚੀਕ ਚਿਹਾੜਾ ਪਾਉਂਦਾ । ਫਿਰ ਤੈਨੂੰ ਸਭ ਕੰਮ ਬੜੀ ਕਾਹਲੀ ਕਾਹਲੀ ਭੁਗਤਾਉਣੇ ਪੈਂਦੇ ।

ਫਿਰ ਜਦ ਤੂੰ ਵਿਹਲੀ ਹੁੰਦੀ ਤਾਂ ਮੇਰੇ ਨਾਲ ਗੱਲਾਂ ਕਰਦੀ ਪਰ ਮੈਂ ਤੇਰੇ ਮੂੰਹ ਵੱਲ ਹੀ ਦੇਖੀ ਜਾਂਦਾ ਤੇ ਹੱਸੀ ਜਾਂਦਾ । ਫਿਰ ਮੈਂ ਊ---ਊ---ਆ---ਆ---ਪਾ---ਕਾ---ਆਦਿ ਲਫਜ਼ ਬੋਲਣ ਲੱਗਾ ਤੇ ਹੌਲੀ ਹੌਲੀ ਇਹ ਲਫਜ਼ ਸ਼ਬਦ ਬਣਨ ਲੱਗੇ ਪਾਈ, ਸੂਸੂ-ਦੁਧੁ, ਪਾਪਾ ਆਦਿ ਸੁਣ ਕੇ ਤੂੰ ਕਿੰਨੀ ਖੁਸ਼ ਹੁੰਦੀ ਸੈਂ ਤੇ ਫਿਰ ਮੈਂ ਹੋਰ ਸ਼ਬਦ ਬੋਲਣ ਦੀ ਕੋਸ਼ਿਸ਼ ਕਰਦਾ, ਤੇਰੀ ਨਕਲ ਕਰਦਾ ਤੇ ਦੋ ਦੋ ਸ਼ਬਦ ਵੀ ਕਹਿਣ ਲਗ ਗਿਆ, 'ਦੁੱਧੂ ਪੀਨਾ', 'ਪੋਟੀ ਆਈ' ਆਦਿ ਪਰ ਇਸ ਤੋਂ ਬਾਅਦ ਤੂੰ ਮੈਨੂੰ ਕਿਧਰੇ ਨਹੀਂ ਦਿਸੀ, ਪਤਾ ਨਹੀਂ ਕਿਧਰ ਚਲੀ ਗਈ ।

ਇਹ ਤਾਂ ਮੇਰੀ ਦਾਦੀ ਹੈ, ਜੋ ਮੈਨੂੰ ਸਾਂਭਦੀ ਹੈ । ਤੂੰ ਤਾਂ ਬੜੀ ਸੁਹਣੀ ਜਵਾਨ ਸੈਂ । ਜਦ ਤੂੰ ਆਪਣੀਆਂ ਗੱਲ੍ਹਾਂ ਨਾਲ ਮੇਰੀਆਂ ਗੱਲ੍ਹਾਂ ਲਾਉਂਦੀ ਸੈਂ ਤਾਂ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਸਨ-ਨਰਮ ਤੇ ਮੁਲਾਇਮ, ਇਵੇਂ ਹੀ ਤੇਰੇ ਹੱਥ ਪੈਰ ਸਨ ਤੂੰ ਭੱਜ ਨੱਸ ਕੇ ਸਭ ਕੰਮ ਕਰਦੀ ਸੀ । ਜਦ ਤੂੰ ਆਪਣੇ ਸੰਘਣੇ ਲੰਬੇ ਵਾਲ ਧੋ ਕੇ ਆਉਂਦੀ ਤਾਂ ਮੇਰੇ 'ਤੇ ਖਿਲਾਰ ਕੇ ਝਾਅ ਕਰਦੀ ਤਾਂ ਮੈਨੂੰ ਕਿੰਨਾ ਵਧੀਆ ਲੱਗਦਾ ਸੀ । ਤੂੰ ਮੈਨੂੰ ਚੁੱਕ ਕੇ

Academy of the Punjab in North America: http://www.apnaorg.com

ਕਿੰਨੀ ਕਿੰਨੀ ਦੂਰ ਤੱਕ ਲੈ ਜਾਂਦੀ ਸੈਂ ਪਰ ਮੇਰੀ ਦਾਦੀ ਜਦ ਮੈਨੂੰ ਚੁੱਕਦੀ ਹੈ ਤਾਂ ਕਹਿਣ ਲੱਗ ਜਾਂਦੀ ਹੈ-"ਮੇਰੇ ਗੋਡੇ ਦੁੱਖਦੇ ਹਨ, ਮੈਥੋਂ ਨਹੀਂ ਹੋਰ ਚੁੱਕਿਆ ਜਾਂਦਾ ।" ਤੇ ਜੇ ਚੁੱਕ ਕੇ ਥੋਹੜਾ ਤੁਰ ਵੀ ਲੈਂਦੀ ਹੈ ਤਾਂ ਉਸਨੂੰ ਸਾਹ ਚੜ੍ਹ ਜਾਂਦਾ ਹੈ । ਤੇ ਜਲਦੀ ਨਾਲ ਮੰਜੇ 'ਤੇ ਸੁੱਟ ਕੇ ਆਪ ਬੈਠ ਜਾਂਦੀ ਹੈ । ਤੇ ਜਦ ਮੈਂ ਉਸ ਨਾਲ ਗੱਲਾਂ ਕਰੀ ਜਾਂਦਾ ਹਾਂ, ਸ਼ਰਾਰਤਾਂ ਕਰਦਾ ਹਾਂ, ਬੂਹੇ ਕੁੰਡੇ ਖੜਕਾਉਂਦਾ ਹਾਂ, ਕੋਈ ਭਾਂਡਾ ਡਿੱਗ ਜਾਂਦਾ ਹੈ, ਜਾਂ ਕੋਈ ਚੀਜ ਡੁਲ੍ਹ ਜਾਂਦੀ ਹੈ-"ਦਫਾ ਹੋ ਜਾਹ ਕਿਤੇ, ਸਿਰ ਖਾਂਦਾ ਰਹਿੰਦਾ ਹੈ ਮੇਰਾ ।"

ਦੇਖ ਮੰਮੀ, ਮੈਂ ਤਾਂ ਹੁਣ ਪੋਟੀ ਸੂ ਸੂ ਵੀ ਕੱਛੀ 'ਚ ਨਹੀਂ ਕਰਦਾ । ਮੈਂ ਹੁਣ ਪੂਰੀਆਂ ਗੱਲਾਂ ਕਰਨ ਲੱਗ ਗਿਆ ਹਾਂ । ਪਰ ਤੂੰ ਮੈਨੂੰ ਛੱਡ ਕੇ ਕਿੱਧਰ ਚਲੀ ਗਈ, ਆਉਂਦੀ ਕਿਉਂ ਨਹੀਂ ਪਈ ? ਕੀ ਤੂੰ ਮੇਰੀ ਮੰਮੀ ਨਹੀਂ ਸੀ ? ਕੀ ਮੇਰੀ ਦਾਦੀ ਹੀ ਮੇਰੀ ਮੰਮੀ ਹੈ ? ਪਰ ਨਹੀਂ, ਦਾਦੀ ਪਾਸ ਤਾਂ ਮੈਂ ਥੋਹੜੇ ਚਿਰ ਤੋਂ ਆਇਆ ਹਾਂ । ਮੈਂ ਤਾਂ ਜਨਮ ਤੋਂ ਹੀ ਤੇਰੀ ਆਵਾਜ਼ ਸੁਣਦਾ ਆਇਆ ਹਾਂ । ਤੇਰੀ ਗੋਦ ਵਿਚ ਦੁੱਧ ਪੀਂਦਾ ਤੇ ਸੌਂਦਾ ਆਇਆ ਹਾਂ । ਤੂੰ ਜਿਥੇ ਵੀ ਜਾਂਦੀ ਸੈਂ ਮੈਨੂੰ ਨਾਲ ਹੀ ਲੈ ਕੇ ਜਾਂਦੀ ਸੀ ਜਿਥੇ ਆਪਾਂ ਕਿੰਨਾ ਕਿੰਨਾ ਚਿਰ ਰਹਿੰਦੇ ਸਾਂ । ਤੂੰ ਕਹਿੰਦੀ ਸੀ, "ਇਹ ਤੇਰੇ ਮਾਸੀ ਜੀ ਨੇ--ਇਹ ਨਾਨੀ ਹੈ--ਨਾਨਾ ਹੈ, ਇਹ ਵੱਡਾ ਮਾਮਾ ਹੈ । ਛੋਟਾ ਮਾਮਾ ਮੈਨੂੰ ਬਹੁਤ ਖਿਡਾਉਂਦਾ ਸੀ । ਸਾਰੇ ਹੀ ਮੈਨੂੰ ਬਹੁਤ ਪਿਆਰ ਕਰਦੇ ਸਨ । ਉਥੇ ਤੂੰ ਵੀ ਬਹੁਤ ਖੁਸ਼ ਤੇ ਕਿਲਕਾਰੀਆਂ ਮਾਰ ਕੇ ਹੱਸਦੀ ਸੀ ਤੇ ਸਭ ਨੂੰ ਗਲਵੱਕੜੀ ਪਾ ਕੇ ਮਿਲਦੀ ਹੁੰਦੀ ਸੀ । ਪਰ ਮੇਰੇ ਪਾਪਾ ਪਾਸ ਤੇ ਮੇਰੇ ਦਾਦਾ ਦਾਦੀ ਘਰ ਤੂੰ ਬਹੁਤੀ ਖੁਸ਼ ਨਹੀਂ ਸੀ ਹੁੰਦੀ । ਇਥੇ ਤੇਰਾ ਮੂੰਹ ਹਮੇਸ਼ਾਂ ਸੁੱਜਿਆ ਜਿਹਾ, ਚੁੱਪ ਉਦਾਸ ਤੇ ਗੁੱਸੇ ਵਾਲਾ ਹੁੰਦਾ ਸੀ ।

ਤੂੰ ਮੇਰੇ ਪਾਪਾ ਦੀ ਗਲ ਕਦੇ ਵੀ ਨਾ ਸੀ ਮੰਨਦੀ ਪਰ ਆਪਣੀ ਮੰਨਵਾ ਕੇ ਛਡਦੀ ਸੈਂ । ਮੇਰੇ ਪਾਪਾ ਬਹੁਤ ਘੱਟ ਬੋਲਦੇ ਸਨ, ਜਿਆਦਾ ਤੂੰ ਹੀ ਬੋਲਦੀ ਰਹਿੰਦੀ ਸੈਂ । ਜਦ ਵੀ ਉਹ ਕੰਮ ਤੋਂ ਆਉਂਦੇ, ਤੂੰ ਕੋਈ ਸ਼ਿਕਾਇਤ ਕਰਦੀ ਹੀ ਰਹਿੰਦੀ, ਕੁਝ ਨਾ ਕੁਝ ਸਿਖਾਉਂਦੀ ਹੀ ਰਹਿੰਦੀ । ਤੂੰ ਚਾਹੁੰਦੀ ਕਿ ਹਰ ਕੰਮ ਵਿਚ ਤੇਰੇ ਡੈਡੀ ਹੀ ਸ਼ਾਮਲ ਹੋਣ, ਉਹ ਹੀ ਇਥੇ ਆਉਂਦੇ ਰਹਿਣ । ਪਰ ਮੇਰੇ ਪਾਪਾ ਦੇ ਮੰਮੀ ਡੈਡੀ ਆਉਣ ਉਪਰ ਤੇਰੇ ਮੱਥੇ ਤਿਊੜੀਆਂ ਉਭਰ ਆਉਂਦੀਆਂ । ਤੇਰੇ ਪੇਕਿਆਂ ਵੱਲੋਂ ਕੋਈ ਆਉਂਦਾ ਤਾਂ ਤੂੰ ਉਹਨਾਂ ਦੇ ਅੱਗੇ ਪਿੱਛੇ ਭੱਜੀ ਫਿਰਦੀ, ਉਹਨਾਂ ਦੀ ਆਓ ਭਗਤ ਕਰਦੀ । ਤੇਰੇ ਮੰਮੀ ਜਦ ਕੋਈ ਕੰਮ ਕਰਦੇ ਤਾਂ ਤੂੰ ਉਹਨਾਂ ਦੇ ਹੱਥੋਂ ਖੋਹ ਲੈਂਦੀ, "ਨਹੀਂ, ਤੁਸੀਂ ਰਹਿਣ ਦਿਓ, ਮੈਂ ਆਪੇ ਕਰ ਲਵਾਂਗੀ । ਕਦੇ ਅਰਾਮ ਵੀ ਕਰ ਲਿਆ ਕਰੋ ।"

ਤੇ ਮੇਰੀ ਦਾਦੀ ਕੰਮ ਕਰਦੀ ਰਹਿੰਦੀ, ਤੂੰ ਕਦੇ ਵੀ ਕੁਝ ਨਾ ਕਹਿੰਦੀ । ਨਾ ਕੋਈ ਉਹਨਾਂ ਦੇ ਖਾਣ ਪੀਣ ਵਿਚ ਉਚੇਚ ਕਰਦੀ । ਭਲਾ ਏਨਾਂ ਫਰਕ ਕਿਉਂ ? ਦਾਦੀ ਵਾਲੇ ਪਾਸੇ ਇੰਨੀ ਨਫਰਤ ਕਿਉਂ ? ਕੀ ਉਹ ਬੰਦੇ ਨਹੀਂ ਹਨ ? ਹੁਣ ਜਦ ਤੂੰ ਮੈਨੂੰ ਇੱਥੇ ਛੱਡ ਗਈ ਏਂ ਤਾਂ ਪਤਾ ਉਹ ਮੈਨੂੰ ਕਿੰਨਾ ਪਿਆਰ ਕਰਦੇ ਨੇ । ਮੇਰੀ ਦਾਦੀ ਤਾਂ ਸਭ ਨਾਲ ਖੁਸ਼ ਰਹਿੰਦੀ ਹੈ । ਤੈਨੂੰ ਵੀ ਤਾਂ ਪਿਆਰ ਕਰਦੀ ਹੁੰਦੀ ਸੀ । ਪਤਾ ਨਹੀਂ ਤੂੰ ਦੋ ਤਰ੍ਹਾਂ ਦੀ ਕਿਵੇਂ ਹੋ ਗਈ । ਜਿਸ ਘਰ ਵਿਚ ਰਹਿਣਾ ਉਸੇ ਘਰਦਿਆਂ ਨਾਲ ਵੈਰ ਰੱਖਣਾ । ਜਦ ਕਦੇ ਮੈਂ ਕਿਸੇ ਨਾਲ ਲੜਦਾ ਜਾਂ ਗੁੱਸੇ ਨਾਲ ਬੋਲਦਾ ਤਾਂ ਤੂੰ ਮੈਨੂੰ ਡਾਂਟਦੀ ਪਰ ਤੂੰ ਆਪ ਖੁਦ ਇਵੇਂ ਹੀ ਕਰਦੀ ਸੀ ।

Academy of the Punjab in North America: http://www.apnaorg.com

ਪਾਪਾ ਤੇਰੇ ਨਾਲ ਕੋਈ ਗਲ ਕਰਦੇ ਤਾਂ ਤੂੰ ਇਕ ਦੀਆਂ ਦਸ ਸੁਣਾਉਂਦੀ ਜਾਂ ਰੁਸ ਕੇ ਮੰਜੀ 'ਤੇ ਪੈ ਜਾਂਦੀ ਕਿ "ਮੇਰਾ ਸਿਰ ਦੁੱਖਦਾ ਹੈ" ਜਾਂ ਘਰੋਂ ਨਿਕਲ ਜਾਂਦੀ। ਕੀ ਗੁੱਸੇ ਹੋਣ ਦੇ ਹੱਕ ਸਿਰਫ ਤੈਨੂੰ ਹੀ ਹਨ ?

ਜਦ ਤੂੰ ਮੇਰੇ ਪਾਪਾ ਨੂੰ ਝਿੜਕਦੀ ਤਾਂ ਇੰਜ ਦਾ ਉਹ ਕੁਝ ਵੀ ਨਾ ਕਰਦੇ, ਸਿਰਫ ਚੁੱਪ ਹੋ ਜਾਂਦੇ। ਕਈ ਵਾਰ ਘਰ ਦੀਆਂ ਵਸਤਾਂ ਜਿਸਦੀ ਅਜੇ ਬਹੁਤੀ ਲੋੜ ਨਾ ਹੁੰਦੀ ਤੂੰ ਇਕਦੱਮ ਦੁਆਲੇ ਹੋ ਜਾਂਦੀ ਕਿ "ਇਹ ਹੁਣੇ ਲੈਣੀਆਂ ਹਨ।"

ਪਾਪਾ ਕਹਿੰਦੇ "ਕਿ ਮੇਰੇ ਪਾਸ ਅਜੇ ਪੈਸੇ ਨਹੀਂ ਹਨ, ਫਿਰ ਕਦੇ ਲੈ ਲਵਾਂਗੇ।"

"ਮੈਨੂੰ ਭਾਵੇਂ ਕਿਤੋਂ ਲੈ ਕੇ ਦਿਓ, ਭਾਵੇਂ ਆਪਣੇ ਪਾਪਾ ਪਾਸੋਂ ਮੰਗੋ, ਮੈਂ ਹੁਣੇ ਹੀ ਲੈਣੀਆਂ ਹਨ।" ਤੂੰ ਅੜੀ ਕਰ ਬਹਿੰਦੀ।

ਜਦ ਤੂੰ ਇਕੇਰਾਂ ਸੂਟਕੇਸ ਚੁੱਕ ਕੇ ਬਾਹਰ ਨੂੰ ਤੁਰ ਪਈ ਤਾਂ ਮੈਂ ਰੋਂਦਾ ਰੋਂਦਾ ਤੇਰੇ ਪਿੱਛੇ ਜਾ ਰਿਹਾ ਸਾਂ ਤਾਂ ਮੇਰੇ ਪਾਪਾ ਤੈਨੂੰ ਜਬਰਦਸਤੀ ਘਰ ਲਿਆਏ ਸਨ ਪਰ ਤੂੰ ਜਿੱਦ ਕਰ ਰਹੀ ਸੈਂ ਕਿ ਮੈਂ ਚੱਲੀ ਜਾਣਾ ਹੈ। ਤੇਰੇ ਉਹਨਾਂ ਇਕ ਚਪੇੜ ਲਾ ਦਿੱਤੀ ਸੀ। ਪਰ ਤੂੰ ਅਗਲੇ ਹੀ ਦਿਨ ਮੇਰੇ ਨਾਨਕੇ ਜਾ ਬੈਠੀ ਸੈਂ ਕਿ "ਉਹ ਮੈਨੂੰ ਕੁੱਟਦਾ ਹੀ ਰਹਿੰਦਾ ਹੈ" ਤੂੰ ਉਥੇ ਝੂਠ ਬੋਲਦੀ ਵਧਾ ਚੜ੍ਹਾ ਕੇ ਦੱਸਦੀ। ਪਰ ਆਪਣੇ ਕਸੂਰ ਤੂੰ ਕਦੇ ਵੀ ਨਹੀਂ ਕਿਸੇ ਨੂੰ ਦੱਸੇ। ਮੇਰੇ ਪਾਪਾ ਨੇ ਇਹ ਵੀ ਕਿਹਾ ਸੀ ਕਿ ਤੇਰੇ ਪੇਕੇ ਕਦੇ ਕਦਾਈਂ ਮਿਲਣੇ ਚਾਹੀਦੇ ਹਨ ਤੇ ਤੂੰ ਇਹ ਕਦੇ ਵੀ ਸਵੀਕਾਰ ਨਹੀਂ ਕੀਤਾ ਸੀ।

ਤੇਰਾ ਇੰਜ ਦਾ ਵਤੀਰਾ ਮੈਨੂੰ ਕੀ ਕਿਸੇ ਨੂੰ ਵੀ ਬਿਲਕੁਲ ਚੰਗਾ ਨਹੀਂ ਲੱਗਦਾ। ਇਕ ਵਾਰੀ ਤੂੰ ਪਾਪਾ ਨੂੰ ਕਹਿੰਦੀ ਸੈਂ, "ਕਿ ਜੋ ਮੇਰਾ ਵੀਰਾ ਹੈ, ਤੁਸੀਂ ਕਦੇ ਨਹੀਂ ਹੋ ਸਕਦੇ।" ਤੂੰ ਇਵੇਂ ਮੁਕਾਬਲਾ ਕਿਉਂ ਕਰਦੀ ਸੈਂ ? ਜਦ ਕਿ ਤੂੰ ਆਪ ਕਿਸੇ ਦੀ ਸਿਫਤ ਬਰਦਾਸ਼ਤ ਨਹੀਂ ਕਰ ਸਕਦੀ। ਇਕੇਰਾਂ ਮੇਰੀ ਦਾਦੀ ਨੇ ਭੂਆ ਦੀ ਸਿਫਤ ਕਰ ਦਿੱਤੀ ਸੀ ਤਾਂ ਤੂੰ ਮੂੰਹ ਸੁਜਾ ਕੇ ਪਰ੍ਹਾਂ ਚਲੀ ਗਈ ਸੈਂ।

ਮੰਮੀ, ਤੂੰ ਇਵੇਂ ਕਿਉਂ ਕਰਦੀ ਹੈਂ। ਤੂੰ ਤਾਂ ਕਿੰਨੀ ਵੱਡੀ ਹੈਂ, ਪਰ ਤੂੰ ਤਾਂ ਬੱਚਿਆਂ ਵਾਂਗੂ ਵਰਤ ਰਹੀ ਹੈਂ। ਤੂੰ ਮੈਨੂੰ ਬਹੁਤ ਯਾਦ ਆਉਂਦੀ ਹੈਂ। ਕੀ ਮੈਂ ਤੈਨੂੰ ਕਦੇ ਯਾਦ ਨਹੀਂ ਆਇਆ ? ਕੀ ਮੈਂ ਏਨਾਂ ਸਸਤਾ ਹਾਂ। ਕੀ ਆਪਣੀ ਹਉਮੈ ਬਦਲੇ ਮੈਨੂੰ ਛੱਡ ਜਾਣਾ ਹੀ ਤੂੰ ਠੀਕ ਸਮਝਿਆ ? ਮੈਂ ਤੁਹਾਡੇ ਦੋਹਾਂ ਪਾਸ ਰਹਿਣਾ ਚਾਹੁੰਦਾ ਹਾਂ, ਪਾਪਾ ਤੇ ਮੰਮੀ ਦੋਹਾਂ ਪਾਸ। ਦਾਦੀ ਮੈਨੂੰ ਪਿਆਰ ਤਾਂ ਬਹੁਤ ਕਰਦੀ ਹੈ ਪਰ ਉਸਦਾ ਝੁਰੜੀਆਂ ਭਰਿਆ ਚਿਹਰਾ, ਖਰ੍ਹਵੇ ਹੱਥ ਬਹੁਤ ਅੱਛੇ ਨਹੀਂ ਲੱਗਦੇ। ਵੈਸੇ ਉਹ ਮੈਨੂੰ ਬਹੁਤ ਹੀ ਚੰਗੀ ਲੱਗਦੀ ਹੈ। ਮੈਂ ਉਸ ਨਾਲ ਹੀ ਸੌਂਦਾ ਹਾਂ, ਕਹਾਣੀਆਂ ਸੁਣਦਾ ਹਾਂ। ਉਹ ਮੈਨੂੰ ਕਦੇ ਚੂਰੀ ਕੁੱਟ ਕੇ ਖੁਆਉਂਦੀ ਹੈ, ਕਦੇ ਪੰਜੀਰੀ ਜਿਹੇ ਸਵਾਦੀ ਖਾਣੇ ਬਣਾ ਕੇ ਦਿੰਦੀ ਹੈ। ਮੇਰਾ ਦਿਲ ਕਰਦਾ ਹੈ ਕਿ ਮੈਂ ਉਸ ਨਾਲ ਕੰਮ ਕਰਵਾਵਾਂ, ਉਸਦੀ ਮਦਦ ਕਰਾਂ ਪਰ ਅਜੇ ਮੇਰੇ ਪਾਸੋਂ ਬਾਲਟੀ ਨਹੀਂ ਚੁੱਕੀ ਜਾਂਦੀ, ਰੋਟੀ ਨਹੀਂ ਪੱਕਦੀ। ਕਪੜੇ ਨਹੀਂ ਧੁੱਪਦੇ, ਸਫਾਈਆਂ ਨਹੀਂ ਹੁੰਦੀਆਂ। ਮੰਮੀ ਤੈਨੂੰ ਸਾਡੇ ਦੋਹਾਂ 'ਤੇ ਤਰਸ ਨਹੀਂ ਆਉਂਦਾ। ਤੈਨੂੰ ਪਾਪਾ ਨਾਲ ਕੋਈ ਹਮਦਰਦੀ ਨਹੀਂ ? ਇਵੇਂ ਦੇ ਗੁੱਸੇ ਗਿਲੇ ਤੈਨੂੰ ਸ਼ੋਭਾ ਨਹੀਂ ਦਿੰਦੇ।


Academy of the Punjab in North America: http://www.apnaorg.com

ਸਾਰਿਆਂ ਬੱਚਿਆਂ ਦੀਆਂ ਮੰਮੀਆਂ ਉਹਨਾਂ ਦੇ ਪਾਸ ਹੁੰਦੀਆਂ ਹਨ । ਕੀ ਮੈਂ ਤੈਨੂੰ ਐਨਾਂ ਭੈੜਾ ਲੱਗਦਾ ਹਾਂ ? ਮੈਂ ਕੀ ਕਸੂਰ ਕੀਤਾ ਹੈ ? ਮੈਨੂੰ ਇਸ ਦੁਨੀਆਂ ਵਿਚ ਲਿਆਂਦਾ ਹੀ ਕਿਉਂ ਸੀ ? ਤੂੰ ਆਪਣੇ ਮੰਮੀ ਡੈਡੀ ਪਾਸ ਰਹਿ ਰਹੀ ਹੈਂ । ਮੈਨੂੰ ਆਪਣੇ ਮੰਮੀ ਡੈਡੀ ਤੋਂ ਦੂਰ ਕਿਉਂ ਕਰ ਦਿੱਤਾ ਗਿਆ ਹੈ ? ਜਦ ਕਿ ਤੈਨੂੰ ਤਾਂ ਆਪਣੇ ਮੰਮੀ ਡੈਡੀ ਦੀ ਹੁਣ ਏਨੀ ਜਰੂਰਤ ਨਹੀਂ ਹੈ ਕਿਉਂਕਿ ਤੂੰ ਆਪਣੇ ਸਾਰੇ ਕੰਮ ਆਪ ਕਰ ਸਕਦੀ ਹੈਂ । ਆਪੇ ਨਹਾ ਧੋ ਸਕਦੀ ਹੈਂ, ਰੋਟੀ ਪਕਾ ਸਕਦੀ ਹੈਂ, ਕਪੜੇ ਪ੍ਰੈਸ ਕਰ ਸਕਦੀ ਹੈਂ । ਪਰ ਮੈਂ ਤਾਂ ਅਜੇ ਤੇਰੇ ਵਾਂਗ ਵੱਡਾ ਨਹੀਂ ਹੋਇਆ । ਮੈਂ ਤਾਂ ਅਜੇ K.G. ਵਿਚ ਹਾਂ । ਮੈਨੂੰ ਤੇਰੀ ਲੋੜ ਹੈ, ਮੈਨੂੰ ਆਪਣੇ ਤੋਂ ਵਾਂਝਾ ਕਿਉਂ ਕਰ ਦਿੱਤਾ ਹੈ ?

ਜੇ ਤੈਨੂੰ ਝਗੜਾ ਕਰਨਾ ਆਉਂਦਾ ਹੈ ਤਾਂ ਨਿਬੇੜਾ ਕਰਨਾ ਕਿਉਂ ਨਹੀਂ ਆਉਂਦਾ । ਜੋ ਆਪਣੇ ਬੱਚੇ ਨਹੀਂ ਸਾਂਭ ਸਕਦੇ ਉਹਨਾਂ ਨੂੰ ਮੰਮੀ ਡੈਡੀ ਬਣਨ ਦਾ ਵੀ ਹੱਕ ਨਹੀਂ ਹੋਣਾ ਚਾਹੀਦਾ । ਸੁਣਿਆ ਹੈ ਕਿ ਮਾਂ ਰੱਬ ਹੁੰਦੀ ਹੈ । ਕੀ ਰੱਬ ਅਜਿਹਾ ਸਖਤ ਦਿਲ ਤੇ ਜਾਲਮ ਹੁੰਦਾ ਹੈ ? ਇਵੇਂ ਤਾਂ ਲੋਕਾਂ ਦਾ ਰੱਬ ਤੋਂ ਵਿਸ਼ਵਾਸ਼ ਉਠ ਜਾਏਗਾ । ਮਾਂ ਦਾ ਸਤਿਕਾਰ ਘਟ ਜਾਏਗਾ । ਮੰਮੀ, ਤੂੰ ਇਕ ਬੱਚੇ ਨੂੰ ਰੁਲਣ 'ਤੇ ਮਜ਼ਬੂਰ ਕਰ ਰਹੀ ਏਂ । ਤੈਨੂੰ ਕੀ ਹੱਕ ਹੈ ਕਿ ਤੂੰ ਦੂਸਰੇ ਦੀ ਜਿੰਦਗੀ ਤਬਾਹ ਕਰੇਂ । ਤੈਨੂੰ ਤਾਂ ਕੋਈ ਦੰਡ ਮਿਲਣਾ ਚਾਹੀਦਾ ਹੈ । ਤੇਰੇ ਜਿਹੀਆਂ ਮਾਵਾਂ ਸਾਨੂੰ ਜਨਮ ਦੇ ਕੇ ਸਿਰਫ ਅਬਾਦੀ ਹੀ ਵਧਾ ਰਹੀਆਂ ਹਨ ਅਤੇ ਅੱਤਵਾਦ ਪੈਦਾ ਕਰ ਰਹੀਆਂ ਹਨ । ਮੈਨੂੰ ਰੋਣ ਵੀ ਆ ਰਿਹਾ ਹੈ ਤੇ ਗੁੱਸਾ ਵੀ । ਮੇਰਾ ਦਿਲ ਕਰਦਾ ਹੈ ਕਿ ਮੈਂ ਆਪਣੇ ਖਿਡੌਣੇ, ਆਪਣਾ ਸਾਈਕਲ, ਇਹ ਮੇਜ਼ ਕੁਰਸੀਆਂ ਸਭ ਤੋੜ ਦੇਵਾਂ, ਕਪੜੇ ਫਾੜ ਦੇਵਾਂ । ਉਹਨਾਂ ਨੂੰ ਕਤਲ ਕਰ ਦੇਵਾਂ । ਜਿਨ੍ਹਾਂ ਤੈਨੂੰ ਅਜਿਹਾ ਘਿਰਣਾਜਨਕ ਕਦਮ ਉਠਾਉਣ ਲਈ ਉਕਸਾਇਆ ਹੈ ਕਿ ਤੂੰ ਆਪਣੇ ਗਹਿਣੇ ਕਪੜੇ ਲੈ ਕੇ, ਸੁੱਤੇ ਬੱਚੇ ਨੂੰ ਛੱਡ ਕੇ ਚੋਰੀ ਨਿਕਲ ਜਾਵੇਂ । ਲਾਹਨਤ ਹੈ ਤੇਰੇ ਇਸ ਕਦਮ 'ਤੇ ।

ਮੈਂ K.G. 'ਚ ਤਾਂ ਪੜ੍ਹਦਾ ਹਾਂ ਮੇਰਾ ਸਕੂਲ ਜਾਣ ਅਤੇ ਪੜ੍ਹਣ 'ਤੇ ਬਿਲਕੁਲ ਮਨ ਨਹੀਂ ਕਰਦਾ । ਇਕ ਖੋਹ ਜਿਹੀ ਮੇਰੇ ਅੰਦਰ ਰਹਿੰਦੀ ਹੈ, ਜੋ ਹਮੇਸ਼ਾਂ ਬੇਚੈਨ ਕਰੀ ਰੱਖਦੀ ਹੈ । ਤੇ ਸ਼ਾਇਦ ਮੈਂ ਵੱਡਾ ਹੋ ਕੇ ਅਜਿਹੀਆਂ ਮਾਵਾਂ ਤੋਂ ਬਦਲਾ ਲਵਾਂ । ਤੇਰੇ ਜਿਹੀ ਮਾਂ ਤਾਂ ਬਾਂਝ ਚਾਹੀਦੀ ਸੀ, ਜੋ ਬੱਚੇ ਲਈ ਤੜਫਦੀ ਰਹਿੰਦੀ, ਜਿਵੇਂ ਅੱਜ ਮੈਂ ਆਪਣੀ ਮਾਂ ਲਈ ਤੜਪ ਰਿਹਾ ਹਾਂ---ਮਾਂ---ਮਾਂ !---

ਤੇਰਾ ਬਦਨਸੀਬ ਬੇਟਾ

*****


Academy of the Punjab in North America: http://www.apnaorg.com

# ਮੇਰੀ ਜਮਾਤ ਦੀ ਸਭ ਤੋਂ ਲਾਇਕ ਲੜਕੀ

ਮੀਂਹ ਪੈਣ ਕਾਰਨ ਹਵਾ 'ਚ ਕੁਛ ਠੰਡਕ ਸੀ । ਸ਼ਾਮ ਢਲ ਰਹੀ ਸੀ । ਦਿਨ ਤੇ ਰਾਤ ਦਾ ਸੁਮੇਲ ਹੋ ਰਿਹਾ ਸੀ । ਚੁਫੇਰੇ ਖਿਲਰਿਆ ਲਾਲ ਪੀਲਾ ਰੰਗ ਦਿਲ ਨੂੰ ਅਨੰਤ ਖੁਸ਼ੀ ਪ੍ਰਦਾਨ ਕਰ ਰਿਹਾ ਸੀ । ਬੰਬਈ ਜਾਣ ਵਾਲੀ ਗੱਡੀ ਫੜਨੀ ਸੀ, ਪਰ ਗੱਡੀ ਆਉਣ 'ਚ ਅਜੇ ਚਾਲੀ ਕੁ ਮਿੰਟ ਬਾਕੀ ਸਨ । ਸੋ ਪਲੇਟਫਾਰਮ ਉਪਰ ਇਧਰ ਉਧਰ ਟਹਿਲ ਰਹੀ ਸਾਂ, ਆਪਣੇ ਛੋਟੇ ਬੇਟੇ ਨਾਲ, ਕਿ ਅਚਾਨਕ ਕਿਸੇ ਮੇਰਾ ਨਾਮ ਲੈ ਕੇ ਆਵਾਜ਼ ਮਾਰੀ--

"ਰੰਜਨਾ"

ਮੈਂ ਪਿੱਛੇ ਮੁੜ ਕੇ ਦੇਖਿਆ ਤਾਂ ਇਕ ਅੱਧਖੜ ਉਮਰ ਦੀ ਜ਼ਨਾਨੀ ਬੈਂਚ ਉਪਰ ਬੈਠੀ ਮੈਨੂੰ ਇਸ਼ਾਰਾ ਕਰ ਰਹੀ ਸੀ, ਨਾਲ ਹੋਰ ਬੱਚੇ ਵੀ ਬੈਠੇ ਸਨ । ਮੈਂ ਉਸ ਦੇ ਨਜ਼ਦੀਕ ਗਈ--

"ਕੀ ਗੱਲ, ਕੋਲੋਂ ਦੀ ਲੰਘ ਗਈ ਏਂ ?"

"ਪਰ--ਮੈਂ ਤਾਂ--ਤੁਹਾਨੂੰ ਪਛਾਣਿਆ ਨਹੀਂ--ਤੇ ਤੁਹਾਨੂੰ ਮੇਰੇ ਨਾਂ ਦਾ ਕਿਵੇਂ ਪਤਾ ਏ--?"

"ਕੀ ਗੱਲ, ਏਨੀ ਜਲਦੀ ਭੁਲਾ ਦਿੱਤਾ ਈ ?"

ਵੈਸੇ ਆਵਾਜ਼ ਕੁਝ ਜਾਣੀ ਪਛਾਣੀ ਜਿਹੀ ਲੱਗੀ ਤੇ ਫਿਰ ਉਸ ਦੇ ਨਕਸ਼ ਨੈਣ ਵੀ ਮੇਰੀ ਯਾਦ ਦੀ ਤਖਤੀ ਉਪਰ ਉਭਰਨੇ ਸ਼ੁਰੂ ਹੋਏ--

"ਓਹੋ ! ਸੁਨੀਤਾ--ਤੂੰ ?"

ਤੇ ਅਸਾਂ ਦੋਵਾਂ ਨੇ ਘੁੱਟ ਜੱਫੀ ਪਾਈ

"ਪਰ ਤੂੰ ਤਾਂ ਏਨੀ ਬਦਲ ਗਈ ਏਂ--ਸਚਮੁੱਚ ਮੈਥੋਂ ਪਛਾਣਿਆ ਈ ਨਹੀਂ ਗਿਆ ।

"ਤੇ ਤੂੰ ਇਥੇ ਕਿਵੇਂ ?" ਉਸ ਪੁਛਿਆ ।

"ਮੇਰੀ ਮਾਸੀ ਦੀ ਲੜਕੀ ਦਾ ਵਿਆਹ ਹੈ ਇਸ ਲਈ ਬੰਬਈ ਜਾ ਰਹੇ ਹਾਂ ।"

"ਤੇ ਤੁਸੀਂ"

"ਮੈਂ ਤਾਂ ਦਿੱਲੀ ਆਪਣੇ ਸਹੁਰੇ ਜਾ ਰਹੀ ਹਾਂ, ਇਹਨਾਂ ਬੱਚਿਆਂ ਨੂੰ ਛੁੱਟੀਆਂ ਸਨ, ਪੇਕੇ ਆਈ ਹੋਈ ਸਾਂ--।"

ਤੇ ਮੇਰੇ ਸਾਹਮਣੇ ਸਕੂਲ ਦੇ ਦਿਨਾਂ ਦੀ ਫਿਲਮ ਚੱਲਣ ਲੱਗੀ---

ਅਸੀਂ ਤਕਰੀਬਨ ਛੇਵੀਂ ਕਲਾਸ ਤੋਂ ਦਸਵੀਂ ਕਲਾਸ ਤੱਕ ਇਕੱਠੀਆਂ ਪੜ੍ਹਦੀਆਂ ਆ ਰਹੀਆਂ ਸਾਂ । ਉਹ ਹਰ ਵਾਰੀ ਫਸਟ ਜਾਂ ਇਕ ਦੋ ਨੰਬਰ ਨਾਲ ਸੈਕੰਡ ਹੁੰਦੀ ।

Academy of the Punjab in North America: http://www.apnaorg.com

ਕਲਾਸ ਵਿਚ ਚਾਹੇ ਲਿਖਤੀ ਦਾ ਕੰਮ ਹੋਵੇ ਜਾਂ ਜ਼ਬਾਨੀ ਉਹ ਸਭ ਤੋਂ ਅੱਗੇ ਹੁੰਦੀ। ਸਾਡੇ ਮੈਡਮ ਵੀ ਪੜ੍ਹਾਉਣ ਵਿਚ ਉਸਦੀ ਮੱਦਦ ਲੈਂਦੇ। ਸਾਰੀ ਕਲਾਸ ਦਾ ਕੰਮ ਦੇਖਣਾ, ਪ੍ਰਸ਼ਨ ਸੁਣਨੇ ਆਦਿ ਉਸਦੇ ਜ਼ਿੰਮੇ ਹੁੰਦੇ। ਉਸਦਾ ਦਿਮਾਗ ਏਨਾਂ ਚੇਤੰਨ ਸੀ ਕਿ ਜੋ ਵੀ ਅਧਿਆਪਕ ਸਮਝਾਉਂਦੇ, ਤੁਰੰਤ ਸਮਝ ਜਾਂਦੀ। ਕਲਾਸ ਵਿਚ ਕੋਈ ਵੀ ਪ੍ਰਸ਼ਨ ਪੁੱਛਦੇ, ਸਭ ਤੋਂ ਪਹਿਲੇ ਉਸਦਾ ਹੀ ਹੱਥ ਖੜਾ ਹੁੰਦਾ। ਉਹ ਝਰਨੇ ਦੀ ਤਰ੍ਹਾਂ ਫਰਨ ਫਰਨ ਸੁਣਾਉਣ ਲੱਗ ਜਾਂਦੀ। ਘਰੋਂ ਸਕੂਲ ਦਾ ਕੰਮ ਉਹ ਹਮੇਸ਼ਾਂ ਸਾਫ ਸੁਥਰਾ ਤੇ ਪੂਰਾ ਕਰਕੇ ਲਿਆਉਂਦੀ।

ਨਿਰ੍ਹਾ ਪੜ੍ਹਾਈ 'ਚ ਹੀ ਨਹੀਂ, ਸਕੂਲ ਵਿਚ ਕੋਈ ਫੰਕਸ਼ਨ ਹੋਣਾ ਹੈ, ਕੋਈ ਖੇਡ ਮੁਕਾਬਲਾ ਹੈ, ਕਵਿਤਾ, ਕਹਾਣੀ, ਪੇਂਟਿੰਗ ਜਾਂ ਡੀਬੇਟ ਹੁੰਦਾ ਤਾਂ ਉਹੀ ਅੱਗੇ ਹੁੰਦੀ। ਅਸਲ ਅਰਥਾਂ ਵਿਚ ਉਹ ਸਾਡੀ ਕਲਾਸ ਦਾ ਇਕ ਹੀਰਾ ਸੀ, ਸਕੂਲ ਦੀ ਸ਼ਾਨ ਸੀ।

ਮੈਂ ਕਲਾਸ ਵਿਚ ਉਸ ਤੋਂ ਕਾਫੀ ਪਿੱਛੇ ਸਾਂ। ਮੇਰਾ ਸੰਗਾਊ ਸੁਭਾਅ ਹੀ ਮੇਰੇ ਰਾਹ 'ਚ ਰੋੜਾ ਸੀ। ਮੈਨੂੰ ਕਈ ਗੱਲਾਂ ਦੀ ਸਮਝ ਨਾ ਲੱਗਦੀ, ਪਰ ਮੈਂ ਕਿਸੇ ਪਾਸੋਂ ਪੁੱਛਦੀ ਵੀ ਨਾ। ਤੇ ਇਵੇਂ ਮੈਂ ਕਦੀ ਕਿਸੇ ਵਿਸ਼ੇ ਵਿਚੋਂ ਰਹਿ ਜਾਂਦੀ ਤੇ ਕਦੀ ਕਿਸੇ 'ਚੋਂ। ਤੇ ਜੇ ਪਾਸ ਵੀ ਹੋ ਜਾਂਦੀ ਤਾਂ ਮਸੀਂ ਪੂਰੇ ਨੰਬਰਾਂ ਤੇ, ਜਿੰਨੇ ਕੁ ਪਾਸ ਹੋਣ ਲਈ ਚਾਹੀਦੇ ਹੁੰਦੇ। ਪਰ ਹਰ ਕਲਾਸ 'ਚੋਂ ਲੰਘ ਜਰੂਰ ਜਾਂਦੀ। ਪਤਾ ਨਹੀਂ, ਪੜ੍ਹਣ ਸਮੇਂ ਜਾਂ ਲੈਕਚਰ ਸੁਣਨ ਸਮੇਂ ਮੇਰੀ ਇਕਾਗਰਤਾ ਨਾ ਰਹਿੰਦੀ। ਧਿਆਨ ਇਧਰ ਉਧਰ ਖਿੰਡ ਜਿਹਾ ਜਾਂਦਾ। ਬੱਸ ਇਹ ਦੂਸਰਾ ਵੱਡਾ ਕਾਰਣ ਜੋ ਮੈਨੂੰ ਬਹੁਤੇ ਨੰਬਰ ਲੈਣ ਤੋਂ ਵਾਂਝਿਆਂ ਰੱਖਦਾ।

ਤੇ ਜਦ ਵੀ ਕਦੇ ਰੰਜਨਾ ਮੈਨੂੰ ਬੁਲਾਉਂਦੀ, ਮੈਨੂੰ ਬਹੁਤ ਹੀ ਚੰਗੀ ਲੱਗਦੀ। ਮੈਨੂੰ ਫ਼ਖਰ ਹੁੰਦਾ ਕਿ ਉਸ ਨੇ ਮੇਰੇ ਨਾਲ ਕੋਈ ਗਲ ਕੀਤੀ ਹੈ। ਉਹ ਮੈਨੂੰ ਕਦੇ ਕੋਈ ਸਵਾਲ ਸਮਝਾ ਦਿੰਦੀ, ਕਦੇ ਕੋਈ ਪ੍ਰਸ਼ਨ ਯਾਦ ਕਰਵਾ ਦਿੰਦੀ। ਉਹ ਮੇਰੇ ਪਾਸੋਂ ਕੋਈ ਵੀ ਕਿਤਾਬ ਮੰਗਦੀ, ਪੈੱਨ ਮੰਗਦੀ ਜਾਂ ਪੈਸੇ ਮੰਗਦੀ, ਮੈਂ ਝੱਟ ਦੇ ਦਿੰਦੀ। ਮੈਨੂੰ ਗਾਉਣ ਦਾ ਬਹੁਤ ਸ਼ੌਂਕ ਸੀ। ਕਿਤੇ ਉਸ ਇਕ ਦਿਨ ਮੈਨੂੰ ਗੁਣਗੁਣਾਉਂਦਿਆਂ ਸੁਣ ਲਿਆ ਤਾਂ ਉਹ ਬਹੁਤ ਖੁਸ਼ ਹੋਈ ਸੀ।

"ਤੂੰ ਤਾਂ ਬਹੁਤ ਚੰਗਾ ਗਾ ਲੈਂਦੀ ਹੈਂ"

ਉਸ ਨੇ ਅਧਿਆਪਕ ਪਾਸ ਮੇਰੀ ਦੋ ਤਿੰਨ ਵੇਰ ਕਲਾਸ ਵਿਚ ਗਾਉਣ ਦੀ ਸਿਫਾਰਸ਼ ਵੀ ਕੀਤੀ, ਪਰ ਮੈਂ ਕਲਾਸ ਵਿਚ ਸਭ ਦੇ ਸਾਹਮਣੇ ਗਾ ਨਾ ਸਕੀ। ਹਿੰਮਤ ਹੀ ਨਾ ਪਈ। ਉਹੀ ਸ਼ਰਮੀਲਾਪਣ, ਹੀਣ-ਭਾਵਨਾ। ਪਰ ਜੋ ਵੀ ਹੈ ਮੇਰਾ ਗੁਣਗੁਣਾਉਣਾ ਸੁਣਨ ਤੋਂ ਬਾਅਦ ਉਹ ਮੇਰੀ ਪੱਕੀ ਸਹੇਲੀ ਬਣ ਗਈ। ਇਕ ਦੋ ਵਾਰ ਉਸ ਮੈਨੂੰ ਆਪਣੇ ਘਰ ਵੀ ਖੜਿਆ। ਕਲਾਸ ਵਿਚ ਮਨੀਟਰ ਹੋਣ ਕਾਰਨ ਉਹ ਦੂਸਰਿਆਂ ਉਪਰ ਆਪਣਾ ਰੋਹਬ ਰੱਖਦੀ। ਪਰ ਮੇਰੇ ਨਾਲ ਲੱਗਦੀ ਵਾਹ ਲਿਹਾਜ਼ ਰੱਖਦੀ।

ਉਹ ਇਕ ਸਧਾਰਨ ਘਰ ਦੀ, ਸਧਾਰਨ ਮਾਂ-ਬਾਪ ਦੀ ਲੜਕੀ ਸੀ। ਉਸਦੇ ਮੰਮੀ ਪਾਪਾ ਬਹੁਤ ਹੀ ਘੱਟ ਪੜ੍ਹੇ ਲਿਖੇ ਸਨ। ਇਸਦੇ ਉਲਟ ਸਾਡੇ ਘਰ ਦਾ ਪੱਧਰ ਉਹਨਾਂ ਦੇ ਘਰ ਨਾਲੋਂ ਹਰ ਤਰ੍ਹਾਂ ਉੱਚਾ ਸੀ। ਮੇਰੇ ਪਾਪਾ ਬਹੁਤ ਵੱਡੇ ਇੰਜੀਨੀਅਰ ਸਨ। ਚੰਗੀ ਤਨਖਾਹ ਸੀ। ਉਸਦੇ ਪਾਪਾ ਕਿਸੇ ਦਫਤਰ ਵਿਚ ਮਾਮੂਲੀ ਕਲਰਕ ਸਨ, ਪਰ ਜੋ ਵੀ ਹੈ ਮੈਨੂੰ ਇਸ ਗੱਲ ਦਾ ਮਾਣ ਸੀ ਕਿ ਸਭ ਤੋਂ ਲਾਇਕ ਲੜਕੀ ਮੇਰੀ ਸਹੇਲੀ

Academy of the Punjab in North America: http://www.apnaorg.com

ਹੈ । ਕਲ੍ਹ ਨੂੰ ਉਹ ਬਹੁਤ ਵੱਡੀ ਡਾਕਟਰ ਜਾਂ ਪ੍ਰੋਫੈਸਰ ਬਣ ਜਾਏਗੀ । ਮੈਂ ਉਸਨੂੰ ਕਦੀ-ਕਦਾਈਂ ਆਪਣੇ ਘਰ ਵੀ ਲਿਜਾਂਦੀ ਰਹਿੰਦੀ ।

ਮੈਨੂੰ ਯਾਦ ਹੈ ਉਹ ਸੀਨ ਜਦ ਸੁਨੀਤਾ ਨੇ ਦਸਵੀਂ ਵਿਚੋਂ ਵੀ ਸਰਵ-ਉਚ ਸਥਾਨ ਪ੍ਰਾਪਤ ਕੀਤਾ ਸੀ । ਉਹ ਬੋਰਡ ਵਿਚ ਜ਼ਿਲ੍ਹੇ 'ਚੋਂ ਪਹਿਲੇ ਸਥਾਨ 'ਤੇ ਆਈ ਸੀ । ਸਕੂਲ ਦੇ ਅਧਿਆਪਕ ਇਕ ਦੂਸਰੇ ਨੂੰ ਵਧਾਈਆਂ ਦੇ ਰਹੇ ਸਨ ਤੇ ਉਸਨੂੰ ਥਾਪੀਆਂ ਦੇ ਰਹੇ ਸਨ । ਮੈਂ ਵੀ ਉਸਨੂੰ ਘੁੱਟ ਕੇ ਮਿਲੀ ਸਾਂ । ਦੂਸਰੇ ਪਾਸੇ ਵਿਛੋੜੇ ਦਾ ਰੁੱਗ ਵੀ ਭਰਦਾ ਕਿ ਸਕੂਲ ਵਿਚ ਸਾਡਾ ਆਖਰੀ ਦਿਨ ਸੀ । ਉਧਰੋਂ ਉਸਦੇ ਪਾਪਾ ਦੀ ਦੂਸਰੇ ਸ਼ਹਿਰ ਬਦਲੀ ਵੀ ਹੋ ਰਹੀ ਸੀ--

ਤੇ ਇਸ ਤੋਂ ਬਾਅਦ ਕਈ ਸਾਲਾਂ ਪਿੱਛੋਂ ਅਜ ਅਸੀਂ ਪਲੇਟਫਾਰਮ 'ਤੇ ਮਿਲੀਆਂ ਸੀ । ਇਕ ਦੂਸਰੇ ਨੂੰ ਜਲਦੀ ਜਲਦੀ ਪੁੱਛਦੀਆਂ ਰਹੀਆਂ ।

"ਤੂੰ ਤਾਂ ਉਵੇਂ ਦੀ ਉਵੇਂ ਹੀ ਹੈਂ, ਤੇਰੇ ਰੰਗ ਰੂਪ 'ਚ ਤਾਂ ਜ਼ਰਾ ਵੀ ਫਰਕ ਨਹੀਂ ਪਿਆ ਬਲਕਿ ਨਿੱਖਰਿਆ ਹੀ ਹੈ ।" ਉਹ ਮੇਰੀ ਤਾਰੀਫ ਕਰੀ ਜਾ ਰਹੀ ਸੀ ।

"ਬਈ ਆਪਾਂ ਦਾ ਤੇਰੇ ਨਾਲ ਕੀ ਮੁਕਾਬਲਾ, ਨਲਾਇਕ ਬੰਦੇ ਆਂ ।"

"ਤੇਰੀ ਇਵੇਂ ਕਹਿਣ ਦੀ ਆਦਤ ਨਹੀਂ ਗਈ । ਅੱਛਾ, ਫਿਰ ਦਸਵੀਂ ਤੋਂ ਬਾਅਦ ਕੀ ਕੁਝ ਕੀਤਾ ?"

"ਮੈਂ ਇਵੇਂ ਹੀ ਰਿੜ੍ਹ ਖਿੜ੍ਹ ਕੇ ਬੀ.ਏ. ਕਰ ਲਈ ਸੀ । ਪਰ ਤੇਰਾ ਵਿਛੋੜਾ ਮੈਨੂੰ ਪੈਰ ਪੈਰ 'ਤੇ ਅਖਰਦਾ ਰਿਹਾ, ਪਰ ਤੂੰ ਤਾਂ ਜਰੂਰ ਹੀ ਯੂਨੀਵਰਸਿਟੀ ਦੇ ਕਿਸੇ ਖੋਜ ਵਿਭਾਗ 'ਚ ਲੱਗੀ ਹੋਵੇਂਗੀ ।"

"ਹਾਂ--ਸ਼ਾਇਦ--ਹੋ ਸਕਦੀ ਸਾਂ--ਪਰ--"

ਜਿਵੇਂ ਉਸ ਕੋਈ ਹਉਕਾ ਜਿਹਾ ਭਰਿਆ ਹੋਵੇ---ਤੇ ਫਿਰ ਮੈਨੂੰ ਪੁੱਛਣ ਲੱਗੀ-

"ਤੂੰ ਦੱਸ, ਤੇਰੇ ਪਤੀ ਕੀ ਕਰਦੇ ਹਨ ?"

"ਮੇਰੇ ਪਤੀ ਦਾ ਕੱਪੜੇ ਦਾ ਬਿਜ਼ਨਿਸ ਹੈ । ਮੈਨੂੰ ਕੱਪੜੇ ਸਿਊਣ ਦਾ ਵੀ ਸ਼ੌਂਕ ਸੀ । ਸੋ ਮੈਂ ਕੱਪੜੇ ਸਿਊਣ ਦਾ ਦੋ ਸਾਲ ਦਾ ਡਿਪਲੋਮਾ ਕਰ ਲਿਆ । ਪਹਿਲੇ ਤਾਂ ਮੈਂ ਆਪ ਕੱਪੜੇ ਸਿਊਂਦੀ ਸਾਂ, ਪਰ ਹੁਣ ਮੈਂ ਅੱਗੇ ਕੁਝ ਲੜਕੀਆਂ ਰੱਖੀਆਂ ਹੋਈਆਂ ਹਨ ਅਤੇ ਅਸੀਂ ਕੱਪੜੇ ਤਿਆਰ ਕਰਕੇ ਬਾਹਰ ਐਕਸਪੋਰਟ ਕਰਦੇ ਹਾਂ ।"

"ਤੇ ਤੇਰੇ ਪਤੀ ਕੀ ਕਰਦੇ ਹਨ ?" ਮੈਂ ਉਤਸੁੱਕ ਹੁੰਦਿਆਂ ਪੁੱਛਿਆ ।

"ਮੇਰੇ ਪਤੀ---ਪ੍ਰਾਈਵੇਟ ਟਰਾਂਸਪੋਰਟ ਕੰਪਨੀ ਦੇ ਦਫਤਰ 'ਚ ਕਲਰਕ ਹਨ ।" ਤੇ ਉਹ ਫਿਰ ਸੰਖੇਪ ਜਿਹਾ ਜੁਆਬ ਦੇ ਕੇ ਚੁੱਪ ਹੋ ਗਈ ।

"ਤੇ ਤੂੰ ਆਪ ਦਸਵੀਂ ਤੋਂ ਬਾਅਦ ਕੀ ਕੁਝ ਕੀਤਾ ?" ਉਸ ਨੀਵੀਂ ਪਾ ਲਈ ਤੇ ਫਿਰ ਕੁਝ ਸੋਚਣ ਲੱਗ ਪਈ । ਮੇਰਾ ਧਿਆਨ ਉਸ ਦੇ ਵਧੇ ਪੇਟ ਵਲ ਗਿਆ ਤੇ ਮੈਂ ਦੇਖਿਆ ਕਿ ਉਸ ਦੇ ਮੂੰਹ ਦੀਆਂ ਸ਼ਾਹੀਆਂ ਤੇ ਝੁਰੜੀਆਂ ਹੋਰ ਗੂੜ੍ਹੀਆਂ ਹੋ ਗਈਆਂ । ਉਹ ਹੋਰ ਪੀਲੀ ਤੇ ਕਮਜ਼ੋਰ ਲੱਗਣ ਲੱਗੀ ।

"ਇਹ ਕਾਕਾ ਹੈ ਤੇਰਾ ?" ਉਸ ਫਿਰ ਗੱਲ ਟਾਲਦਿਆਂ ਹੋਇਆਂ ਮੇਰੇ ਤਿੰਨ ਕੁ ਸਾਲ ਦੇ ਬੱਚੇ ਦੇ ਸਿਰ 'ਤੇ ਹੱਥ ਰੱਖਦਿਆਂ ਕਿਹਾ ।

"ਹਾਂ" ਮੈਂ ਜੁਆਬ ਦਿੱਤਾ ।


Academy of the Punjab in North America; http://www.apnaorg.com

"ਤੇ ਹੋਰ ਬੱਚੇ ?"

"ਬੱਸ ਕਿ ਹੋਰ ਕੀ ਕਰਨੇ ? ਅਜੇ ਚਾਰ ਸਾਲ ਤਾਂ ਹੋਏ ਨੇ ਸਾਡੀ ਸ਼ਾਦੀ ਨੂੰ ?"

"ਏਨੀ ਲੇਟ ਸ਼ਾਦੀ ?"

ਉਹ ਮੇਰੇ ਵੱਲ ਦੇਖ ਦੇਖ ਹੈਰਾਨ ਹੋਈ ਜਾ ਰਹੀ ਸੀ ਤੇ ਮੈਨੂੰ ਉਸ ਵੱਲ ਦੇਖ ਦੇਖ ਅਜੀਬ ਜਿਹਾ ਲੱਗ ਰਿਹਾ ਸੀ । ਮੈਂ ਖਿੱਝਦਿਆਂ ਹੋਇਆਂ ਉਸਨੂੰ ਝੰਜੋੜਿਆ ।

"ਦੇਖ, ਤੂੰ ਆਪਣੀ ਵੀ ਕੁਝ ਦੱਸੇਂਗੀ ਕਿ ਮੇਰੇ ਪਾਸੋਂ ਹੀ ਪੁੱਛੀ ਜਾਏਂਗੀ ? ਤੂੰ ਦੱਸ ਕੀ ਕੀ ਤਰੱਕੀ ਕੀਤੀ ?"

ਉਸ ਉਤਾਂਹ ਨੂੰ ਦੇਖਿਆ ਤੇ ਠੰਡੀ ਆਹ ਜਿਹੀ ਭਰ ਕੇ ਬੇਵਸ ਜਿਹੀ ਦੱਸਣ ਲੱਗੀ---

"ਦੱਸਵੀਂ ਤੋਂ ਬਾਅਦ ਮੇਰੇ ਘਰਦਿਆਂ ਮੇਰੇ ਲਈ ਇਕ ਲੜਕਾ ਦੇਖਿਆ । ਦੇਖਣ 'ਚ ਚੰਗਾ ਖੂਬਸੂਰਤ ਸੀ । ਤੇ ਸਾਡੀ ਸ਼ਾਦੀ ਹੋ ਗਈ । ਬਸ ਫਿਰ ਇਹੀ ਪੜ੍ਹਾਈ ਹੋਈ । ਮੇਰੇ ਪਤੀ ਨੇ ਕਿਹਾ ਕਿ ਹੁਣ ਪੜ੍ਹ ਕੇ ਕੀ ਲੈਣਾ, ਘਰ ਸੰਭਾਲ । ਆਹ, ਤਿੰਨ ਲੜਕੀਆਂ ਹਨ ਮੇਰੀਆਂ । ਵੱਡੀ ਬਾਰ੍ਹਵੇਂ ਸਾਲ 'ਚ ਹੈ, ਦੂਸਰੀ ਕੋਈ ਦਸਾਂ ਦੀ ਤੇ ਆਹ ਛੋਟੀ ਪੰਜ ਸਾਲ ਦੀ ਹੈ । ਸਗੋਂ ਦੂਸਰੀ ਤੋਂ ਬਾਅਦ ਮੇਰਾ ਗਰਭਪਾਤ ਵੀ ਹੋ ਚੁੱਕਿਆ ਹੈ---ਤੇ ਹੁਣ ਸੁੱਖ ਨਾਲ ਪੇਟ ਵੱਲ ਇਸ਼ਾਰਾ ਕਰਦੇ ਹੋਏ---ਐਤਕੀ ਤਾਂ ਯਕੀਨਨ ਲੜਕਾ ਹੀ ਹੈ । ਪਰ ਕਮ-ਜ-ਕਮ ਮੈਂ ਇਹਨਾਂ ਬੱਚੀਆਂ ਦੀ ਛੋਟੀ ਉਮਰ 'ਚ ਸ਼ਾਦੀ ਨਹੀਂ ਹੋਣ ਦਿਆਂਗੀ, ਖੂਬ ਪੜ੍ਹਾਵਾਂਗੀ ।"

ਤੇ ਖੌਰੂ ਪਾਉਂਦੀ ਗੱਡੀ ਆ ਰਹੀ ਸੀ, ਇੱਕ ਦਮ ਸਭ ਦਾ ਧਿਆਨ ਉਧਰ ਹੋ ਗਿਆ ।

*****


Academy of the Punjab in North America: http://www.apnaorg.com

## ਸੰਜੋਗ

ਅੱਜ ਉਸਦਾ ਆਪਣੀ ਨੂੰਹ ਦੇ ਪੈਰ ਛੂਹਣ 'ਤੇ ਦਿਲ ਕਰਦਾ ਸੀ। ਉਸਨੂੰ ਉਹ ਦੇਵੀ ਹੀ ਨਜ਼ਰ ਆ ਰਹੀ ਸੀ। ਉਹ ਕੋਈ ਕਰਾਮਾਤ ਕਰ ਦੇਣ ਵਾਲੀ ਪੱਥਰ ਦੀ ਫਿਲਮੀ ਦੇਵੀ ਨਹੀਂ ਸੀ। ਜਿਸਦਾ ਕਿਸੇ ਦੇ ਮੱਥਾ ਭੰਨਣ ਅਤੇ ਲਹੂ ਨਿਕਲਣ ਤੇ ਦਿਲ ਪੰਘਰਦਾ ਹੈ। ਉਹ ਤਾਂ ਹੱਡ ਮਾਸ ਦੀ ਸੱਚੀ ਸੁੱਚੀ ਇਨਸਾਨੀ ਦੇਵੀ ਹੈ। ਉਸ ਨੇ ਇੰਨੇ ਝੁਲਦੇ ਝੱਖੜਾਂ ਵਿਚ ਹੀ ਫੈਂਸਲਾ ਕਿਵੇਂ ਕਰ ਲਿਆ। ਤੇ ਮੰਜੂ ਦੇਵੀ ਆਪਣੇ ਕਈ ਸਾਲਾਂ ਦੇ ਸੁਪਨੇ ਬਾਰੇ ਸੋਚਣ ਲੱਗ ਗਈ। ਉਹ ਤਾਂ ਆਪਣੇ ਸੁਪਨੇ ਨੂੰ ਭੁੱਲ ਭੁਲਾ ਕੇ ਭੋਗ ਪਾ ਚੁੱਕੀ ਸੀ। ਕਿਉਂਕਿ ਉਸਦਾ ਸੁਪਨਾ ਕਿਸੇ ਦਾ ਸੁਪਨਾ ਬਣ ਚੁਕਿਆ ਸੀ, ਉਸ ਘਰ ਦਾ ਸੁਪਨਾ ਜਿੱਥੇ ਉਸਦਾ ਗੁਰੂ ਰਹਿੰਦਾ ਸੀ ਅਤੇ ਉਹ ਘਰ ਉਸਦਾ ਪੂਜਾ ਸਥਾਨ ਬਣ ਚੁਕਿਆ ਸੀ।

"---ਓਦੋਂ ਜਦ ਮੇਰੇ ਸਿਰ 'ਤੇ ਮੇਰੇ ਘਰ ਦੇ ਜੀਆਂ ਦੀਆਂ ਤਲਵਾਰਾਂ ਮੰਡਲਾਂ ਰਹੀਆਂ ਸਨ ਤਾਂ ਇਸੇ ਫਰਿਸ਼ਤੇ ਨੇ ਮੈਨੂੰ ਜੀਵਨ-ਦਾਨ ਦਿੱਤਾ ਸੀ। ਜਦ ਸੁਨਿਆਰਾਂ ਦੇ ਮੁੰਡੇ ਨੇ ਮੈਨੂੰ ਦੋ ਤਿੰਨ ਲਵ-ਲੈਟਰ ਲਿਖੇ ਸਨ ਤੇ ਮੈਂ ਵੀ ਜੁਆਬ ਵਿਚ ਇਕ ਪੱਤਰ ਲਿਖ ਬੈਠੀ ਸਾਂ ਤੇ ਫਿਰ ਜਦ ਉਸਦੀ ਇਕ ਚਿੱਠੀ ਮੇਰੀ ਭਰਜਾਈ ਦੇ ਹੱਥ ਆ ਗਈ। ਉਸ ਨੇ ਭਰਾ ਨੂੰ ਦਿਖਾ ਦਿੱਤੀ ਤੇ ਭਰਾ ਨੇ ਪਾਪਾ ਨਾਲ ਗੱਲ ਕੀਤੀ ਤਾਂ ਉਹਨਾਂ ਸਭ ਨੂੰ ਬਹੁਤ ਰੋਹ ਚੜ੍ਹਿਆ, ਬੇ-ਪਨਾਹ ਗੁੱਸਾ ਕਿ ਇਸ ਕੁੜੀ ਨੇ ਤਾਂ ਸਾਨੂੰ ਕਿਤੇ ਖਲੋਣ ਜੋਗਾ ਨਹੀਂ ਛੱਡਿਆ। ਉਹ ਲੜਕਾ ਤਾਂ ਇਕ ਨੰਬਰ ਦਾ ਲੋਫਰ ਹੈ। ਨਾ ਕੋਈ ਕੰਮ ਕਰਦਾ ਹੈ, ਨਾ ਪੜ੍ਹਦਾ ਹੈ। ਬਸ ਗਲੀਆਂ ਦੇ ਮੋੜਾਂ ਤੇ ਖਲੋ ਕੇ ਰਾਹ ਜਾਂਦੀਆਂ ਕੁੜੀਆਂ ਨੂੰ ਅਵਾਜੇ ਕੱਸਦਾ ਰਹਿੰਦਾ ਹੈ ਤੇ ਜਿਸ ਲੜਕੀ ਦੀ ਉਸ ਪਾਸ ਕੋਈ ਚਿੱਠੀ ਆ ਜਾਂਦੀ ਹੈ ਤਾਂ ਉਹ ਦੂਸਰੇ ਲੜਕਿਆਂ ਨੂੰ ਚਿੱਠੀ ਦਿਖਾ ਦਿਖਾ ਕੇ ਬਲੈਕ ਮੇਲ ਕਰਦਾ ਹੈ। ਮੈਂ ਜਾਣਦਾ ਹਾਂ ਚੰਗੀ ਤਰ੍ਹਾਂ ਉਸ ਨੇ ਤਾਂ ਕਈ ਲੜਕੀਆਂ ਨੂੰ ਫਸਾਇਆ ਹੈ। ਤੇ ਇਹ---ਸਾਡੇ ਘਰ ਹੋ ਗਿਆ---ਇਹ ਮੰਜੂ ਦੀ ਬੱਚੀ ਬੇਵਕੂਫ ਲੜਕੀ---ਬੰਦ ਕਰੋ ਇਸਦਾ ਸਕੂਲ ਜਾਣਾ--।"

ਤੇ ਮੈਨੂੰ ਪਤਾ ਲੱਗਾ ਹੁਣ ਮੇਰਾ ਭੇਤ ਖੁਲ੍ਹ ਗਿਆ ਹੈ, ਹੁਣ ਮੇਰੀ ਖੈਰ ਨਹੀਂ ਹੈ ਤਾਂ ਮੈਂ ਡਰਦੀ ਆਪਣੀ ਸਹੇਲੀ ਦੇ ਘਰ ਚਲੀ ਗਈ। ਹਫੀ ਹੋਈ, ਸਹੇਲੀ ਨੂੰ ਬਾਹੋਂ ਫੜਕੇ ਉਪਰਲੇ ਕਮਰੇ ਵਿਚ ਲੈ ਗਈ।

"ਕੀ ਗਲ ਤੂੰ ਏਨੀ ਘਬਰਾਈ ਹੋਈ ਕਿਉਂ ਏਂ ?" ਸਹੇਲੀ ਨੇ ਪੁਛਿਆ।

ਪਰ ਜੁਆਬ ਦੇਣ ਤੋਂ ਪਹਿਲਾਂ ਹੀ ਮੈਂ ਤਾੜਨਾ ਕੀਤੀ, "ਦੇਖ, ਜੇ ਕੋਈ ਮੇਰੇ ਘਰੋਂ ਆਇਆ ਤਾਂ ਕਹਿ ਦੇਵੀਂ ਕਿ ਉਹ ਇਥੇ ਨਹੀਂ ਹੈ।"


Academy of the Punjab in North America http://www.apnaorg.com

"ਆਖਰ ਗਲ ਕੀ ਹੈ ? ਦਸ ਤਾਂ ਸਹੀ । ਆਹ ਲੈ ਪਾਣੀ ਪੀ ।"

ਤੇ ਫਿਰ ਮੈਂ ਦੋ ਮਿੰਟ ਦੀ ਚੁੱਪ ਤੋਂ ਬਾਅਦ ਦੱਸਣਾ ਸ਼ੁਰੂ ਕਰ ਕੀਤਾ---"ਮੈਂ ਤਾਂ ਇਥੇ ਲੁਕਣ ਆਈ ਹਾਂ । ਮੇਰੇ ਘਰਦਿਆਂ ਮੈਨੂੰ ਮਾਰ ਦੇਣਾ ਹੈ---।"

"ਕੀ ਕਹਿੰਦੀ ਪਈ ਏਂ ?" ਉਸਦੀ ਸਹੇਲੀ ਨੇ ਭੈਪੀਤ ਹੁੰਦਿਆਂ ਕਿਹਾ ।

"ਉਹ. ਜਿਹੜਾ ਤੈਨੂੰ ਇਕੇਰਾਂ ਮੁੰਡਾ ਦਿਖਾਇਆ ਸੀ ਨਾ, ਉਹ ਗੋਰਾ ਪਤਲਾ ਸੁਨਿਆਰਿਆਂ ਦਾ ਮੁੰਡਾ--ਕਿ ਉਹ ਮੇਰੀ ਤਰਫ ਬੜਾ ਦੇਖਦਾ ਰਹਿੰਦਾ ਹੈ ਤੇ ਚਾਹੁੰਦਾ ਹੈ । ਉਸ ਨੇ ਕਿਸੇ ਨਾ ਕਿਸੇ ਦੇ ਹੱਥ ਚਿੱਠੀਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਤੇ ਇਕ ਚਿੱਠੀ ਜਿਸ ਵਿਚ ਉਸ ਨੇ ਕਿਸੇ ਰੈਸਟੋਰੈਂਟ ਵਿਚ ਮਿਲਣ ਲਈ ਕਿਹਾ ਸੀ, ਕਿਤੇ ਮੇਰੇ ਭਰਾ ਤੇ ਡੈਡੀ ਹੱਥ ਆ ਗਈ ਤਾਂ ਉਦੋਂ ਦੀ ਹੀ ਤਰਥੱਲੀ ਮੱਚੀ ਹੋਈ ਹੈ ਘਰ ਵਿਚ । ਉਹਨਾਂ ਮੈਨੂੰ ਮਾਰ ਦੇਣਾ ਹੈ । ਮੈਂ ਦੱਸ ਕੀ ਕਰਾਂ । ਤੇ ਇਕ ਦਮ ਰੋਣਾ ਸ਼ੁਰੂ ਕਰ ਦਿੱਤਾ । ਹੁਣ ਮੇਰੇ ਲਈ ਇਕੋ ਇਕ ਰਸਤਾ ਹੈ--ਮੌਤ ।"

"ਚੱਲ ਹਟ, ਐਵੇਂ ਨਹੀਂ ਇੰਜ ਸੋਚੀਦਾ--ਪਰ ਆਖਰ ਕਦ ਤੱਕ ਤੂੰ ਇੰਜ ਲੁਕੀ ਰਹੇਂਗੀ । ਖੁਸ਼ੀ ਨਾਲ ਤਾਂ ਭਾਵੇਂ ਤੂੰ ਮਹੀਨਾ ਰਹਿ ਪਰ ਇਵੇਂ ਬਿਨਾਂ ਦੱਸੇ ਘਰੋਂ ਨਿਕਲਣਾ ਠੀਕ ਨਹੀਂ ਲੱਗਦਾ । ਮੇਰੀ ਸਲਾਹ ਏ, ਮੈਂ ਪਾਪਾ ਨੂੰ ਦਸ ਦਿੰਦੀ ਆਂ । ਸ਼ਾਇਦ ਕੋਈ ਹੱਲ ਨਿਕਲ ਆਏ ।"

"ਨਹੀਂ ਨਹੀਂ, ਬਿਲਕੁਲ ਨਹੀਂ---।"

"ਤੇ ਫਿਰ ਕੀ ਕਰਨਾ ਏਂ ?"

"ਬਸ ਮੈਂ ਮਰ ਜਾਣਾ ਏਂ, ਇਹੀ ਹੱਲ ਹੈ--"

"ਸ਼ੁਦੈਣ ਏਂ ਤੂੰ ਤਾਂ--ਮੁੜ ਕੇ ਇੰਜ ਕਿਹਾ ਤਾਂ ਕੁੱਟਣਾ ਏ ਮੈਂ ਤੈਨੂੰ ।"

"ਉਹ ਕੀ ਕਹਿਣਗੇ--ਇਵੇਂ ਦੀ ਕੁੜੀ ਐ ।"

"ਉਹੋ, ਤੂੰ ਕਿੰਨਾ ਚਿਰ ਲੁਕਾਏਂਗੀ ਆਖਰ--। ਜੇ ਉਹਨਾਂ ਨੂੰ ਕੋਈ ਤੇਰੇ ਘਰ ਦਾ ਮਿਲ ਪਿਆ ਤੇ ਫਿਰ ? ਬੇਹਤਰ ਹੈ ਕਿ ਆਪ ਈ ਦਸ ਦੇਈਏ । ਇੰਜ ਚੂਹੇ ਵਾਂਗ ਡਰ ਕੇ ਬੈਠ ਜਾਣ ਨਾਲ ਤਾਂ ਕੰਮ ਨਹੀਂ ਚਲਣਾ । ਮੁਸੀਬਤ ਦਾ ਸਾਹਮਣਾ ਕਰਨ ਦੀ ਵੀ ਜੁਰੱਅਤ ਹੋਣੀ ਚਾਹੀਦੀ ਹੈ । ਹੌਂਸਲਾ ਰੱਖ, ਤਕੜੀ ਹੋ--।"

ਤੇ ਮੇਰੀ ਸਹੇਲੀ ਨੇ ਪਾਪਾ ਨੂੰ ਸਾਰੀ ਗੱਲ ਦੱਸ ਦਿੱਤੀ । ਮੇਰਾ ਤਾਂ ਦਿਲ ਘਬਰਾ ਰਿਹਾ ਸੀ, ਸੰਘ ਖੁਸ਼ਕ ਹੋ ਰਿਹਾ ਸੀ । ਦਿਲ ਡੁੱਬੀ ਜਾ ਰਿਹਾ ਸੀ ਕਿ ਪਤਾ ਨਹੀਂ ਇਸਦੇ ਪਾਪਾ ਨੇ ਕੀ ਕਹਿ ਦੇਣਾ ਹੈ । ਤਾਂ ਹੀ ਕਿਸੇ ਨੇ ਮੇਰੇ 'ਤੇ ਪਿਆਰ ਭਰਿਆ ਹੱਥ ਰੱਖਦੇ ਹੋਏ ਮਿੱਠੇ ਸ਼ਬਦਾਂ ਵਿਚ ਕਿਹਾ--

"ਬੇਟੇ ਘਬਰਾਉਣ ਦੀ ਲੋੜ ਨਹੀਂ ਹੈ, ਅਜਿਹੀਆਂ ਘਟਨਾਵਾਂ ਅਕਸਰ ਵਾਪਰ ਜਾਂਦੀਆਂ ਹਨ । ਮੈਂ ਤੇਰੇ ਘਰਦਿਆਂ ਨੂੰ ਸਮਝਾ ਆਵਾਂਗਾ ਸਭ ਠੀਕ ਹੋ ਜਾਏਗਾ ।"

ਉਸ ਵਕਤ ਉਹ ਸੱਚ ਹੀ ਮੈਨੂੰ ਇਕ ਦੇਵਤੇ ਦੀ ਤਰ੍ਹਾਂ ਲੱਗੇ । ਕੁਝ ਰਾਹਤ ਮਿਲੀ, ਠੰਡਕ ਜਿਹੀ ਮਹਿਸੂਸ ਹੋਈ । ਤੇ ਪਤਾ ਨਹੀਂ ਉਹਨਾਂ ਇਕੱਲਿਆਂ ਜਾ ਕੇ ਘਰਦਿਆਂ ਉਪਰ ਕੀ ਜਾਦੂ ਕੀਤਾ ਕਿ ਅਗਲੇ ਫੇਰੇ ਜਦ ਮੈਨੂੰ ਨਾਲ ਲੈ ਕੇ ਘਰ ਛੱਡਣ ਗਏ ਤਾਂ ਮੇਰੇ ਭਰਾ, ਮਾਂ ਬਾਪ ਸਭ ਦੀਆਂ ਧਮਕੀਆਂ ਤੇ ਗੁੱਸੇ ਕਾਫੂਰ ਵਾਂਗ ਉੱਡ ਕੇ ਅਲੋਪ ਹੋ ਚੁੱਕੇ ਸਨ । ਸਾਰਿਆਂ ਨੇ ਯਕੀਨ ਦੁਆਇਆ ਕਿ ਉਹਨਾਂ ਨੇ ਚਿੱਠੀਆਂ ਪਾਉਣ

Academy of the Punjab in North America: http://www.apnaorg.com

ਵਾਲੇ ਲੜਕੇ ਨੂੰ ਝਾੜਿਆ ਝੰਬਿਆ ਹੈ ਤੇ ਹੁਣ ਮੇਰੇ ਵੱਲ ਦੇਖਣ ਦੀ ਜੁਰੱਅਤ ਨਹੀਂ ਕਰ ਸਕੇਗਾ ।

"ਤੇ ਤੂੰ ਬੇਟੇ, ਆਪਣੀ ਪੜ੍ਹਾਈ ਵੱਲ ਧਿਆਨ ਦੇਹ । ਜਿਸ ਚੀਜ਼ ਦੀ ਸਮਝ ਨਾ ਲੱਗੇ ਮੈਥੋਂ ਪੁੱਛ ਲਿਆ ਕਰੀਂ । ਕੋਈ ਕਦਮ ਚੁੱਕਣ ਤੋਂ ਪਹਿਲਾਂ ਆਪਣੇ ਮਾਂ ਬਾਪ ਨਾਲ ਜ਼ਰੂਰ ਹੀ ਗੱਲ ਕਰ ਲੈਣੀ ਚਾਹੀਦੀ ਹੈ ।" ਤੇ ਇਹ ਕਹਿ ਕੇ ਉਹ ਚਲੇ ਗਏ । ਗਲ ਆਈ ਗਈ ਹੋ ਗਈ ।

ਮੈਂ ਅਕਸਰ ਉਹਨਾਂ ਦੇ ਘਰ ਜਾਂਦੀ । ਆਪਣੀ ਪੜ੍ਹਾਈ ਦੀ ਕੋਈ ਪਰੌਬਲਮ ਦੱਸਦੀ ਕਿ ਮੈਂ ਇਸ ਵਿਸ਼ੇ 'ਚੋਂ ਫੇਲ੍ਹ ਹੋ ਗਈ ਹਾਂ ਆਦਿ ਸਚਾਈ ਦਸ ਦਿੰਦੀ । ਉਹ ਮੈਨੂੰ ਪੜ੍ਹਾਉਂਦੇ ਵੀ ਤੇ ਨਾਲ ਹੋਰ ਵੀ ਸਿਆਣੀਆਂ ਗੱਲਾਂ ਸਮਝਾਉਂਦੇ ।

"ਦੇਖ ਮੈਨੂੰ ਜੇ ਪਤਾ ਲਗਦਾ ਕਿ ਉਹ ਲੜਕਾ ਚੰਗਾ ਹੈ ਤਾਂ ਮੈਂ ਜ਼ਰੂਰ ਤੇਰੀ ਸਿਫਾਰਿਸ਼ ਕਰਦਾ ਪਰ ਉਹ ਤਾਂ ਤੈਨੂੰ ਚਿੱਠੀ ਦਿਖਾ ਕੇ ਬਲੈਕ ਮੇਲ ਕਰ ਰਿਹਾ ਸੀ । ਉਹ ਬਦਮਾਸ਼ ਟਾਈਪ ਦਾਂ ਬੰਦਾ ਸੀ । ਤੇਰੇ ਵਿਚ ਲਿਖਣ ਦਾ ਕਿੰਨਾ ਵਧੀਆ ਹੁਨਰ ਹੈ, ਤੂੰ ਕਵਿਤਾਵਾਂ, ਕਹਾਣੀਆਂ ਲਿਖਦੀ ਏਂ । ਹੋਰ ਬਹੁਤ ਸਾਰਾ ਸਾਹਿਤ ਪੜ੍ਹ, ਤੂੰ ਤਾਂ ਬਹੁਤ ਵੱਡੀ ਲੇਖਿਕਾ ਬਣ ਸਕਦੀ ਏਂ । ਵਧ ਤੋਂ ਵਧ ਗਿਆਨ ਹਾਸਲ ਕਰੋ, ਕੈਰੀਅਰ ਬਣਾਓ, ਫਿਰ ਸ਼ਾਦੀ ਬਾਰੇ ਸੋਚਣਾ ਚਾਹੀਦਾ ਏ । ਸ਼ਾਦੀ ਕੋਈ ਗੁੱਡੇ ਗੁੱਡੀਆਂ ਦਾ ਖੇਲ ਨਹੀਂ ਹੈ, ਬਹੁਤ ਵੱਡੀ ਜਿੰਮੇਵਾਰੀ ਹੈ ।"

ਮੈਂ ਆਪਣੀ ਪੜ੍ਹਾਈ ਵਿਚ ਰੁੱਝ ਗਈ । ਉਹ ਹਰ ਵਾਰੀ ਮੇਰੀ ਹੌਂਸਲਾ-ਅਫਜ਼ਾਈ ਕਰਦੇ ਰਹੇ । ਮੇਰੇ ਦਿਲ ਵਿਚ ਉਹਨਾਂ ਦੀ ਕਦਰ ਹੋਰ ਵਧ ਗਈ । ਉਹ ਮੇਰੇ ਅਧਿਆਪਕ ਸਨ, ਗੁਰੂ ਸਨ, ਤੇ ਹਮਦਰਦ ਸਨ । ਵੈਸੇ ਉਹ ਪੇਸ਼ੇ ਤੋਂ ਡਾਕਟਰ ਸਨ ।

ਫਿਰ ਮੇਰੀ ਸਹੇਲੀ ਦਾ ਵਿਆਹ ਹੋ ਗਿਆ ਤੇ ਨਾਲ ਹੀ ਉਸਦੇ ਭਰਾ ਦਾ ਵੀ । ਪਰ ਸਹੇਲੀ ਦੇ ਭਰਾ ਦਾ ਵਿਆਹ ਸੁਣ ਕੇ ਫਿਰ ਇਕ ਵਾਰੀ ਮੇਰੇ ਮਨ ਨੂੰ ਧੱਕਾ ਜਿਹਾ ਲੱਗਾ । ਮਨ ਹੀ ਮਨ ਮੈਂ ਸੋਚ ਰੱਖਿਆ ਸੀ ਕਿ ਕਿੰਨਾ ਚੰਗਾ ਹੋਵੇ ਕਿ ਮੈਂ ਇਸੇ ਘਰ ਵਿਚ ਹੀ ਵਿਆਹੀ ਜਾਵਾਂ । ਪਰ ਇਹ ਭੇਦ ਮੈਂ ਕਿਸੇ ਪਾਸ ਵੀ ਨਹੀਂ ਖੋਲ੍ਹਿਆ ਕਿ ਕੋਈ ਕੀ ਕਹੇਗਾ--।

ਜਦ ਵੀ ਕਦੇ ਮੈਂ ਸਹੇਲੀ ਘਰ ਜਾਂਦੀ, ਉਸਦਾ ਭਰਾ ਵੀ ਅਕਸਰ ਮੈਨੂੰ ਮਿਲਦਾ ਪਰ ਮੈਂ ਕਦੇ ਉਹ ਵੱਲ ਸਿੱਧਾ ਦੇਖਣ ਦੀ ਹਿੰਮਤ ਨਾ ਕਰ ਸਕੀ । ਉਹ ਦੇਖਣ ਵਿਚ ਬੜਾ ਸ਼ਰੀਫ ਜਿਹਾ, ਭੋਲਾ ਤੇ ਪਿਆਰਾ ਲੱਗਦਾ ਸੀ । ਨਾ ਉਸ ਨੇ ਕਦੇ ਬੁਲਾਇਆ ਤੇ ਨਾ ਮੈਂ ਕਦੇ ਕੋਈ ਬੋਲ ਸਾਂਝਾ ਕੀਤਾ । ਸਿਰਫ ਇਕ ਵਾਰ ਜਦ ਮੇਰੀ ਸਹੇਲੀ ਕਹਿ ਰਹੀ ਸੀ--

"ਚਲ ਪਹਿਲੇ ਰਸੋਈ ਵਿਚ ਚਾਹ ਬਣਾਉਂਦੀਆਂ ਹਾਂ, ਫਿਰ ਆ ਕੇ ਗੱਲਾਂ ਕਰਦੀਆਂ ਹਾਂ ।"

ਤਾਂ ਉਸਦੇ ਭਰਾ ਨੇ ਲਾਗਿਓਂ ਕਿਹਾ--

"ਤੁਸੀਂ ਦੋਵੇਂ ਆਪਣੀਆਂ ਗੱਲਾਂ ਕਰੋ, ਅੱਜ ਚਾਹ ਮੈਂ ਬਣਾ ਕੇ ਲਿਆਉਂਦਾ ਹਾਂ ।"

"ਵਾਹ ! ਆਹ ਤਾਂ ਬਹੁਤ ਵਧੀਆ ਗੱਲ ਕੀਤੀ ਏ, ਚਲ ਜਾਹ ਫਿਰ ।" ਤੇ ਮੈਂ

Academy of the Punjab in North America: http://www.apnaorg.com

ਸਹੇਲੀ ਦੇ ਮੋਢੇ ਧੱਫਾ ਮਾਰਦਿਆਂ ਕਿਹਾ--

"ਕੀ ਕਰਦੀ ਏਂ ਐਵੇਂ--"

"ਬਸ ਤੂੰ ਚੁੱਪ ਕਰ, ਰੋਜ਼ ਆਪਣੀ ਬਣਾਈ ਹੀ ਪੀਵੀਦੀ ਹੈ, ਮੁੰਡਿਆਂ ਨੂੰ ਵੀ ਤਾਂ ਜਾਚ ਆਉਣੀ ਚਾਹੀਦੀ ਏ।"

"ਅੱਛਾ, ਤੇਰੀ ਬੀ. ਐੱਡ, ਦੀ ਕਿੰਨੀ ਕੁ ਤਿਆਰੀ ਹੋ ਗਈ ਏ, ਹੁਣ ਤਾਂ ਮਸੀਂ ਡੂੜ੍ਹ ਕੁ ਮਹੀਨਾ ਰਹਿ ਗਿਆ ਏ ਪੇਪਰਾਂ 'ਚ।"

ਪਰ ਇਸ ਵਕਤ ਮੇਰਾ ਧਿਆਨ ਉਖੜਿਆ ਜਿਹਾ, ਰਸੋਈ ਵਿਚੋਂ ਇਕ ਇਕ ਚੀਜ਼ ਦਾ ਖੜਾਕ ਸੁਣ ਰਿਹਾ ਸੀ ਤੇ ਸਹੇਲੀ ਦੀਆ ਗੱਲਾਂ ਬੜੀਆਂ ਖੁਸ਼ਕ ਤੇ ਬੇਸੁਆਦਲੀਆਂ ਲੱਗ ਰਹੀਆਂ ਸਨ, ਪਤਾ ਨਹੀਂ ਉਹ ਕੀ ਕੁਝ ਬੋਲੀ ਜਾ ਰਹੀ ਸੀ।

ਤੇ ਉਸਦੇ ਭਰਾ ਨੇ ਚਾਹ ਵਾਲੇ ਕੱਪ ਸਾਡੇ ਸਾਹਮਣੇ ਲਿਆ ਰੱਖੇ! ਉਸ ਦਿਨ ਚਾਹ ਦੇ ਕੱਪ ਦਾ ਸੁਆਦ ਈ ਕੁਝ ਹੋਰ ਸੀ। ਇਕ ਵੱਖਰਾ ਸਰੂਰ ਜਿਹਾ।

"ਚਾਹ ਬਹੁਤ ਸੁਆਦ ਏ।"

"ਸ਼ੁਕਰੀਆ" ਉਸ ਮੁਸਕਰਾਉਂਦੇ ਹੋਏ ਕਿਹਾ ਤੇ ਲੱਗਾ ਜਿਵੇਂ ਉਸਦੀ ਇਕੋ ਮੁਸਕਾਨ ਨੇ ਹੀ ਅਨੇਕਾਂ ਖੁਸ਼ਬੂਦਾਰ ਰੰਗ ਬਿਖੇਰ ਦਿੱਤੇ ਹੋਣ ਤੇ ਉਹਨਾਂ ਰੰਗਾਂ ਉਪਰ ਮੈਂ ਤੈਰ ਰਹੀ ਹੋਵਾਂ।

"ਤੁਸੀਂ ਅਜ ਕਲ ਕੀ ਕਰ ਰਹੇ ਜੇ ?" ਮੈਂ ਝਕਦਿਆਂ ਤੇ ਆਪਣੇ ਬਹਿਕਦੇ ਮਨ ਦੀ ਲਗਾਮ ਖਿੱਚਣ ਲਈ ਪੁੱਛਿਆ--

ਪਰ ਵਿਚੇ ਈ ਮੇਰੀ ਸਹੇਲੀ ਬੋਲ ਪਈ "ਇਹ ਅਜ ਕਲ ਟੈਕਸਟਾਈਲ ਦਾ ਕੋਰਸ ਕਰ ਰਿਹਾ ਏ।"

ਮੈਨੂੰ ਆਪਣੀ ਸਹੇਲੀ ਤੇ ਬੜੀ ਖਿੱਝ ਜਿਹੀ ਚੜ੍ਹੀ।

"ਤੈਨੂੰ ਕਿਸ ਪੁੱਛਿਆ ਸੀ ?" ਮੈਂ ਮਨ 'ਚ ਹੀ ਕਿਹਾ। ਤੇ ਉਸ ਨਾਲ ਕੋਈ ਗੱਲ ਨਾ ਹੋ ਸਕੀ।

ਖੈਰ, ਦੋਵੇਂ ਭੈਣ ਭਰਾ ਆਪੋ ਆਪਣੇ ਗ੍ਰਹਿਸਥ ਵਿਚ ਸੈਂਟਲ ਹੋ ਗਏ। ਉਸ ਦੇ ਭਰਾ ਨੂੰ ਲੁਧਿਆਣੇ ਮਿੱਲ ਵਿਚ ਚੰਗੀ ਨੌਕਰੀ ਮਿਲ ਗਈ। ਸੁੰਦਰ ਕਲੋਨੀ ਵਿਚ ਇਕ ਬਹੁਤ ਵੱਡਾ ਕਵਾਟਰ ਵੀ ਮਿਲ ਗਿਆ।

ਉਸ ਤੋਂ ਬਾਅਦ ਮੈਂ ਉਹਨਾਂ ਦੇ ਘਰ ਕਦੇ ਨਾ ਗਈ। ਐਮ. ਏ. ਕਰਕੇ ਪ੍ਰਾਈਵੇਟ ਸਕੂਲ ਵਿਚ ਲੱਗ ਗਈ ਸਾਂ। ਮੇਰੇ ਲਈ ਲੜਕੇ ਦੇਖਣੇ ਸ਼ੁਰੂ ਹੋ ਗਏ। ਇਕ ਲੜਕਾ ਗੋਰਾ, ਗੋਲ ਚਿਹਰਾ, ਭਰਵੀਂ ਦਾੜ੍ਹੀ, ਬੈਂਕ ਮੁਲਾਜ਼ਮ ਸੀ। ਉਸ ਨਾਲ ਮੇਰੀ ਮੰਗਣੀ ਹੋ ਰਹੀ ਸੀ। ਦੋ ਗਰੁੱਪ ਬਣੇ ਹੋਏ ਸਨ, ਇਕ ਇੱਧਰ ਦਾ ਤੇ ਇਕ ਲੜਕੇ ਵਾਲਿਆਂ ਦਾ। ਦੋਵੇਂ ਧਿਰਾਂ ਦੇ ਮੈਂਬਰ ਚੋਰ ਨਜ਼ਰਾਂ ਨਾਲ ਇਕ ਦੂਸਰੇ ਵੱਲ ਦੇਖ ਰਹੇ ਸਨ ਕਿ ਫਲਾਣਾ ਕੌਣ ਹੈ, ਉਹ ਮੁੰਡੇ ਦਾ ਕੀ ਲਗਦਾ ਹੈ, ਜੋੜੀ ਚੰਗੀ ਰਹੇਗੀ ਆਦਿ। ਸਾਰੇ ਪਾਸੇ ਘੁਸਰ ਮੁਸਰ ਹੋ ਰਹੀ ਸੀ।

"ਔਹ ਮੁੰਡੇ ਦੀ ਭੈਣ ਹੈ, ਨੀਲੀ ਚੁੰਨੀ ਵਾਲੀ। ਇਕ ਹੋਰ ਵੀ ਹੈ। ਉਹ ਵਿਆਹੀ ਹੈ ਪਰ ਪਤਾ ਨਹੀਂ ਠਾਕੇ 'ਚ ਕਿਉਂ ਨਹੀਂ ਆਈ। ਕਹਿੰਦੇ ਨੇ ਬੰਬਈ ਵਿਆਹੀ ਹੈ ਤੇ ਬੱਚੇ ਨਾਲ ਏਨੀ ਦੂਰੋਂ ਕਿੱਥੇ ਆਇਆ ਜਾਂਦਾ, ਵਿਆਹ ਵਿਚ


Academy of the Punjab in North America: http://www.apnaorg.com

ਆਏਗੀ।"

ਘੁਸਰ ਮੁਸਰ ਤੇਜ਼ ਹੋ ਗਈ। ਇਕ ਜਨਾਨੀ ਕਹਿਣ ਲੱਗੀ ਪਰ ਮੁੰਡੇ ਦੀ ਇਕ ਭੈਣ ਤਾਂ ਡਾਕਟਰ ਘਰ ਵਿਆਹੀ ਹੈ, ਮੈਂ ਉਸਨੂੰ ਉਥੇ ਕਈ ਵਾਰ ਦੇਖਿਆ, ਇਹ ਕਹਿੰਦੇ ਬੰਬਈ ਵਿਆਹੀ, ਇਹ ਕੀ ਮਾਜਰਾ ਹੈ। ਦਾਲ 'ਚ ਕੁਝ ਕਾਲਾ ਹੈ। ਇਹਨਾਂ ਝੂਠ ਕਿਉਂ ਬੋਲਿਆ ਤੇ ਉਹ ਵੀ ਸੁਣਿਆ ਹੈ ਕਿ ਉਹ ਆਪਣਾ ਬੱਚਾ ਉਥੇ ਛੱਡ ਕੇ ਚੋਰੀ ਭੱਜ ਗਈ ਸੀ। ਤੇ ਉਦੋਂ ਦੀ ਪੇਕੇ ਹੀ ਬੈਠੀ ਹੋਈ ਹੈ। ਮਾਂ ਤੇ ਏਹੋ ਭਰਾ ਸਹੁਰੇ ਭੇਜਣਾ ਨਹੀਂ ਚਾਹੁੰਦੇ ਕਹਿੰਦੇ ਤਲਾਕ ਹੀ ਲੈ ਲੈਣਾ ਹੈ। ਤੇ ਮੁੰਡੇ ਵਾਲਿਆਂ ਪਾਸੋਂ ਚੰਗੇ ਪੈਸੇ ਠੱਗਣੇ ਚਾਹੁੰਦੇ ਨੇ। ਉਹ ਤਾਂ ਡਾਕਟਰ ਹੁਰੀਂ ਬਹੁਤ ਚੰਗੇ ਬੰਦੇ ਨੇ--ਹਾਂ ਤਾਂ ਹੀ ਤਾਂ ਵਿਆਹ ਜਲਦੀ ਮੰਗ ਰਹੇ ਨੇ।

ਮੇਰੇ ਕੰਨ ਵੀ ਚੌਂਕ ਪਏ ਨਹੀਂ ਨਹੀਂ, ਮੈਂ ਅਜਿਹੇ ਥਾਂ ਵਿਆਹ ਨਹੀਂ ਕਰਨਾ। ਤੇ ਇਹ ਗੱਲ ਰੂੰ ਦੇ ਪਿੰਜਣ ਵਾਂਗ ਸਾਰੇ ਖਿਲਰ ਗਈ। ਮੇਰੀ ਸੋਚ ਹੋਣ ਵਾਲੇ ਪਤੀ ਨਾਲੋਂ ਹੱਟ ਕੇ ਇਸ ਮਾਮਲੇ ਨੂੰ ਗੌਰ ਕਰਨ ਲੱਗੀ ਜਿਵੇਂ ਮੇਰਾ ਆਪਣਾ ਘਰ ਲੁੱਟਿਆ ਗਿਆ ਹੋਵੇ। ਬਾਰ ਬਾਰ ਪ੍ਰਸ਼ਨ ਚਿੰਨ੍ਹ ਮੇਰੀਆਂ ਅੱਖਾਂ ਸਾਹਵੇਂ ਘੁੰਮਣ ਲੱਗੇ--ਉਹ ਕਿਉਂ ਚਲੀ ਗਈ, ਕਿਉਂ ? ਐਡਾ ਜ਼ੁਲਮ ਉਸ ਕਿਉਂ ਢਾਹਿਆ, ਫਿਰ ਉਹਨਾਂ ਨਾਲ ਜਿਨ੍ਹਾਂ ਨੂੰ ਮੈਂ ਦੇਵਤਿਆਂ ਦੀ ਤਰ੍ਹਾਂ ਮੰਨਦੀ ਸਾਂ। ਉਹ ਹੰਕਾਰੀ, ਬੇਕਦਰੀ ਠੁਕਰਾ ਕੇ ਚਲੀ ਗਈ ਤੇ ਫਿਰ ਬੱਚੇ ਦੀ ਵੀ ਪ੍ਰਵਾਹ ਨਹੀਂ ਕੀਤੀ।

ਮੇਰਾ ਉਥੇ ਬੈਠਣਾ ਮੁਹਾਲ ਹੋ ਗਿਆ। ਮੈਂ ਆਪਣੀ ਮਾਂ ਨੂੰ ਕਿਹਾ ਕਿ ਜਿੰਨ੍ਹਾਂ ਚਿਰ ਇਹ ਝੂਠ ਨਿੱਤਰ ਨਹੀਂ ਜਾਂਦਾ, ਕੋਈ ਸੰਜੋਗ ਦੀ ਗੱਲ ਨਹੀਂ ਹੋਏਗੀ, ਸ਼ਗਨ ਦੀ ਜਾਂ ਲੈਣ ਦੇਣ ਦੀ ਗਲ ਨਹੀਂ ਹੋਵੇਗੀ।

ਤੇ ਇਧਰ ਕਿਸੇ ਤਰ੍ਹਾਂ ਪੱਜ ਲਾ ਕੇ ਠਾਕੇ ਦੀ ਕਾਰਵਾਈ ਅਗਾਂਹ ਪਾ ਦਿੱਤੀ ਗਈ। ਤੇ ਮੇਰੇ ਮੰਮੀ ਡੈਡੀ ਨੇ ਵੀ ਇਸ ਮਾਜਰੇ ਦਾ ਪਤਾ ਕਰਨਾ ਸ਼ੁਰੂ ਕਰ ਦਿੱਤਾ। ਉਹ ਜਿਉਂ ਜਿਉਂ ਵਿਚੋਲੇ ਤੇ ਹੋਰ ਵਾਕਫਾਂ ਰਾਹੀਂ ਪਤਾ ਕਰਦੇ, ਡਾਕਟਰਾਂ ਦਾ ਪਲੜਾ ਹੀ ਭਾਰੀ ਲੱਗਦਾ। ਕਿਸੇ ਇਨਸਾਨ ਨੇ ਵੀ ਉਹਨਾਂ ਨੂੰ ਨਹੀਂ ਨਿੰਦਿਆ। ਲੜਕੀ ਵਾਲੇ ਉਹਨਾਂ ਨੂੰ ਸ਼ਰੀਫ ਸਮਝ ਕੇ ਬਲੈਕ ਮੇਲ ਕਰ ਰਹੇ ਸਨ। ਡਾਕਟਰ ਹੁਰੀਂ ਕਈ ਵਾਰ ਸਮਝੌਤੇ ਲਈ ਅਗਾਂਹ ਵਧੇ ਸਨ ਪਰ ਉਹ ਹਰ ਵਾਰੀ ਆਪਣੀਆਂ ਸ਼ਰਤਾਂ ਰੱਖ ਕੇ ਠੁਕਰਾ ਦਿੰਦੇ ਸਨ, ਕਿ ਮੁੰਡਾ ਆਪਣੇ ਮਾਂ ਪਿਓ ਨੂੰ ਨਾ ਮਿਲੇ ਤੇ ਜਾਇਦਾਦ ਕੁੜੀ ਦੇ ਨਾਂ ਲਗਾਵੇ। ਲੜਕੀ ਜਦ ਜੀਅ ਕਰੇ ਪੇਕੇ ਜਾਏ ਆਏ ਆਦਿ। ਇਹ ਦੇਖ ਡਾਕਟਰ ਹੁਰੀਂ ਤਾਂ ਮਜਬੂਰਨ ਤਾਲਾਕ ਲਈ ਹੱਥ ਪੈਰ ਮਾਰ ਰਹੇ ਹਨ।

ਪਰ ਪਿਆਰ ਤਾਂ ਅੰਦਰੂਨੀ ਭਾਵਨਾ ਹੈ, ਸ਼ਰਤਾਂ ਨਾਲ ਨਹੀਂ ਹੋ ਸਕਦਾ। ਆਪਣੇ ਆਪਣੇ ਮਨ ਦੀ ਐਨਕ ਹੈ। ਹਰੀ ਐਨਕ ਨਾਲ ਹਰਾ ਦਿੱਸਦਾ ਹੈ ਤੇ ਕਾਲੀ ਲਾਓ ਤਾਂ ਸਭ ਕਾਲਾ। ਪਿਆਰ ਹਮਦਰਦੀ ਵਾਲਾ ਤਾਂ ਔਗੁਣਾਂ ਨੂੰ ਨਹੀਂ ਦੇਖਦਾ ਗੁਣਾਂ ਨੂੰ ਹੀ ਉਤਾਂਹ ਚੁੱਕਦਾ ਹੈ। ਡਾਕਟਰ ਸਾਹਿਬ ਨੇ ਆਪਣੇ ਇਕਲੌਤੇ ਬੇਟੇ ਦਾ ਵਿਆਹ ਬਿਨਾਂ ਦਾਜ ਦੇ ਕੀਤਾ ਤੇ ਫਿਰ ਵੀ ਲੜਕੀ ਵਾਲਿਆਂ ਭੋਰਾ ਕਦਰ ਨਹੀਂ ਪਾਈ। ਮੇਰੀ ਸੋਚ ਉਸ ਘਰ ਨਾਲ ਫਿਰ ਤੋਂ ਬੱਝ ਗਈ। ਮੈਂ ਕਿਵੇਂ ਉਹਨਾਂ ਦਾ ਦੁੱਖ ਦੂਰ ਕਰ ਸਕਦੀ ਹਾਂ।

ਹਾਂ, ਇਹੀ ਮੌਕਾ ਹੈ... ਡਾਕਟਰ ਦੇ ਲੜਕੇ ਨਾਲ ਸ਼ਾਦੀ। ਤੇ ਮੈਂ ਆਪਣਾ ਫੈਸਲਾ

Academy of the Punjab in North America: http://www.apnaorg.com

ਆਪਣੀ ਮਾਂ ਨੂੰ ਸੁਣਾ ਦਿੱਤਾ। ਮੈਂ ਉਸ ਘਰ ਨੂੰ ਸਵਾਰਾਂਗੀ।

"ਤੇਰਾ ਦਿਮਾਗ ਤਾਂ ਨਹੀਂ ਖਰਾਬ ਹੋ ਗਿਆ। ਉਹ ਲੜਕਾ ਵਿਆਹਿਆ ਹੋਇਆ ਹੈ ਤੇ ਉਸਦਾ ਇਕ ਬੱਚਾ ਵੀ ਹੈ। ਲੋਕ ਕੀ ਕਹਿਣਗੇ ਕਿ ਕੁੜੀ ਵਿਚ ਪਤਾ ਨਹੀਂ ਕੀ ਨੁਕਸ ਹੈ, ਜੋ ਦੁਹਾਜੂ ਮੁੰਡੇ ਨਾਲ ਵਿਆਹ ਤੀ ਹੈ।" ਮੇਰੇ ਮਾਂ ਬਾਪ ਨੇ ਇਨਕਾਰ ਕਰ ਦਿੱਤਾ।

"ਇੱਜ਼ਤ ਤਾਂ ਮਾਂ ਬਾਪ ਦੀ ਸਹੁਰੇ ਵਸਦੀਆਂ ਕੁੜੀਆਂ ਨਾਲ ਹੁੰਦੀ ਹੈ, ਨਾ ਕਿ ਵਿਆਹ ਕਰਕੇ ਘਰ ਬਰਬਾਦ ਕਰਨ ਨਾਲ। ਜੇ ਮੈਂ ਅਜਿਹੇ ਘਰ ਵਿਆਹੀ ਜਾਂਦੀ, ਜਿਨ੍ਹਾਂ ਦੀ ਬੁਨਿਆਦ ਝੂਠ ਫ਼ਰੇਬ ਸਿਰ ਤੇ ਖੜੀ ਹੁੰਦੀ ਹੈ। ਜਾਂ ਦਾਜ ਤੇ ਦਾਜ ਮੰਗੀ ਜਾਂਦੇ ਤਾਂ ਕੀ ਇਹ ਚੰਗਾ ਹੁੰਦਾ ? ਤੁਸੀਂ ਆਪਣੀ ਲੜਕੀ ਨੂੰ ਸੁੱਟ ਕੇ ਸੁੱਖੀ ਹੁੰਦੇ ? ਮੈਂ ਤਾਂ ਉਹਨਾਂ ਨੂੰ ਸ਼ੁਰੂ ਤੋਂ ਹੀ ਜਾਣਦੀ ਹਾਂ। ਕਿੰਨੇ ਨੇਕ ਇਨਸਾਨ ਨੇ ਉਹ, ਬਾਕੀ ਬੱਚੇ ਦਾ ਕੀ ਕਸੂਰ ਹੈ, ਜੇ ਦਾਦਾ ਦਾਦੀ ਉਸ ਨੂੰ ਪਾਲ ਸਕਦੇ ਹਨ ਤਾਂ ਕੀ ਮੈਂ ਨਹੀਂ ਪਾਲ ਸਕਦੀ ?"

"ਅੱਛਾ ਸੋਚਦੇ ਹਾਂ।" ਮੰਜੂ ਦੀਆਂ ਗੱਲਾਂ ਉਸਦੇ ਮਾਂ ਬਾਪ ਦੇ ਮਨ ਨੂੰ ਲੱਗੀਆਂ। "ਸਾਡੀ ਲੜਕੀ ਹੁਣ ਸਿਆਣੀ ਹੋ ਗਈ ਹੈ।"

"ਮੈਂ ਵੀ ਇਹ ਅਵਸਰ ਕਿਸੇ ਤਰ੍ਹਾਂ, ਖੋਹਣਾ ਨਹੀਂ ਸਾਂ ਚਾਹੁੰਦੀ। ਬੇਟੀ ਤੇਰੀਆਂ ਗੱਲਾਂ ਵਿਚ ਵਜ਼ਨ ਤਾਂ ਹੈ, ਪਰ ਫਿਰ ਲੋਕ, ਰਿਸ਼ਤੇਦਾਰ--।"

"ਲੋਕ ਸਿਰਫ ਤਮਾਸ਼ਾ ਦੇਖਣ ਵਾਲਿਆਂ ਵਿਚੋਂ ਹੁੰਦੇ ਹਨ। ਸਵਾਰਨ ਵਾਲਾ ਕੋਈ ਨਹੀਂ ਹੁੰਦਾ। ਉਸ ਘਰ ਨਾਲ ਮੈਂ ਵਰਤਣਾ ਹੈ, ਲੋਕਾਂ ਨੇ ਨਹੀਂ।" ਤੇ ਮੰਜੂ ਦੇ ਅੱਗੇ ਮਾਪਿਆਂ ਨੂੰ ਝੁਕਣਾ ਪਿਆ।

"ਤੂੰ ਪਹਿਲੇ ਕਿਥੇ ਛੁਪੀ ਰਹੀ।" ਉਸਦੀ ਸੱਸ ਨੇ ਜੱਫੀ ਵਿਚ ਲੈਂਦਿਆਂ ਕਿਹਾ। ਤੇ ਮੰਜੂ ਨੇ ਸਿਰਫ ਸੰਗ ਭਰੀ ਮੁਸਕਾਨ ਹੀ ਦਿੱਤੀ। ਉਸ ਮੁਸਕਾਨ ਪਿੱਛੇ ਉਸ ਦਾ ਮਨ ਬੋਲ ਰਿਹਾ ਸੀ, "ਮੈਂ ਤਾਂ ਨਹੀਂ ਸਾਂ ਛੁਪੀ, ਤੁਸੀਂ ਹੀ ਨਹੀਂ ਸੀ ਪਛਾਣਿਆ।"

ਤੇ ਉਸਦੀ ਸੱਸ ਨੂੰ ਵੀ ਅੱਜ ਪਤਾ ਲੱਗਾ ਸੀ ਕਿ ਹਰ ਚਮਕਦੀ ਚੀਜ ਸੋਨਾ ਨਹੀਂ ਹੁੰਦੀ। ਮੈਂ ਸਿਰਫ ਉਸ ਲੜਕੀ ਦਾ ਬਾਹਰੀ ਸੁਹੱਪਣ ਹੀ ਦੇਖਿਆ ਸੀ। "ਮੇਰੇ ਤੋਂ ਤਾਂ ਇਹ ਕੁੜੀ ਮਹਾਨ ਹੈ।" ਸੱਸ ਦਾ ਮਨ ਬੋਲ ਰਿਹਾ ਸੀ।

*****



Academy of the Punjab in North America: http://www.apnaorg.com

## ਅੱਜ ਵੀ ਅਵਤਾਰ ਹਨ

"ਯਾਰ, ਜਿੱਧਰ ਦੇਖੋ ਮਾੜੀਆਂ ਈ ਮਾੜੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਨੇ ਬੰਬ ਧਮਾਕੇ, ਚੋਰੀ, ਡਾਕੇ, ਉਧਾਲੇ, ਰਿਸ਼ਵਤਾਂ, ਠੱਗੀਆਂ। ਔਖਿਆਈਆਂ ਈ ਔਖਿਆਈਆਂ, ਮੁਸੀਬਤਾਂ ਈ ਮੁਸੀਬਤਾਂ। ਕੋਈ ਆਪਣੀ ਨੂੰਹ ਹੱਥੋਂ ਤੰਗ ਹੈ, ਤੇ ਕੋਈ ਜਵਾਈ ਹੱਥੋਂ। ਕੋਈ ਪਤੀ ਦੇ ਦੁਰਵਿਵਹਾਰ ਤੋਂ ਸਤੀ ਹੈ ਤੇ ਕੋਈ ਪਤਨੀ ਦੀਆਂ ਵਧੀਕੀਆਂ ਹੇਠ ਨਪੀੜਿਆ ਜਾ ਰਿਹਾ ਹੈ। ਕਿਤੇ ਭਰਾ ਭਰਾ ਲੜ ਪੈਂਦੇ ਨੇ, ਕਿਤੇ ਮਾਵਾਂ ਧੀਆਂ 'ਚ ਖਟਪਟੀ ਹੈ। ਬਸ ਕੋਈ ਵੀ ਤਾਂ ਸੁਖੀ ਨਹੀਂ ਹੈ।"

"ਹਾਂ ਯਾਰ, ਸੁਖ ਤਾਂ ਐਵੇਂ ਮਾੜਾ ਜਿਹਾ ਪੜਾਓ ਹੁੰਦਾ ਹੈ, ਜਿੱਥੇ ਇਨਸਾਨ ਘੜੀ ਪਲ ਲਈ ਦਮ ਲੈਣ ਰੁਕਿਆ ਹੁੰਦਾ ਹੈ, ਤਾਂ ਜੋ ਆਉਣ ਵਾਲੇ ਦੁੱਖਾਂ ਲਈ ਫਿਰ ਥੋਹੜਾ ਕੁ ਤਾਜ਼ਾ ਹੋ ਜਾਵੇ।"

"ਹਾਂ, ਵਾਕਿਆ ਈ, ਜ਼ਿੰਦਗੀ ਹੁੰਦੀ ਸੂਲਾਂ ਦੀ ਸੇਜ ਹੀ ਹੈ। ਕੋਈ ਹਸਪਤਾਲਾਂ 'ਚ ਬਿਮਾਰੀ ਨਾਲ ਜੂਝ ਰਿਹਾ ਹੁੰਦਾ ਹੈ। ਕੋਈ ਆਪਣੀ ਗਰੀਬੀ ਤੋਂ ਪੀੜਤ ਹੁੰਦਾ ਹੈ ਤੇ ਕਿਸੇ ਦਾ ਕੋਈ ਪਿਆਰਾ ਸੱਜਣ ਮਰ ਜਾਂਦਾ ਹੈ ਤੇ ਉਹ ਸਾਰੀ ਉਮਰ ਵਿਛੋੜੇ 'ਚ ਤੜਪ ਕੇ ਕੱਢਦਾ ਹੈ।"

"ਚਲੋ, ਇਹ ਤਾਂ ਰੱਬੀ ਦੇਣ ਸਮਝ ਕੇ ਸਬਰ ਕਰ ਲਈਦਾ ਹੈ, ਜਾਂ ਕਰਨਾ ਪੈਂਦਾ ਹੈ। ਬਹੁਤਾ ਤਾਂ ਮਨ ਓਦੋਂ ਦੁਖੀ ਹੁੰਦਾ ਹੈ ਜਦ ਆਪਣਾ ਬੰਦਾ ਹੀ ਧੋਖਾ ਦੇ ਜਾਂਦਾ ਹੈ।"

"ਪਤਾ ਨਹੀਂ ਇਨਸਾਨ ਇਵੇਂ ਕਿਉਂ ਕਰਦੇ ਹਨ। ਇਕ ਦੂਸਰੇ ਪ੍ਰਤੀ ਸੱਚੇ ਕਿਉਂ ਨਹੀਂ ਰਹਿੰਦੇ, ਇਮਾਨਦਾਰੀ ਕਿਉਂ ਨਹੀਂ ਨਿਭਾਉਂਦੇ।"

"ਇਸ ਲਈ ਇਨਸਾਨੀ ਫ਼ਰਜ਼ ਉਹਨਾਂ ਲਈ ਇੰਨੀ ਮਹੱਤਤਾ ਨਹੀਂ ਰੱਖਦੇ ਜਿੰਨਾ ਕਿ ਆਪਣੇ ਨਿੱਜੀ ਲਾਭ। ਕਈਆਂ 'ਚ ਤਾਂ ਈਰਖਾ ਇੰਨੀ ਪ੍ਰਬਲ ਹੋ ਜਾਂਦੀ ਹੈ ਕਿ ਉਹ ਕਿਸੇ ਦਾ ਕੁਛ ਵੀ ਸਹਿਣ ਨਹੀਂ ਕਰ ਸਕਦੇ ਤੇ ਉਹਨਾਂ ਦਾ ਹਰ ਕਰਮ, ਹਰ ਬੋਲ, ਹਰ ਅਰਦਾਸ, ਹਰ ਕੋਸ਼ਿਸ਼ ਅਗਾਂਹ ਵਧਣ ਵਾਲੇ ਨੂੰ ਉਪਰ ਲਗ ਜਾਂਦਾ ਹੈ।"

"ਪਰ ਯਾਰ, ਕਿਸੇ ਤੇ ਕੋਈ ਜ਼ੋਰ ਨਹੀਂ ਹੈ। ਕੋਈ ਕਿਸੇ ਨੂੰ ਸੁਧਾਰ ਤਾਂ ਨਹੀਂ ਸਕਦਾ। ਨਾ ਕਿਸੇ ਦੇ ਕਹੇ ਕੋਈ ਬਦਲਦਾ ਹੈ। ਇਹ ਤਾਂ ਉਸਦਾ ਆਪਣਾ ਮਨ, ਜਾਂ ਕੋਈ ਠੋਕਰ, ਜਾਂ ਉਸਦਾ ਦ੍ਰਿੜ੍ਹ ਇਰਾਦਾ ਹੀ ਉਸਨੂੰ ਤਬਦੀਲ ਕਰੇ ਤਾਂ ਕਰੇ, ਨਹੀਂ ਤਾਂ ਬੱਸ--।"

"ਹਾਂ, ਜੋ ਇਕ ਵਾਰੀ ਬਣ ਜਾਂਦਾ ਹੈ, ਉਹ ਉਹੀ ਰਹਿੰਦਾ ਹੈ। ਪਰ ਜਦੋਂ ਇਨਸਾਨ ਕਿਸੇ ਦਾ ਮਾੜਾ ਵੀ ਕਰ ਰਿਹਾ ਹੁੰਦਾ ਹੈ, ਉਸ ਘੜੀ ਉਸਨੂੰ ਆਪਣਾ ਆਪ ਠੀਕ ਹੀ ਲਗ ਰਿਹਾ ਹੁੰਦਾ ਹੈ। ਬਸ ਇਹੀ ਤ੍ਰਾਸਦੀ ਹੈ ਇਨਸਾਨ ਦੀ। ਉਸਦੀ ਹਉਮੈ


Academy of the Punjab in North America: http://www.apnaorg.com

ਹੀ ਉਸਨੂੰ ਨਹੀਂ ਛੱਡਦੀ। ਉਹ ਹਮੇਸ਼ਾਂ ਸਮਝਦਾ ਹੈ ਕਿ ਦੂਸਰੇ ਗਲਤ ਹਨ, ਉਹ ਤਾਂ ਬਹੁਤ ਸਿਆਣਾ ਹੈ।"

ਤੇ ਫਿਰ ਕੁਝ ਚਿਰ ਦੋਵੇਂ ਚੁੱਪ ਹੋ ਜਾਂਦੇ ਹਨ। ਮੂੰਹਾਂ ਤੇ ਗੰਭੀਰਤਾ ਛਾ ਜਾਂਦੀ ਹੈ।

"ਕਮ ਸੇ ਕਮ ਅਸੀਂ ਤਾਂ ਇਕ ਦੂਸਰੇ ਨਾਲ ਚੰਗੇ ਹਾਂ। ਇਕ ਦੂਸਰੇ ਦੇ ਕਸੂਰ ਤਾਂ ਨਹੀਂ ਲੈ ਕੇ ਬੈਠੇ ਰਹਿੰਦੇ। ਕਾਂਗਰਸੀ ਘਾਹ ਵਾਂਗ ਗੁੱਸੇ ਗਿਲ੍ਹੇ ਵਧਣ ਤਾਂ ਨਹੀਂ ਦਿੰਦੇ। ਬਹੁਤਿਆਂ ਨੂੰ ਆਹ ਦੋ ਗੱਲਾਂ ਨਹੀਂ ਕਹਿਣੀਆਂ ਆਉਂਦੀਆਂ, ਮੈਥੋਂ ਗਲਤੀ ਹੋ ਗਈ, ਬਹੁਤ ਅਫਸੋਸ ਹੈ ਜਾਂ ਤੁਸੀਂ ਮੇਰਾ ਕੰਮ ਸਵਾਰਿਆ ਬਹੁਤ ਬਹੁਤ ਧੰਨਵਾਦ।"

ਫਿਰ ਕੁਝ ਦੇਰ ਚੁੱਪ ਰਹਿੰਦੇ ਹਨ ਤੇ ਫਿਰ ਇੱਕ ਦੇ ਚਿਹਰੇ 'ਤੇ ਕੋਈ ਆਸ਼ਾ ਜਿਹੀ ਟਪਕਦੀ ਹੈ ਜਿਵੇਂ ਕੁਝ ਚੰਗਾ ਯਾਦ ਆ ਜਾਂਦਾ ਹੈ।

"ਵੈਸੇ ਇਹ ਵੀ ਨਹੀਂ ਕਿ ਨੇਕੀ ਬਿਲਕੁਲ ਹੀ ਮਰ ਗਈ ਹੈ, ਜਾਂ ਸਚਾਈ ਖਤਮ ਹੋ ਗਈ ਹੈ। ਅਜੇ ਵੀ ਐਸੇ ਨੇਕ ਇਨਸਾਨ ਹਨ, ਜੋ ਸਾਰੀ ਉਮਰ ਆਪਣੇ ਅੱਛੇ ਅਸੂਲਾਂ ਉਪਰ ਡਟੇ ਰਹਿੰਦੇ ਹਨ। ਕਿਸੇ ਨੂੰ ਮੰਦਾ ਨਹੀਂ ਬੋਲਣਾ, ਕੋਈ ਬੇਈਮਾਨੀ ਨਹੀਂ ਕਰਨੀ, ਬਲਕਿ ਕਿਸੇ ਦਾ ਕੁਝ ਸਵਾਰਨਾ ਹੀ ਹੈ, ਦੁਖੀ ਨੂੰ ਹੌਂਸਲਾ ਦੇ ਕੇ ਉਸਦਾ ਦੁੱਖ ਘਟਾਉਣਾ ਹੀ ਹੈ।"

"ਕਿੱਥੇ ਨੇ ? ਕੋਈ ਹਜ਼ਾਰਾਂ 'ਚੋਂ ਇਕ ਹੋਵੇਗਾ ਤੇ ਉਹ ਵੀ ਔਖਾ ਹੀ ਰਹਿੰਦਾ ਹੋਵੇਗਾ। ਬਹੁਤੇ ਲੋਗ ਤਾਂ ਦੂਸਰਿਆਂ ਨੂੰ ਢਹਿੰਦਿਆਂ ਦੇਖ ਕੇ ਹੀ ਖੁਸ਼ ਹੁੰਦੇ ਨੇ। ਐਵੇਂ ਮਗਰਮੱਛ ਜਿਹੇ ਆਂਸੂ ਬਹਾ ਕੇ ਚਲੇ ਜਾਂਦੇ ਨੇ। ਉਹ ਹਰੀਸ਼ ਚੰਦਰ, ਨਾਨਕ, ਰਾਮ, ਬਿਕਰਮਾਦਿਤ ਆਦਿ ਵਰਗੇ ਇਨਸਾਨ ਕਿੱਥੇ ਨੇ, ਬਸ ਕਹਾਣੀਆਂ ਵਿਚ ਹੀ ਨੇ।"

"ਯਾਰ, ਮੇਰਾ ਇਕ ਟੀਚਰ ਹੁੰਦਾ ਸੀ ਅਮਰ ਸਿੰਘ। ਉਹ ਆਪਣੇ ਅਸੂਲਾਂ ਦਾ ਏਨਾਂ ਪੱਕਾ ਸੀ ਕਿ ਜੋ ਕਹਿੰਦਾ ਸੀ ਕਰਦਾ ਸੀ। ਉਸ ਕੋਈ ਵੀ ਨਜਾਇਜ ਕੰਮ ਨਹੀਂ ਕਰਨਾ। ਉਹ ਸਾਰੀ ਉਮਰ ਨਕਲ ਰਿਸ਼ਵਤ ਦੇ ਵਿਰੁੱਧ ਹੀ ਰਿਹਾ। ਉਸ ਆਪ ਵੀ ਦਾਜ-ਰਹਿਤ ਵਿਆਹ ਕਰਵਾਇਆ ਤੇ ਅੱਗੋਂ ਆਪਣੇ ਲੜਕਿਆਂ ਦੇ ਵਿਆਹ ਵੀ ਦਾਜ-ਰਹਿਤ ਹੀ ਕੀਤੇ। ਇਹ ਵੱਖਰੀ ਗਲ ਹੈ ਕਿ ਸਗੋਂ ਲੜਕੀ ਵਾਲੇ ਲਾਲਚੀ ਨਿਕਲੇ। ਆਏ ਦਿਨ ਲੜਕੀ ਕੋਈ ਨਾ ਕੋਈ ਮੰਗ ਪੇਸ਼ ਕਰੀ ਰਖਦੀ ਕਿ ਉਸਨੂੰ ਆਹ ਚਾਹੀਦਾ, ਔਹ ਚਾਹੀਦਾ ਵਗੈਰਾ।"

"ਹਾਂ ਕਈ ਥਾਵਾਂ 'ਤੇ ਜਿਆਦਾ ਸ਼ਰੀਫ ਬੰਦੇ ਦੇਖ ਕੇ ਉਹਨਾਂ ਉਪਰ ਦਬਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਮਾਨਦਾਰੀ ਦਾ ਹੀ ਸਾੜਾ ਲੱਗ ਜਾਂਦਾ ਹੈ ਕਿ ਇਹ ਇਮਾਨਦਾਰ ਕਿਉਂ ਹੈ।"

"ਬਸ ਈਰਖਾ ਵਿਚ ਸੁਜਾਖੇ ਨੂੰ ਵੀ ਅੰਨ੍ਹਿਆਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪ ਉੱਠਣ ਦੀ ਬਜਾਇ ਦੂਜਿਆਂ ਨੂੰ ਡੇਗਿਆ ਜਾਂਦਾ ਹੈ।"

"ਕਈ ਵਾਰ ਚੰਗਿਆਈ ਹੁੰਦੀ ਹੈ ਪਰ ਉਸਨੂੰ ਪੇਸ਼ ਕਰਨ ਦੇ ਢੰਗ ਤਰੀਕੇ 'ਚ ਹੀ ਫਰਕ ਰਹਿ ਜਾਂਦਾ ਹੈ। ਜਿਵੇਂ ਕੋਈ ਬਹੁਤ ਗੁਣੀ ਗਿਆਨੀ ਹੁੰਦਾ ਹੈ, ਸੁੱਚਾ ਹੁੰਦਾ ਹੈ ਪਰ ਵਿਸਥਾਰ ਨਾਲ ਕਿਸੇ ਨੂੰ ਸਮਝਾ ਜਾਂ ਮਨਾ ਨਹੀਂ ਸਕਦਾ ਹੁੰਦਾ ਤੇ ਅਜਿਹੇ ਇਨਸਾਨ ਪਾਸੋਂ ਲੋਕ ਗੱਲਾਂ ਗੱਲਾਂ 'ਚ ਮਾੜੀ ਗੱਲ ਵੀ ਮੰਨਵਾ ਲੈਂਦੇ ਹਨ।"



Academy of the Punjab in North America: http://www.apnaorg.com

ਪਰੋਸਿਆ ਵੀ ਆਕਰਸ਼ਤ ਤਰੀਕੇ ਨਾਲ ਜਾਵੇ ।"

"ਬਿਲਕੁਲ ਠੀਕ ।"

"ਹਾਂ, ਤੇ ਮੈਂ ਤੈਨੂੰ ਦੱਸਦਾ ਹਾਂ ਕਿ ਉਹ ਅਮਰ ਸਿੰਘ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਸੀ। ਉਸ ਪਾਸ ਇਕੋਰਾਂ ਕੁਦਰਤ ਵੱਲੋਂ ਹੀ ਏਨਾਂ ਪੈਸਾ ਆਇਆ ਪਰ ਫਿਟ ਵੀ ਉਸਦਾ ਦਿਲ ਨਹੀਂ ਡੋਲਿਆ ।"

"ਉਹ ਕਿਵੇਂ ? ਤੇ ਪੈਸਾ ਕਿੱਥੋਂ ਆਇਆ ?"

"ਗੱਲ ਇਉਂ ਹੋਈ ਕਿ ਉਸਦਾ ਇਕ ਚਾਚਾ ਸੀ, ਜਿਸਦੀ ਕਰੋੜਾਂ ਦੀ ਜਾਇਦਾਦ ਸੀ। ਇਹ ਸਾਰਾ ਪੈਸਾ ਉਸ ਰਿਸ਼ਵਤਾਂ ਲੈ ਲੈ ਕੇ ਤੇ ਹੇਰਾ ਫੇਰੀਆਂ ਨਾਲ ਬਣਾਇਆ ਸੀ। ਤੇ ਰੁਪਿਆ ਇਕ ਵੇਰੀ ਆ ਜਾਏ ਤੇ ਫਿਰ ਉਹ ਵਧੀ ਜਾਂਦਾ ਹੈ। ਉਸਦੀਆਂ ਤਿੰਨ ਚਾਰ ਕੋਠੀਆਂ ਸਨ । ਦੋਹਾਂ ਮੁੰਡਿਆਂ ਨੂੰ ਵੱਖ ਵੱਖ ਫੈਕਟਰੀਆਂ ਖੋਲ੍ਹ ਦਿੱਤੀਆਂ ਸਨ । ਵੱਡੇ ਵੱਡੇ ਲੀਡਰਾਂ ਨਾਲ ਉਸਦਾ ਬਹਿਣ ਉੱਠਣ ਸੀ । ਪਰ ਬਦਕਿਸਮਤੀ ਨਾਲ ਉਸਦੇ ਧਨ ਦੀਆਂ ਜ਼ਰਬਾਂ ਬਹੁਤੀ ਦੇਰ ਨਾ ਚਲ ਸਕੀਆਂ ।

ਉਹ ਇਕ ਵਾਰ ਆਪਣੇ ਬੱਚਿਆਂ ਸਮੇਤ ਵਿਦੇਸ਼ੀਂ ਘੁੰਮਣ ਫਿਰਨ ਲਈ ਇਕ ਹਵਾਈ ਜਹਾਜ਼ 'ਚ ਜਾ ਰਿਹਾ ਸੀ ਕਿ ਅਚਾਨਕ ਹਵਾਈ ਜਹਾਜ਼ 'ਚ ਖਰਾਬੀ ਆਉਣ ਕਾਰਨ ਜਹਾਜ਼ ਪਲਸੇਟੇ ਖਾਂਦਾ ਭੁੰਜੇ ਆ ਡਿੱਗਾ । ਤੇ ਚਕਨਾਚੂਰ ਹੋ ਗਿਆ ਸਭ ਕੁਛ, ਇਕ ਸਵਾਰੀ ਨਹੀਂ ਬਚੀ, ਚੀਥੜੇ ਬਣ ਕੇ ਰਹਿ ਗਏ । ਬੜਾ ਹੀ ਭਿਆਨਕ ਹਾਦਸਾ ਸੀ ਇਹ। ਇਹ ਖ਼ਬਰ ਜਹਾਜ਼ 'ਚ ਸਵਾਰ ਸਭ ਦੇ ਰਿਸ਼ਤੇਦਾਰਾਂ ਦੇ ਮਨਾਂ ਉਪਰ ਬੰਬ ਦੇ ਫੱਟਣ ਵਾਂਗ ਡਿੱਗੀ ।

ਉਫ ! ਚਾਚੇ ਦਾ ਸਾਰਾ ਟੱਬਰ ਸੀ ਉਸ ਵਿਚ ਤੇ ਕਰੋੜਾਂ ਜਾਇਦਾਦ ! ਚਾਚੇ ਦਾ ਹੋਰ ਕੋਈ ਭੈਣ ਭਰਾ ਨਾ ਹੋਣ ਕਾਰਨ ਜਾਇਦਾਦ ਦਾ ਹੱਕਦਾਰ ਉਸਦਾ ਭਤੀਜਾ ਅਮਰ ਸਿੰਘ ਹੀ ਬਣਦਾ ਸੀ ਅਮਰ ਸਿੰਘ ਨੂੰ ਤਾਂ ਜਿਵੇਂ ਬਿਨ ਮੰਗੇ ਮੋਤੀ ਉਸਦੀ ਝੋਲੀ 'ਚ ਪੈ ਗਏ ਸਨ । ਜਿਵੇਂ ਉਸਦਾ ਚਾਚਾ ਸਿਰਫ ਉਸ ਲਈ ਹੀ ਕਮਾਉਂਦਾ ਰਿਹਾ ਹੋਵੇ ।

ਉਸਨੂੰ ਚਾਚੇ ਦਾ ਰਿਸ਼ਵਤ ਲੈਣਾ ਬਹੁਤ ਹੀ ਖਟਕਦਾ ਸੀ। ਅਮਰ ਸਿੰਘ ਉਸਨੂੰ ਅਕਸਰ ਹੀ ਕਹਿੰਦਾ ਕਿ ਤੂੰ ਰਿਸ਼ਵਤਾਂ ਲੈਣੀਆਂ ਛੱਡ ਦੇਹ ਪਰ ਉਹ ਹੱਸ ਕੇ ਅੱਗੋਂ ਕਹਿ ਦਿੰਦਾ, "ਓਏ ਕਮਲਿਆ, ਘਰ ਆਈ ਲੱਛਮੀ ਨੂੰ ਵੀ ਕਦੇ ਮੋੜੀਦਾ ? ਜੇ ਤੁਸੀਂ ਮੋੜੋਗੇ ਤਾਂ ਉਹ ਵੀ ਤੁਹਾਨੂੰ ਸੱਖਣਿਆਂ ਕਰ ਦੇਵੇਗੀ । ਨਾਲੇ ਮੈਂ ਕਿਹੜਾ ਆਪਣੇ ਲਈ ਕਰਦਾਂ, ਦੂਜਿਆਂ ਦੇ ਹੀ ਕੰਮ ਆਵੇਗਾ । ਮੇਰੇ ਬੱਚੇ ਨੇ, ਮੇਰਾ ਪਰਿਵਾਰ ਹੈ । ਤੂੰ ਤਾਂ ਬੁੱਧੂ ਏਂ । ਮਾਸਟਰ ਦਾ ਮਾਸਟਰ ਹੀ ਰਿਹਾ । ਸਗੋਂ ਮੇਰੇ ਦਫਤਰ 'ਚ ਆ ਜਾਹ !" ਇਹ ਪੇਸ਼ਕਸ਼ ਉਸਨੇ ਕਈ ਵੇਰ ਕੀਤੀ ਪਰ ਅਮਰ ਸਿੰਘ ਨੂੰ ਇਹ ਹਰਾਮ ਦੀ ਕਮਾਈ ਜ਼ਹਿਰ ਲੱਗਦੀ ।

ਤੇ ਹੁਣ ਅਮਰ ਸਿੰਘ ਇਕ ਦਿਨ 'ਚ ਹੀ ਕਰੋੜਪਤੀ ਬਣ ਗਿਆ ।

"ਵਾਹ ਬਈ ਵਾਹ, ਕੁਦਰਤ ਦੇ ਰੰਗ ।"

"ਪਰ ਉਹ ਕਈ ਦਿਨ ਸੋਚਦਾ ਰਿਹਾ ਕਿ ਏਨੇ ਪੈਸਿਆਂ ਦਾ ਉਹ ਕੀ ਕਰੇ, ਆਪਣੇ ਬੱਚਿਆਂ ਨੂੰ ਵੰਡ ਦੇਵੇ, ਨਹੀਂ, ਉਹਨਾਂ ਮੇਰੀ ਕੀ ਕਦਰ ਪਾਈ ਹੈ, ਤੇ ਉਹਨਾਂ ਦਾ


Academy of the Punjab in North America: http://www.apnaorg.com

ਹੋਰ ਦਿਮਾਗ ਖਰਾਬ ਕਰਨਾ ਏਂ ? ਸਾਰੀ ਉਮਰ ਮੈਂ ਇਹਨਾਂ ਖਾਤਰ ਮਰਦਾ ਰਿਹਾ ਤੇ ਉਹਨਾਂ ਕੀ ਦਿੱਤਾ ਆਹ ਬਲੱਡ ਪ੍ਰੈਸ਼ਰ ? ਇਹਦੇ ਨਾਲੋਂ ਤਾਂ ਮੈਂ ਗੁਰਦੁਆਰੇ ਚੜ੍ਹਾ ਦੇਵਾਂ ਪਰ ਨਹੀਂ, ਗੁਰਦੁਆਰਿਆਂ 'ਚ ਕਿਹੜੇ ਸੱਚੇ ਸੁੱਚੇ ਬੈਠੇ ਹਨ । ਉਹ ਚਿੱਟੇ ਕੱਪੜਿਆਂ ਤੇ ਪਾਠ ਪੂਜਾ ਦੀ ਆੜ ਹੇਠ ਠੱਗੀਆਂ ਚੋਰੀਆਂ ਕਰਦੇ ਨੇ । ਸੌੜੇ ਹਿੱਤਾਂ ਦੇ ਮਾਲਕ ਬਣ ਕੇ ਰਹਿ ਜਾਂਦੇ ਨੇ, ਘਸੇ ਪਿਟੇ ਵਿਚਾਰਾਂ ਉਪਰ ਹੀ ਉਹਨਾਂ ਦੀ ਸੂਈ ਅਟਕੀ ਰਹਿੰਦੀ ਹੈ ਤੇ ਜਨਤਾ ਨੂੰ ਕੋਈ ਉਸਾਰੂ ਸੇਧ ਨਹੀਂ ਦੇ ਸਕਦੇ ।

ਫਿਰ ਕੀ ਕਰਾਂ ? ਹਾਂ, ਕਿਉਂਕਿ ਇਹ ਪੈਸਾ ਲੋਕਾਂ ਪਾਸੋਂ ਹੀ ਠੱਗਿਆ ਨਜਾਇਜ ਪੈਸਾ ਹੈ । ਤੇ ਜੇ ਇਸਨੂੰ ਲੋਕ ਭਲਾਈ ਉਪਰ ਹੀ ਖਰਚਿਆ ਜਾਵੇ ਤਾਂ ਕਿਸੇ ਚੰਗੇ ਲੇਖੇ ਲੱਗ ਜਾਏਗਾ, ਕੁਛ ਸੌਰ ਜਾਏਗਾ ।

ਕਿਉਂ ਨਾ ਇਸੇ ਪਿੰਡ ਨੂੰ ਹੀ ਸਵਾਰਿਆ ਜਾਏ ।

"ਬਈ ਚੰਗੀ ਸੋਚ ਹੈ, ਨਹੀਂ ਤਾਂ ਇਉਂ ਕੌਣ ਸੋਚਦਾ ਹੈ ।"

"ਪਰ ਇਹ ਨਿਰੀ ਸੋਚ ਹੀ ਨਹੀਂ ਸੀ, ਤੂੰ ਸੁਣ ਜ਼ਰਾ ਤੇ ਉਸ ਨੇ ਪਿੰਡ ਦੇ ਲੋਕਾਂ ਨੂੰ ਨਾਲ ਰਲਾ ਕੇ ਪਿੰਡ ਦੀਆਂ ਸਾਰੀਆਂ ਗਲੀਆਂ ਸੀਮਿੰਟ ਰੇਤ ਨਾਲ ਪੱਕੀਆਂ ਕਰਵਾਈਆਂ । ਪਿੰਡ ਦੁਆਲੇ ਸੜਕਾਂ ਉਪਰ ਸੰਘਣੀ ਬੱਜਰੀ ਤੇ ਲੁੱਕ ਪੁਆ ਕੇ ਉਹਨਾਂ ਨੂੰ ਸ਼ੀਸ਼ੇ ਵਾਂਗ ਲਿਸ਼ਕਾਇਆ । ਫਿਰ ਉਸ ਨੇ ਸਾਰੇ ਪਿੰਡ ਦੀਆਂ ਰੂੜੀਆਂ ਨੂੰ ਇਕ ਥਾਂ ਇਕੱਠਾ ਕਰਵਾ ਕੇ ਬਾਇਓਗੈਸ ਪਲਾਂਟ ਬਣਵਾ ਦਿੱਤਾ । ਘਰੋ ਘਰੀ ਗੈਸੀ ਚੁਲ੍ਹੇ ਆ ਗਏ । ਪਿੰਡ ਦੇ ਸਭ ਲੋਕ ਖੁਸ਼ ਸਨ । ਖਾਸ ਕਰਕੇ ਜਨਾਨੀਆਂ, ਜਿਨ੍ਹਾਂ ਨੂੰ ਗੈਸ ਆਉਣ ਦੇ ਨਾਲ ਲੱਕੜੀ ਤੇ ਗੋਹੇ ਦੇ ਧੂੰਏਂ ਤੋਂ ਨਿਜਾਤ ਮਿਲੀ ਸੀ । ਸਭ ਅਮਰ ਸਿੰਘ ਦੇ ਗੁਣ ਗਾ ਰਹੇ ਸਨ ਜਿਵੇਂ ਉਹਨਾਂ ਦੇ ਪਿੰਡ 'ਚ ਕੋਈ ਅਵਤਾਰ ਆ ਗਿਆ ਹੁੰਦਾ ਹੈ, ਅਸਲੀ ਅਵਤਾਰ ਜੋ ਨਿਰਾ ਪਖੰਡੀ ਪ੍ਰਚਾਰ ਕਰਕੇ ਅਗਲਾ ਜਨਮ ਸਵਾਰਨ ਵਾਲੇ ਪਾਸੇ ਨਹੀਂ ਸੀ ਲਾਉਂਦਾ, ਬਲਕਿ ਆਪ ਕੰਮ ਕਰਦਾ ਸੀ, ਦੂਸਰਿਆਂ ਤੋਂ ਕਰਵਾਉਂਦਾ ਸੀ, ਜੋ ਸਭ ਦਾ ਸਾਂਝਾ ਸੀ ਉਹ ਲੋਕਾਂ ਦਾ ਵਰਤਮਾਨ ਜੀਵਨ ਸੌਖਿਆਂ ਕਰਨਾ ਚਾਹੁੰਦਾ ਸੀ ।

"ਆਹ ਤਾਂ ਵਾਕਈ ਕਮਾਲ ਦਾ ਬੰਦਾ ਸੀ ਉਹ ਤਾਂ ।"

"ਹਾਂ, ਤੇ ਹੋਰ ਦਸਦਾ ਹਾਂ । ਅਜੇ ਵੀ ਉਸ ਪਾਸ ਇਕ ਕਰੋੜ ਰੁਪਿਆ ਬਚ ਗਿਆ ਸੀ । ਉਸ ਦੇ ਦੋਵੇਂ ਲੜਕੇ ਸੋਚਦੇ, "ਪਾਪਾ ਦਾ ਤਾਂ ਦਿਮਾਗ ਖਰਾਬ ਹੋ ਗਿਆ ਹੈ । ਐਵੇਂ ਪੈਸੇ ਬਰਬਾਦ ਕਰੀ ਜਾ ਰਿਹਾ ਹੈ । ਅਜਿਹੇ ਕੰਮ ਕਰਨੇ ਤਾਂ ਸਰਕਾਰ ਦਾ ਫਰਜ਼ ਹੁੰਦਾ ਹੈ । ਆਪਣਾ ਸੋਚੇ, ਆਪਣੇ ਬੱਚਿਆਂ ਦਾ ਸੋਚੇ ।"

ਦੂਜੇ ਪਾਸੇ ਅਮਰ ਸਿੰਘ ਨੂੰ ਆਪਣੇ ਮੁੰਡਿਆਂ ਦਾ ਵਤੀਰਾ ਭਲਾ ਭੁਲ ਗਿਆ ਸੀ ? ਹੁਣ ਜਦ ਦੇਖਿਆ ਕਿ ਪਿਓ ਕੋਲ ਪੈਸਾ ਹੈ ਤਾਂ ਕਿਵੇਂ ਮੂੰਹ ਸਵਾਰਦੇ ਮਗਰ ਮਗਰ ਤੁਰੀ ਫਿਰਦੇ ਨੇ । ਪਹਿਲਾਂ ਤਾਂ ਉਸਨੂੰ ਘਰੋਂ ਕੱਢਣ ਤੇ ਤੁਲੇ ਹੋਏ ਸਨ । ਨੂੰਹ ਨੂੰ ਤਾਂ ਉਹ ਜਿਆਦਾ ਈ ਚੁਭਦਾ ਸੀ । ਕੋਈ ਗਲ ਕਹੋ ਤਾਂ ਮੂੰਹ ਫੁਲਾ ਕੇ ਦੂਜੇ ਪਾਸੇ ਤੁਰ ਪੈਂਦੀ ਸੀ । ਰੋਟੀ ਇਉਂ ਸੁੱਟ ਕੇ ਜਾਂਦੀ ਜਿਵੇਂ ਕੁੱਤੇ ਨੂੰ ਪਾਈਦੀ ਹੈ । ਮੁੰਡਿਆਂ ਨੂੰ ਕਹੋ ਤਾਂ ਉਹ ਵੀ ਝਾੜ ਕੇ ਬਿਠਾ ਦਿੰਦੇ, "ਪਾਪਾ ਤੁਸੀਂ ਚੁੱਪ ਕਰਕੇ ਜੋ ਮਿਲਦਾ ਹੈ, ਖਾਈ ਜਾਓ, ਹੋਰ ਤੁਹਾਨੂੰ ਕੁਝ ਕਹਿਣ ਦਾ ਕੋਈ ਹੱਕ ਨਹੀਂ ਹੈ ।"

---ਤੇ ਫਿਰ ਉਸ ਨੇ ਪਿੰਡ 'ਚ ਇਕ ਪਾਣੀ ਦੀ ਟੈਂਕੀ ਵੀ ਬਣਵਾ ਦਿੱਤੀ ।

Academy of the Punjab in North America: http://www.apnaorg.com

ਕਿੱਥੇ ਤਾਂ ਬੱਚੇ ਜਨਾਨੀਆਂ ਨਲਕੇ ਗੇੜ ਗੇੜ ਥੱਕ ਜਾਂਦੇ, ਨਲਕੇ ਟੁੱਟੇ ਈ ਰਹਿੰਦੇ ਤੇ ਹੁਣ ਟੂਟੀ ਘੁਮਾਇਆਂ ਪਾਣੀ ਫਰਨ ਫਰਨ ਵਗਣ ਲਗ ਜਾਂਦਾ । ਹਰ ਘਰ ਦੇ ਲੋਕ ਉਸਨੂੰ ਅਸੀਸਾਂ ਦਿੰਦੇ ਨਾ ਥੱਕਦੇ । ਬਈ ਇਹ ਤਾਂ ਬੜਾ ਅਜੀਬ ਬੰਦਾ ਹੈ । ਭਲਾ ਸਰਕਾਰ ਨੂੰ, ਪੈਂਚਾਂ ਸਰਪੈਂਚਾਂ ਨੂੰ ਇਹ ਕੁਝ ਕਿਉਂ ਨਹੀਂ ਸੁੱਝਦਾ ?

ਸਕੂਲ ਦੀ ਬਿਲਡਿੰਗ ਵੀ ਮੁਰੰਮਤ ਕਰਵਾ ਕੇ ਨਵੇਂ ਸਿਰਿਓਂ ਕਮਰੇ ਪੁਆ ਦਿੱਤੇ । ਇਕ ਡਾਕਖਾਨਾ ਨਵਾਂ ਬਣਵਾ ਦਿੱਤਾ । ਪੰਚਾਇਤ ਘਰ ਵੱਖਰਾ ਤਿਆਰ ਕਰਵਾ ਦਿੱਤਾ । ਬੱਚਿਆਂ ਦੇ ਖੇਡਣ ਲਈ ਪਾਰਕ ਬਣ ਗਿਆ ਤੇ ਲਾਇਬ੍ਰੇਰੀ ਵੀ ਬਣ ਦਿੱਤੀ ਗਈ । ਗਲ ਕੀ ਉਸਦਾ ਪਿੰਡ ਹੁਣ ਪੂਰਾ ਮੌਡਲ ਪਿੰਡ ਬਣ ਗਿਆ ਸੀ । ਜਿਸਨੂੰ ਲੋਕ ਦੂਰੋਂ ਦੂਰੋਂ ਦੇਖਣ ਲਈ ਆਉਂਦੇ ਤੇ ਖਾਸ ਕਰਕੇ ਅਮਰ ਸਿੰਘ ਦੇ ਦਰਸ਼ਨ ਕਰਦੇ, ਉਸ ਅਲੌਕਿਕ ਸੇਵਕ ਦੇ । ਧੰਨ ਹੈ, ਧੰਨ ਹੈ, ਵਾਹ ਵਾਹ ਕਰਦੇ ਜਾਂਦੇ ਅਤੇ ਉਹ ਅੱਗੋਂ ਇਨ੍ਹਾਂ ਹੀ ਕਹਿੰਦਾ, "ਇਹ ਜੋ ਕੀਤਾ ਮੈਂ ਆਪਣੇ ਚਾਚੇ ਦੀ ਯਾਦ 'ਚ ਕੀਤਾ ਹੈ । ਮੇਰਾ ਤਾਂ ਇਸ ਵਿਚ ਕੁਝ ਵੀ ਨਹੀਂ ਹੈ ।"

"ਤੇ ਕੀ ਸਾਰੇ ਪੈਸੇ ਵਰਤੇ ਗਏ ਗਏ ਜਾਂ ਕੁਝ ਤਾਂ ਆਪਣੇ ਲਈ ਬਚਾ ਕੇ ਰੱਖੇ ਹੋਣਗੇ ।"

ਹਾਂ, ਕੁਝ ਹਜ਼ਾਰ ਹੀ ਰਹਿ ਗਏ ਸਨ । ਉਸ ਨੇ ਬੈਂਕ 'ਚ ਜਮ੍ਹਾਂ ਕਰਵਾ ਦਿੱਤੇ । ਜਦ ਵੀ ਕਿਸੇ ਲੋੜਵੰਦ ਨੂੰ ਲੋੜ ਪੈਂਦੀ, ਉਸ ਉਸਦੀ ਲੋੜ ਪੂਰੀ ਕਰਦਾ ।

"ਯਾਰ, ਸੱਚਮੁੱਚ ਹੀ ਉਚ ਪਾਏ ਦਾ ਇਨਸਾਨ ਸੀ ਉਹ ਤਾਂ ਦੇਵਤਾ । ਇਸਦਾ ਮਤਲਬ ਹੈ ਅੱਜ ਵੀ ਕੋਈ ਹਰਿਆ ਬੂਟ ਹੈ, ਅਜ ਵੀ ਅਵਤਾਰ ਹੈਨ ਕੋਈ । ਪਰ ਮੈਂ ਕਹਿਨਾਂ ਸਾਰੇ ਈ ਬੰਦੇ ਨੇਕ ਇਮਾਨਦਾਰ ਕਿਉਂ ਨਹੀਂ ਹੁੰਦੇ । ਇੰਜ ਹੋਵੇ ਤਾਂ ਦੇਸ਼ ਸਵਰਗ ਨਾ ਬਣ ਜਾਏ । ਸਵਰਗ ਲਈ ਲੋਕ ਉਤਾਂਹ ਨੂੰ ਨਾ ਝਾਕਣ । ਅੱਛਾ, ਜਿੱਥੇ ਦੂਸਰਿਆਂ ਲਈ ਏਨਾਂ ਕੁਝ ਕੀਤਾ ਤਾਂ ਉਹ ਆਪਣੀ ਔਲਾਦ ਨੂੰ ਵੀ ਮੁਆਫ ਕਰ ਦਿੰਦਾ ।"

"ਹਾਂ, ਕੀਤਾ ਕਿ ਉਸ । ਦੋਹਾਂ ਲੜਕਿਆਂ ਨੂੰ ਵੱਖਰੇ ਵੱਖਰੇ ਘਰ ਲੈ ਦਿੱਤੇ ਤੇ ਹੁਣ ਉਹ ਬਹੁਤ ਖੁਸ਼ ਸਨ ਤੇ ਸ਼ਰਮਿੰਦੇ ਵੀ । ਉਹ ਕਹਿੰਦੇ ਰਹੇ ਕਿ 'ਸਾਡੇ ਨਾਲ ਰਹੋ' ਪਰ ਉਹ ਆਪਣੇ ਜੱਦੀ ਮਕਾਨ 'ਚ ਹੀ ਰਿਹਾ ਤੇ ਉਹ ਵੀ ਕਿਸੇ ਡਾਕਟਰ ਦੇ ਨਾਂ ਲਵਾ ਦਿੱਤਾ ਕਿ ਉਹ ਉਸਦੇ ਬਾਅਦ ਮਰੀਜ਼ਾਂ ਦੀ ਮੁਫਤ ਸੇਵਾ ਕਰੇਗਾ ।"

"ਨਮਸਕਾਰ ਹੈ ਉਸਨੂੰ"---ਤੇ ਦੋਵੇਂ ਦੋਸਤ ਚੁੱਪ ਹੋ ਗਏ । ਉਹ ਆਪਣੇ ਨਾਮ ਨੂੰ ਸਹੀ ਅਰਥ ਦੇ ਕੇ ਅਮਰ ਹੋ ਗਿਆ ਹੈ ।

*****


Academy of the Punjab in North America: http://www.apnaorg.com

# ਔਖੇ ਘੁੱਟ

ਕਈ ਸਾਲਾਂ ਬਾਅਦ ਮੈਂ ਤੇ ਮੇਰਾ ਪਤੀ ਉਸਦੇ ਘਰ ਗਏ ਸਾਂ । ਉਹ ਕੁਰਸੀ ਤੇ ਬੈਠਾ ਬੈਠਾ ਬੜੀ ਹੌਲੀ ਹੌਲੀ ਚੌਲ ਖਾ ਰਿਹਾ ਸੀ । ਬਿੰਦ ਕੁ ਲਈ ਤਾਂ ਪਛਾਣਿਆ ਵੀ ਨਾ ਗਿਆ । ਹੈਂ, ਇਸਦੀ ਕੀ ਹਾਲਤ ਹੋਈ ਹੈ ? ਮਾੜੂਆ ਜਿਹਾ, ਚਿਹਰੇ ਦੀਆਂ ਹੜਬਾਂ ਨਿਕਲੀਆਂ, ਢਿੱਲੀ ਖੁਸ਼ਕ ਚਮੜੀ ਜਿਵੇਂ ਹੁਣੇ ਹੀ ਹੱਡੀਆਂ ਨੇ ਚਮੜੀ ਦਾ ਭਾਰ ਸਹਿਣੋਂ ਇਨਕਾਰ ਕਰ ਦਿੱਤਾ ਹੋਵੇ । ਅੱਖਾਂ ਅੰਦਰ ਨੂੰ ਧੱਸੀਆਂ, ਅੱਧੀਆਂ ਸੁੱਤੀਆਂ, ਅੱਧੀਆਂ ਜਾਗਦੀਆਂ, ਨਿਰਾਸ਼ਾ ਨੂੰ ਭੋਗ ਰਹੀਆਂ ।

ਕਿਉਂਕਿ ਉਸਦਾ ਦੋਸਤ ਉਸ ਨੂੰ ਚਿਰਾਂ ਬਾਅਦ ਮਿਲਿਆ ਸੀ । ਉਸ ਆਪਣੀ ਨਿੱਘਰੀ ਹੋਈ ਸਾਰੀ ਤਾਕਤ ਇਕੱਠੀ ਕੀਤੀ ਤੇ ਉਸਦੀਆਂ ਅੱਖਾਂ ਵਿਚ ਵੀ ਆਰਜ਼ੀ ਜਿਹੀ ਚਮਕ ਆ ਗਈ । ਉਹ ਬੁਲ੍ਹਾਂ 'ਤੇ ਭੁੱਲੀ ਹੋਈ ਮੁਸਕਾਨ ਨੂੰ ਸਵਾਰ ਕੇ ਲਿਆਉਂਦਾ ਹੋਇਆ ਆਪਣੇ ਪੁਰਾਣੇ ਦੋਸਤ ਤੇ ਭਾਬੀ ਨੂੰ ਬੜੇ ਪਿਆਰ ਤੇ ਨਿੱਘ ਨਾਲ ਮਿਲਿਆ । ਹੁਣ ਉਹ ਇਕ ਸਾਧਾਰਨ ਬੰਦੇ ਦੀ ਤਰ੍ਹਾਂ ਹੱਸ ਹੱਸ ਗੱਲਾਂ ਕਰ ਰਿਹਾ ਸੀ । ਉਸਦਾ ਇਕ ਪੰਜ ਕੁ ਸਾਲ ਦਾ ਛੋਟਾ ਲੜਕਾ ਕਦੇ ਲਾਗੇ ਆਉਂਦਾ ਤੇ ਕਦੇ ਪਰ੍ਹਾਂ ਚਲਾ ਜਾਂਦਾ । ਉਸ ਨੂੰ ਪਿਆਰ ਕੀਤਾ ਉਹ ਵੀ ਘੁਲ ਮਿਲ ਗਿਆ ।

"ਮੈਂ ਆਪਣੀ ਟਿਊਬ ਲਿਆ ਕੇ ਦਿਖਾਵਾਂ ?" ਤੇ ਛੋਟਾ ਡਿੰਪੀ ਜਲਦੀ ਨਾਲ ਭੱਜਾ ਗਿਆ, ਭੱਜਦਿਆਂ ਬੂਹੇ ਨਾਲ ਗੋਡਾ ਵੀ ਭਨਾਇਆ । ਖੈਰ, ਉਸ ਆਪਣੀ ਤਿੰਨ ਕੁ ਇੰਚ ਲੰਮੀ ਟਿਊਬ ਲਿਆ ਕੇ ਜਗਾਈ ਤਾਂ ਸਾਰੇ ਵਾਹ ਵਾਹ ਕਰਨ ਲੱਗੇ ਪਰ ਜਦ ਪਲੱਗ ਤੋਂ ਲਾਹੁਣ ਲੱਗਾ ਤਾਂ ਝਟਕੇ ਨਾਲ ਪਰ੍ਹਾਂ ਹੋ ਗਿਆ ਤੇ ਉਂਗਲੀ ਨੱਪਦਾ ਅੰਦਰ ਚਲਾ ਗਿਆ । ਯਕੀਨਨ ਉਸਨੂੰ ਮਾੜਾ ਜਿਹਾ ਕਰੰਟ ਲੱਗਾ ਸੀ ।

"ਉਹੋ ! ਵਿਚਾਰੇ ਦੀ ਉਂਗਲੀ ਕਿਤੇ ਲੱਗ ਗਈ ਹੈ, ਅਜੇ ਛੋਟਾ ਹੈ ਨਾ । ਪਰ ਇੱਡੇ ਬੱਚੇ ਲਈ ਬਿਜਲੀ ਵਾਲੇ ਖਿਡੌਣੇ ਨਹੀਂ ਚਾਹੀਦੇ ।" ਮਾਹੌਲ ਗੰਭੀਰ ਜਿਹਾ ਹੋ ਗਿਆ ।

"ਯਾਰ, ਰਤਨਿਆ, ਸੀਮਾ ਵੱਲੋਂ ਤਾਂ ਬੜੀ ਮਾੜੀ ਹੋਈ । ਇਕ ਗੱਲੋਂ ਤਾਂ ਠੀਕ ਹੈ ਕਿ ਨਿੱਤ ਦੇ ਕਲੇਸ਼ ਨਾਲੋਂ ਤੋੜਨਾ ਚੰਗਾ---"

"ਹਾਂ, ਉਹ ਬੰਦੇ ਈ ਭੈੜੇ ਨਿਕਲੇ । ਕੁੜੀ ਨੂੰ ਮਾਰਦੇ ਕੁੱਟਦੇ ਸਨ ਕਿ ਇਸਨੇ ਕੁੜੀ ਹੀ ਕਿਉਂ ਜੰਮੀ" ਤੇ ਉਹ ਰੋਣ ਲਗ ਗਿਆ । "ਫਿਰ ਕੁਛ ਦੇਰ ਬਾਅਦ, ਮੇਰੀ ਭੈਣ ਨੇ ਵੀ ਆਪਣੇ ਲੜਕੀ ਲੜਕਾ ਵਿਆਹੇ ਪਰ ਕੋਈ ਸੁਖ ਨਹੀਂ ਪਾਇਆ । ਭਣੇਵੀਂ ਨੇ ਤਾਂ ਆਤਮ ਹੱਤਿਆ ਹੀ ਕਰ ਲਈ ।" ਭਰੇ ਗਲੇ ਨਾਲ ਕਹਿ ਉਹ ਜ਼ਾਰ ਜ਼ਾਰ ਰੋਣ ਲੱਗਾ ?

"ਹੈਂ ਆਤਮ ਹੱਤਿਆ ? ਏਡੀ ਕੀ ਗਲ ਹੋ ਗਈ ?"

Academy of the Punjab in North America: http://www.apnaorg.com

"ਉਹਦੇ ਸਹੁਰੇ ਬੜੇ ਲਾਲਚੀ ਨਿਕਲੇ, ਕਦੇ ਕਹਿਣ ਆਹ ਨਹੀਂ ਚੰਗਾ, ਇਹ ਘਰੋਂ ਲਿਆ, ਉਹ ਲਿਆ ਵਗੈਰਾ---" ਤੇ ਰੋਣ ਲੱਗ ਗਿਆ।

"ਫਿਰ ਉਹ ਘਰ ਆਈ ਕਿ ਮੈਂ ਨਹੀਂ ਜਾਣਾ, ਪਰ ਉਸਦੇ ਘਰਦਿਆਂ ਫਿਰ ਭੇਜ ਦਿੱਤੀ--ਤੇ ਫਿਰ--ਉਸ ਆਤਮ ਹੱਤਿਆ ਕਰ ਲਈ।"

"ਯਾਰ, ਅਜਿਹੀ ਔਖੀ ਸੀ ਤਾਂ ਘਰਦਿਆਂ ਨੂੰ ਨਹੀਂ ਸੀ ਭੇਜਣੀ ਚਾਹੀਦੀ। ਇਸ ਵਿਚ ਤਾਂ ਲੜਕੀ ਦੇ ਘਰ ਦੇ ਵੀ ਉਨੇਂ ਹੀ ਜ਼ਿੰਮੇਵਾਰ ਹਨ, ਕਸੂਰਵਾਰ ਹਨ।"

"ਫਿਰ ਉਹਨਾਂ ਲੜਕਾ ਵਿਆਹਿਆ ਉਹਦੀ ਵੀ ਗੜਬੜ ਹੋ ਗਈ ?"

"ਕਿਉਂ ਕੀ ਹੋਇਆ ?"

"ਉਹਨਾਂ ਦੀ ਨੂੰਹ ਘਰੋਂ ਸਭ ਨਕਦੀ, ਗਹਿਣੇ ਲੈ ਕੇ ਘਰੋਂ ਚੋਰੀ ਭਜ ਗਈ।"

"ਇਹ ਤਾਂ ਸੱਚ ਹੀ ਬੜਾ ਜ਼ੁਲਮ ਹੋਇਆ ਉਹਨਾਂ ਨਾਲ। ਕੁਝ ਪਤਾ ਨਹੀਂ ਲੱਗਦਾ ਬੰਦਿਆ ਦਾ। ਰਿਸ਼ਤੇ ਤਾਂ ਆਖਰ ਸਭ ਦੇਖ ਕੇ ਹੀ ਕਰੀਦੇ ਨੇ। ਪਰ ਫਿਰ ਵੀ--"

ਏਨੇ ਨੂੰ ਉਸ ਦੀ ਵੱਡੀ ਲੜਕੀ ਸੀਮਾ ਚਾਹ ਤੇ ਬਿਸਕੁੱਟ ਲੈ ਕੇ ਆ ਗਈ।

"ਆ ਜਾ ਬੇਟੇ, ਆਹ ਲੈ ਬਿਸਕੁਟ 'ਤੇ ਸੀਮਾ ਦੀ ਦੋ ਸਾਲ ਦੀ ਲੜਕੀ ਨੇ ਕੋਲ ਆ ਕੇ ਬਿਸਕੁਟ ਫੜ ਲਿਆ ਤੇ ਫਿਰ ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਲੱਗ ਗਈ।

"ਦੇਖੋ, ਹੁਣ ਆਹ ਕਿੰਨਾ ਪਿਆਰਾ ਬੱਚਾ ਏ ਤੇ ਉਹ ਇਹਨੂੰ ਵੀ ਮਾਰਨ ਲੱਗ ਜਾਂਦਾ ਸੀ ਤੇ ਜਦੋਂ ਇਹ ਇਥੇ ਆਈ ਤਾਂ ਇੰਨੀ ਸਹਿਮੀ ਸਹਿਮੀ ਲਗ ਰਹੀ ਸੀ। ਹੁਣ ਕੁਝ ਰੌਣਕ ਆਈ ਏ ਚਿਹਰੇ 'ਤੇ ਬੜੀ ਮਿਲਾਪੜੀ ਹੈ, ਹਰੇਕ ਨਾਲ ਗੱਲਾਂ ਕਰਨ ਲੱਗ ਜਾਂਦੀ ਹੈ।"

ਉਸਦੀ ਦੋਹਤੀ ਦੇ ਆਉਣ ਨਾਲ ਮਹੌਲ ਫਿਰ ਖੁਸ਼ਗਵਾਰ ਹੋ ਗਿਆ। ਰਤਨੇ ਨੇ ਫਿਰ ਹੱਸ ਹੱਸ ਗੱਲਾਂ ਕੀਤੀਆਂ। ਉਵੇਂ ਹੀ ਲੱਗਾ ਜਿਵੇਂ ਪਹਿਲੇ ਕਈ ਸਾਲ ਖੁਸ਼ਮਿਜਾਜ਼ ਹੁੰਦਾ ਸੀ। ਸ਼ਰਾਬ ਤਾਂ ਉਹ ਉਦੋਂ ਵੀ ਪੀ ਲੈਂਦਾ ਸੀ ਕਦੇ ਕਦੇ। ਸ਼ਿਅਰ ਵੀ ਉਸਨੂੰ ਕਾਫੀ ਯਾਦ ਹੁੰਦੇ ਸਨ। ਪਰ ਹੁਣ ਤਾਂ ਜਿਵੇਂ ਕਿਸੇ ਸੁੱਚੇ ਮੋਤੀ ਦੀ ਮਿੱਟੀ ਗੰਦ 'ਚ ਰੁਲ ਕੇ ਸਾਰੀ ਛਬ ਹੀ ਖਤਮ ਹੋ ਚੁੱਕੀ ਹੋਵੇ।

ਅਜੇ ਚਾਹ ਖਤਮ ਕਰਕੇ ਹਟੇ ਸਾਂ ਕਿ ਉਸਦੀ ਪਤਨੀ ਆ ਗਈ ਜੋ ਕਿ ਹੁਣ ਤੱਕ ਡਾਕਟਰ ਪਾਸ ਦੁਆਈ ਲੈਣ ਗਈ ਹੋਈ ਸੀ। ਉਹ ਹਫੀ ਜਿਹੀ ਮੰਜੇ 'ਤੇ ਬੈਠ ਗਈ, ਮੂੰਹ 'ਤੇ ਓਪਰੀ ਜਿਹੀ ਮੁਸਕਾਨ ਲਿਆ ਕੇ ਸਾਨੂੰ ਪੁੱਛਣ ਲੱਗੀ, "ਬੜੇ ਚਿਰਾਂ ਬਾਅਦ ਆਏ ਹੋ।"

"ਬਸ ਭਾਬੀ ਜੀ, ਐਵੇਂ ਹੀ ਘਰਾਂ ਦੇ ਝਮੇਲਿਆਂ 'ਚੋਂ--"

"ਹੋਰ ਬੱਚੇ ਠੀਕ ਠਾਕ ਨੇ ?"

"ਸਭ ਠੀਕ ਹੈ--ਕੀ ਗਲ, ਤੁਸੀਂ ਤਾਂ ਠੀਕ ਹੋ ? ਕਾਹਦੀ ਦੁਆਈ ਲੈਣ ਗਏ ਸੀ ?"

"ਠੀਕ ਕੀ ਹੋਣਾ ਹੈ, ਮੋਢਿਆਂ 'ਚ ਤੇ ਹੱਥਾਂ ਦੇ ਜੋੜਾਂ 'ਚ ਦਰਦ ਬਹੁਤ ਹੁੰਦੀ ਰਹਿੰਦੀ ਹੈ। ਇਕ ਹਕੀਮ ਪਾਸ ਦੁਆਈ ਖਾਂਦੀ ਰਹੀ ਹਾਂ। ਪਰ ਜਿੰਨ੍ਹਾਂ ਚਿਰ ਖਾਂਦੀ ਹਾਂ

Academy of the Punjab in North America: http://www.apnaorg.com

ਠੀਕ ਹੁੰਦੀ ਹਾਂ, ਬਲਕਿ ਘੋੜੇ ਵਾਂਗ ਮਹਿਸੂਸ ਕਰਦੀ ਹਾਂ ਤੇ ਜਦੋਂ ਛੱਡ ਦਿੰਦੀ ਹਾਂ, ਜੋੜ ਫਿਰ ਦਰਦ ਕਰਨ ਲੱਗ ਜਾਂਦੇ ਨੇ। ਦੱਸੋ ਕੀ ਕਰਾਂ, ਮੈਨੂੰ ਤਾਂ ਸਾਲ ਹੋ ਗਿਆ ਏ ਦੁਆਈ ਖਾਂਦੀ ਨੂੰ ਤੇ ਹੁਣ ਮੇਰੀ ਪਿੱਠ ਤੇ ਪਤਾ ਨਹੀਂ ਕੀ ਨਿਕਲ ਆਇਆ ਏ। ਹੱਡੀਆਂ ਵੀ ਵੱਧ ਗਈਆਂ ਨੇ ਤੇ ਉਹ ਹੁਣ ਜਿਆਦਾ ਦਰਦ ਕਰਦੀਆਂ ਨੇ।" ਉਸ ਆਪਣੇ ਪੈਰ ਦਾ ਅੰਗੂਠਾ ਅਗਾਂਹ ਕਰਦੇ ਹੋਏ ਦਿਖਾਇਆ, ਇਹ ਹੁਣ ਬਹੁਤ ਹੀ ਦਰਦ ਕਰਦਾ ਹੈ, ਕੁਝ ਸਮਝ ਨਹੀਂ ਲੱਗਦੀ ਕੀ ਕੀਤਾ ਜਾਵੇ।"

"ਸੀਮਾ ਦੀ ਵੀ ਗਲ ਵਿਗੜ ਗਈ ਹੈ।"

"ਚਲੋ, ਸੀਮਾ ਦਾ ਤਾਂ ਹੋਇਆ ਸੋ ਹੋਇਆ" ਉਹ ਸ਼ਾਇਦ ਮੁੜ ਇਹ ਸਾਰਾ ਕਿੱਸਾ ਦੁਹਰਾਉਣਾ ਨਹੀਂ ਸੀ ਚਾਹੁੰਦੀ। ਤੇ ਮੁੜ ਆ ਗਈ।

"ਤੁਸੀਂ ਭਾ ਜੀ, ਇਹਨਾਂ ਨੂੰ ਸਮਝਾਓ" ਉਸ ਆਪਣੇ ਪਤੀ ਵਲ ਸੜੀਆਂ ਹੋਈਆਂ ਨਜ਼ਰਾਂ ਨਾਲ ਦੇਖਦੇ ਹੋਏ ਕਿਹਾ, "ਇਹ ਭਾਵੇਂ ਦਿਨ ਹੈ, ਦੁਪਹਿਰ ਹੈ ਤੇ ਜਾਂ ਰਾਤ, ਸ਼ਰਾਬ ਨਾਲ ਗੁੱਟ ਹੋ ਕੇ ਪਏ ਰਹਿੰਦੇ ਨੇ। ਇਹਨਾਂ ਨੂੰ ਹੈ ਕੋਈ ਘਰ ਦਾ ਫਿਕਰ ? ਇਹ ਤਾਂ ਕੁਦਰਤੀ ਤੁਹਾਨੂੰ ਅੱਜ ਬੈਠੇ ਹੋਏ ਮਿਲ ਗਏ ਨੇ, ਨਹੀਂ ਤਾਂ ਜਾਂ ਇਹ ਭੁੰਜੇ ਲੇਟੇ ਹੁੰਦੇ ਨੇ ਜਾਂ ਮੰਜੇ ਤੇ। ਕੁੜੀ ਦੀ ਤਾਂ ਚਲੋ ਕਿਸਮਤ ਹੀ ਉਹੋ ਜਿਹੀ ਸੀ, ਹੁਣ ਆਪਣੀ ਕਮਾਉਂਦੀ ਤਾਂ ਹੈ ਅਤੇ ਇਹ ਕਈ ਵਾਰ ਉਸ ਤੋਂ ਪੈਸੇ ਮੰਗਣ ਲਗ ਜਾਂਦੇ ਨੇ। ਤੁਸੀਂ ਹੀ ਦੱਸੋ ਕਿ ਇਵੇਂ ਚੰਗਾ ਲੱਗਦਾ ਹੈ, ਇਕ ਪਿਓ ਆਪਣੀ ਲੜਕੀ ਪਾਸੋਂ ਮੰਗੇ ? ਉਹ ਵੀ ਸ਼ਰਾਬ ਲਈ ?"

ਉਹ ਟੇਪ ਰਿਕਾਰਡ ਵਾਂਗ ਬੋਲੀ ਜਾਂਦੀ ਸੀ। ਉਸਦਾ ਪਤੀ ਕੁਝ ਝੇਪ ਜਿਹਾ ਗਿਆ। ਸ਼ਰਮਿੰਦਾ ਜਿਹਾ ਹੋ ਕੇ ਰਹਿ ਗਿਆ ਸੀ ਕਿ ਹੁਣੇ ਇਸਦੇ ਆਉਣ ਤੋਂ ਪਹਿਲੇ ਦੋਸਤ ਸਾਹਮਣੇ ਇਕ ਵਜੂਦ ਜਿਹਾ ਬਣਿਆ ਸੀ, ਇਕ ਹਮਦਰਦੀ ਜਿਹੀ ਜਿੱਤੀ ਸੀ ਉਸਨੇ।

"ਫਿਰ ਦੇਖੋ ਜੀ" ਉਹ ਆਪਣੀਆਂ ਸ਼ਿਕਾਇਤਾਂ ਜਾਰੀ ਰੱਖਦਿਆਂ ਬੋਲੀ।

"ਫਿਰ ਇਹਨਾਂ ਨੂੰ ਆਪਣਾ ਆਪ ਸਵਾਰਨ ਦੀ ਕੋਈ ਹੋਸ਼ ਨਹੀਂ ਹੈ। ਉਵੇਂ ਹੀ ਮੈਲੇ ਜਿਹੇ ਕੱਪੜਿਆਂ ਨਾਲ ਢੱਠਾ ਜਿਹਾ ਪਰਨਾ ਸਿਰ 'ਤੇ ਵਲ੍ਹੇਟ ਕੇ ਬਾਹਰ ਨਿਕਲ ਜਾਂਦੇ ਨੇ। ਹੁਣ ਕਲ੍ਹ ਨੂੰ ਦੂਸਰੀ ਲੜਕੀ ਦਾ ਰਿਸ਼ਤਾ ਕਰਨਾ ਹੈ। ਚੰਗੇ ਚੰਗੇ ਲੋਕ ਮਿਲਣ ਆਉਂਦੇ ਨੇ ਤੇ ਇਹ ਚੰਗੀ ਤਰ੍ਹਾਂ ਅਗਾਂਹ ਹੋ ਕੇ ਗੱਲ ਨਹੀਂ ਕਰਦੇ, ਕਿਸੇ ਨੂੰ ਚਾਹ ਪਾਣੀ ਨਹੀਂ ਪੁੱਛਦੇ ਤਾਂ ਕਿਸੇ ਨੇ ਇਥੇ ਕੀ ਆਉਣਾ ਤੇ ਕੀ ਗੱਲ ਕਰਨੀ ਹੈ। ਦੱਸੋ ਮੈਂ ਕਿਹੜੇ ਖੂਹ 'ਚ ਪਵਾਂ, ਮੈਨੂੰ ਤਾਂ ਏਨੀ ਸ਼ਰਮ ਆਉਂਦੀ ਹੈ।"

ਰਤਨਾ ਵਿਚੇ ਵਿਚ ਕ੍ਰਿਝ ਰਿਹਾ ਸੀ ਕਿ ਬੱਦਲ ਕਿਧਰੋਂ ਪਾਟ ਪਿਆ ਸੀ, ਬੋਹਤੀ ਦੇਰ ਹੋਰ ਨਾ ਆਉਂਦੀ ਤਾਂ ਕੀ ਸੀ।

"ਕਿਉਂ ਬਈ, ਤੂੰ ਸ਼ਰਾਬ ਕੁਝ ਘੱਟ ਕਰ ਦੇਹ ਖਾਂ ਤੇ ਆਪਣਾ ਘਰ ਬਾਰ ਦੇਖ, ਹੋਰ ਕਿਸ ਦੇਖਣਾ ਹੈ ?" ਸਰਦਾਰ ਹੁਰਾਂ ਨੇ ਸਮਝਾਉਣ ਵਜੋਂ ਆਖਣਾ ਚਾਹਿਆ।

"ਉਹ ਮੈਂ ਅੱਜ ਬੰਦ ਕਰ ਦਿੰਦਾ ਹਾਂ, ਪਰ ਪਹਿਲੇ ਇਸ ਨੂੰ ਚੁੱਪ ਕਰਾਓ, ਐਵੇਂ ਬੋਲੀ ਜਾਂਦੀ ਐ--"


Academy of the Punjab in North America: http://www.apnaorg.com

"ਚੁੱਪ ਕਰ", ਇਸੇ ਸ਼ਬਦ ਨੂੰ ਦੁਹਰਾਉਂਦੀ ਹੋਈ ਤੇ ਮਾੜਾ ਜਿਹਾ ਬੁੜਬੁੜਾਉਂਦੀ ਹੋਈ ਨੇ ਉਸ ਮੂੰਹ ਪਰ੍ਹਾਂ ਕਰ ਲਿਆ ਪਰ ਫਿਰ--

"ਦੇਖੋ, ਹੁਣ ਇਹਨਾਂ ਆਪਣੇ ਕਈ ਦੋਸਤਾਂ ਨੂੰ ਪੈਸੇ ਦਿੱਤੇ ਹੋਏ ਨੇ। ਮਤਲਬੀ ਦੋਸਤ ਥੋਹੜੀ ਜਿਹੀ ਇਹਨਾਂ ਨੂੰ ਪਿਆ ਕੇ, ਮਿੱਠੇ ਬਣ ਕੇ ਇਹਨਾਂ ਪਾਸੋਂ ਪੈਸੇ ਲੈ ਜਾਂਦੇ ਨੇ ਤੇ ਇਹ ਮੈਨੂੰ ਦੱਸਦੇ ਵੀ ਨਹੀਂ। ਕਲ੍ਹ ਨੂੰ ਕੁੜੀਆਂ ਦੇ ਵਿਆਹ ਕਰਨੇ ਨੇ, ਮੈਨੂੰ ਉੱਕ ਨਹੀਂ ਪਤਾ, ਇਹ ਨਸ਼ੇ 'ਚ ਪਏ ਹੋਣ ਤੇ ਉਹਨਾਂ ਤਾਂ ਮੁੱਕਰ ਜਾਣਾ ਹੈ।"

"ਇਹ ਦੇਖੋ, ਫਿਰ ਬਕਵਾਸ ਕਰੀ ਜਾਂਦੀ ਐ, ਮੈਂ ਜਦ ਕਹਿਨਾਂ ਕਿ ਤੂੰ ਚੁੱਪ ਰਿਹਾ ਕਰ, ਮੈਂ ਛੱਡ ਦੇਨਾਂ ਸ਼ਰਾਬ।"

"ਚਲੋ ਭਾਬੀ ਜੀ, ਤੁਸੀਂ ਚੁੱਪ ਕਰੋ, ਤੁਸੀਂ ਨਹੀਂ ਹੁਣ ਬੋਲਣਾ।"

"ਫਿਰ---" ਉਹ ਹੋਰ ਕੋਈ ਗਲ ਕਰਨ ਹੀ ਲੱਗੀ ਸੀ। ਸ਼ਾਇਦ ਢੇਰ ਸਾਰੀਆਂ ਸ਼ਿਕਾਇਤਾਂ ਦਾ ਡੱਬਾ ਜੋ ਬਹੁਤ ਚਿਰ ਤੋਂ ਬੰਦ ਪਿਆ ਸੀ, ਉਹ ਇਕੋ ਵੇਰ ਉਲੱਦ ਕੇ ਸੁਰਖਰੂ ਹੋ ਜਾਣਾ ਚਾਹੁੰਦੀ ਸੀ। ਪਰ ਥੋਹੜੀ ਦੇਰ ਲਈ ਮੋਨ ਹੋ ਗਈ।

"ਹਾਂ, ਯਾਰ ਤੂੰ ਦੱਸ ਦਿਆ ਕਰ ਪੈਸਿਆਂ ਦਾ ਹਿਸਾਬ। ਆਖਰ ਤੇਰੀ ਘਰਵਾਲੀ ਹੈ ਕੋਈ ਗੈਰ ਤਾਂ ਨਹੀਂ।"

"ਮੇਰਾ ਹੁਣ ਕੋਈ ਨਜ਼ਦੀਕੀ ਦੋਸਤ, ਮੇਰੇ ਕੰਮ ਆਉਂਦਾ ਹੈ ਤਾਂ ਕੀ ਲੋੜ ਵੇਲੇ ਮੈਂ ਉਸਦੀ ਮੱਦਦ ਨਹੀਂ ਕਰ ਸਕਦਾ ? ਇਹ ਮੈਂ ਇਸ ਪਾਸੋਂ ਪੁੱਛਣ ਜਾਵਾਂ ?"

ਫਿਰ ਰੁਕ ਕੇ "ਉਹ ਏਨਾਂ ਚੰਗਾ ਹੈ, ਜਰੂਰ ਹੀ ਵਾਪਸ ਕਰ ਦੇਵੇਗਾ।"

"ਤੇ ਕਲ੍ਹ ਨੂੰ ਉਸ ਦਾ ਮਨ ਬਦਲ ਵੀ ਤਾਂ ਸਕਦਾ ਹੈ।"

"ਨਹੀਂ ਨਹੀਂ, ਉਹ ਏਦਾਂ ਦਾ ਨਹੀਂ ਹੈ।"

"ਗੱਲ ਇਹ ਹੈ ਕਿ" ਦੋਸਤ ਸਮਝਾਉਣ ਲੱਗਾ 'ਇਹ ਤੁਹਾਡਾ ਦੋਹਾਂ ਦਾ ਸਾਂਝਾ ਘਰ ਹੈ, ਸਾਝੀਆਂ ਜਿੰਮੇਵਾਰੀਆਂ, ਸਾਂਝੀਆਂ ਸਮਸਿਆਵਾਂ। ਇਕੱਲਾ ਬੰਦਾ ਤਾਂ ਕੁਝ ਨਹੀਂ ਕਰ ਸਕਦਾ। ਜੇ ਤੂੰ ਨਸ਼ੇ 'ਚ ਹੀ ਪਿਆ ਰਹੇ ਤਾਂ ਉਹ ਇਕਲੀ ਕੀ ਕੀ ਕਰੂ ? ਕੀ ਤੂੰ ਚਾਹੁੰਦਾ ਏਂ ਕਿ ਉਹ ਦੂਸਰੇ ਆਦਮੀਆਂ ਦੀ ਮੱਦਦ ਲਵੇ, ਯਾਰ ਮੈਂ ਤਾਂ ਸੁਣਿਆ ਸੀ ਕਿ ਤੂੰ ਸ਼ਰਾਬ ਛੱਡ ਦਿੱਤੀ ਹੈ।"

ਉਸਦੀ ਪਤਨੀ ਰਸੋਈ 'ਚ ਆਉਂਦੀ ਹੋਈ ਬੋਲੀ, "ਬੱਸ ਉਹੀ ਦੋ ਹਫਤੇ ਨਹੀਂ ਪੀਤੀ। ਕਿਉਂਕਿ ਬਵਾਸੀਰ ਦਾ ਓਪਰੇਸ਼ਨ ਹੋਇਆ ਸੀ ਇਹਨਾਂ ਦਾ ਤੇ ਡਾਕਟਰ ਨੇ ਬੁਰੀ ਤਰ੍ਹਾਂ ਮਨ੍ਹਾਂ ਕੀਤਾ ਸੀ।"

"ਤੇ ਯਾਰ ਜੇ ਤੂੰ ਚੌਦਾਂ ਦਿਨ ਛੱਡ ਸਕਦਾ ਏਂ ਤਾਂ ਤੂੰ ਹੋਰ ਦਿਨਾਂ ਲਈ ਵੀ ਛੱਡ ਸਕਦਾ ਏਂ। ਪਲੀਜ", ਉਸਦੇ ਦੋਸਤ ਨੇ ਵਾਸਤਾ ਪਾਉਂਦੇ ਹੋਏ ਤੇ ਉਸਦੇ ਗਲ ਬਾਂਹ ਵਲਦੇ ਹੋਏ ਭਰੇ ਦਿਲ ਨਾਲ ਕਿਹਾ।

"ਤੂੰ ਏਨਾਂ ਲਾਇਕ ਏਂ, ਸੰਗੀਤ ਸਮਰਾਟ ਏ, ਇੰਡਸਟਰੀ ਵਿਚ ਸਭ ਕੰਮ ਜਾਣਦਾ ਏਂ ਤੇ ਏਨੀ ਜਾਇਦਾਦ ਦਾ ਮਾਲਕ ਏਂ, ਫਿਰ ਤੂੰ ਕਿਉਂ ਆਪਣੇ ਆਪ ਨੂੰ ਬਰਬਾਦ ਕਰ ਰਿਹਾ ਏਂ ਕਿਸ ਲਈ ? ਕਿਸੇ ਵੇਲੇ ਥੋਹੜੀ ਜਹੀ ਪੀਣ ਦਾ ਤਾਂ ਹਰਜ ਨਹੀਂ ਹੈ। ਪਰ ਹਮੇਸ਼ਾਂ ਨਸ਼ੇ 'ਚ ਰਹਿਣਾ--ਨਹੀਂ ਯਾਰ--ਤੂੰ ਮੇਰਾ ਸਭ ਤੋਂ ਪੁਰਾਣਾ ਦੋਸਤ ਏ ਨਾ।" ਕਹਿੰਦਿਆਂ ਉਸਦੀਆਂ ਅੱਖਾਂ ਨਮ ਹੋ ਗਈਆਂ।


Academy of the Punjab in North America: http://www.apnaorg.com

"ਮੈਂ ਤਾਂ ਕਿਹਾ ਕਿ ਮੈਂ ਨਹੀਂ ਪੀਂਦਾ" ਉਸ ਫਿਰ ਆਪਣੀ ਪਤਨੀ ਵਲ ਦੇਖਦਿਆਂ ਕਿਹਾ।

"ਬਸ ਇਹ ਨਾ ਬੋਲਿਆ ਕਰੇ"

"ਅੱਛਾ ਚਲੋ, ਮੁਕਾਓ ਗਲ। ਤੂੰ ਸ਼ਰਾਬ ਨਹੀਂ ਪੀਏਂਗਾ ਤੇ ਭਾਬੀ ਜੀ ਬੋਲਣਗੇ ਨਹੀਂ ਠੀਕ ?"

ਮਾਮਲਾ ਹੈ ਗੰਭੀਰ ਸੀ। ਉਸਦੀ ਪਤਨੀ ਠੀਕ ਹੀ ਬੋਲ ਰਹੀ ਸੀ। ਉਹ ਕਰੇ ਵੀ ਕੀ ? ਕਿਧਰ ਜਾਏ ? ਉਸਦੇ ਪਤੀ ਨੇ ਤਾਂ ਸਾਰੀਆਂ ਜਿੰਮੇਵਾਰੀਆਂ ਤੋਂ ਮੂੰਹ ਫੇਰ ਕੇ ਗੁੱਟ ਰਹਿਣ ਨੂੰ ਹੀ ਆਪਣੇ ਜੀਵਨ ਦਾ ਮੰਤਵ ਬਣਾ ਲਿਆ ਸੀ। ਕਿੰਨ੍ਹਾਂ ਭਰਵਾਂ, ਗਠਵਾਂ, ਉੱਚਾ ਲੰਮਾ ਸਰੀਰ ਹੁੰਦਾ ਸੀ ਉਸਦਾ। ਉਹ ਪੜ੍ਹਿਆ ਲਿਖਿਆ ਸੀ। ਉਹ ਬਿਜਲੀ ਤੇ ਮਸ਼ੀਨਾਂ ਦਾ ਹਰ ਤਰ੍ਹਾਂ ਦਾ ਕੰਮ ਬਾਖ਼ੂਬੀ ਜਾਣਦਾ ਸੀ। ਉਸਦਾ ਆਪਣਾ ਪੇਚਾਂ ਦਾ ਕਾਰਖਾਨਾ ਸੀ। ਜੋ ਕੰਮ ਉਸ ਲਈ ਨਵਾਂ ਵੀ ਹੁੰਦਾ ਆਪਣੀ ਚੇਤੰਨ ਬੁੱਧੀ ਕਾਰਨ ਝੱਟ ਸਮਝ ਲੈਂਦਾ। ਉਸ ਪਾਸੋਂ ਕਈਆਂ ਨੇ ਕੰਮ ਸਿੱਖਿਆ ਤੇ ਕਈਆਂ ਨੂੰ ਉਸਨੇ ਆਪਣੇ ਜੀਵਨ ਵਿਚ ਨੇਕ ਸਲਾਹਾਂ ਦਿੱਤੀਆਂ ਸਨ। ਉਹ ਆਪਣੇ ਦੋਸਤਾਂ 'ਚ ਬੈਠ ਕੇ ਹੱਸਦਾ ਸੀ। ਚੁਟਕਲੇ ਸ਼ਿਅਰ ਸੁਣਾਉਂਦਾ ਸੀ ਤੇ ਕਦੇ ਕਦੇ ਮਨਮੌਜ ਕਰਨ ਲਈ ਆਪਣੇ ਦੋਸਤਾਂ ਨਾਲ ਸ਼ਰਾਬ ਵੀ ਪੀ ਲੈਂਦਾ ਸੀ। ਘਰ ਆ ਕੇ ਆਪਣੀ ਪਤਨੀ ਨੂੰ ਵੀ ਸਲਾਹਾਂ ਦਿੰਦਾ ਕਿ ਫਲਾਣੀ ਸਬਜ਼ੀ ਨੂੰ ਇਵੇਂ ਭੁੰਨਿਆ ਜਾਏ, ਲੌਂਗ ਲਾਚੀ ਪਾਉਣ ਨਾਲ ਸੁਆਦ ਦੂਣਾ ਹੋ ਜਾਂਦਾ ਹੈ ਆਦਿ। ਉਹ ਅਚਾਰ ਚਟਣੀਆਂ ਖੁਦ ਆਪ ਬਣਾਉਂਦਾ। ਉਸਨੂੰ ਮਿਊਜ਼ਿਕ ਦਾ ਵੀ ਬੇਹੱਦ ਸ਼ੌਂਕ ਸੀ। ਉਹ ਮਾਊਥ ਔਰਗਨ ਬੜਾ ਅੱਛਾ ਵਜਾ ਲੈਂਦਾ ਸੀ।

ਪਰ ਉਸਦੀ ਪਤਨੀ ਦੇ ਸ਼ੌਂਕ ਹੋਰ ਹੀ ਸਨ। ਉਹ ਚਾਹੁੰਦੀ ਸੀ ਕਿ ਘਰ ਵਿਚ ਵਧੀਆ ਤੋਂ ਵਧੀਆ ਸਜਾਵਟੀ ਸਮਾਨ ਆਉਂਦਾ ਰਹੇ। ਉੱਤਮ ਕਿਸਮ ਦਾ ਵੰਨ ਸੁਵੰਨਾ ਫਰਨੀਚਰ ਹੋਵੇ। ਨਵੀਂ ਤੇ ਮਹਿੰਗੀ ਕਿਸਮ ਦੇ ਟੀ. ਵੀ. ਤੇ ਵੀ. ਸੀ. ਆਰ. ਹੋਣ। ਕੰਧਾਂ ਨਾਲ ਮੈਚ ਕਰਦਾ ਸੁੰਦਰ ਕਲਾਕਾਰੀ ਗਲੀਚਾ ਵਿਛਿਆ ਹੋਵੇ। ਮਾਡਰਨ ਫੈਸ਼ਨ ਦੇ ਠੰਢੇ ਤੇ ਗਰਮ ਕੱਪੜਿਆਂ ਦੇ ਸੈੱਟ ਹੋਣ ਆਦਿ। ਪਰ ਉਸਦਾ ਪਤੀ ਅਜਿਹੀ ਸ਼ਾਨੋ ਸ਼ੌਕਤ ਉਪਰ ਪੈਸਾ ਖਰਚਣਾ ਫਜ਼ੂਲ ਸਮਝਦਾ ਸੀ। ਇਸ ਤੇ ਹਮੇਸ਼ਾਂ ਹੀ ਉਸਦੀ ਪਤਨੀ ਝਿੜਕਦੀ ਤੇ ਨੁਕਤਾਚੀਨੀ ਕਰਦੀ ਰਹਿੰਦੀ। ਉਹ ਆਪਣੇ ਪੇਕਿਆਂ ਨੂੰ ਉਸ ਨਾਲੋਂ ਉੱਚਾ ਦਰਜਾ ਦਿੰਦੀ। ਉਹ ਜਦ ਵੀ ਆਪਣੇ ਪੇਕੇ ਜਾਂਦੀ ਤਾਂ ਆਪਣੀ ਨਿੱਕੀ ਗਲ ਨੂੰ ਵੀ ਵਧਾ ਚੜ੍ਹਾ ਕੇ ਦੱਸਦੀ। ਆਪਣੇ ਪਤੀ ਨੂੰ ਕੰਜੂਸ ਕਰਾਰ ਦਿੰਦੀ। ਤਾਂ ਉਸਦੇ ਪੇਕੇ ਉਸ ਨੂੰ ਕੋਈ ਨਾ ਕੋਈ ਚੀਜ ਲੈ ਕੇ ਦਿੰਦੇ ਹੀ ਰਹਿੰਦੇ। ਇਸ ਤੇ ਉਸਦਾ ਘਰਵਾਲਾ ਨਰਾਜ਼ਗੀ ਜਾਹਿਰ ਕਰਦਾ, ਪਰ ਉਸਦੀ ਕੋਈ ਪਰਵਾਹ ਨਾ ਕਰਦੀ। ਉਸਨੂੰ ਹਰ ਘੜੀ ਛੁਟਿਆਉਂਦੀ ਰਹਿੰਦੀ ਤੇ ਇਸ ਬੇਇਜ਼ਤੀ ਦੇ ਕੌੜੇ ਘੁੱਟ ਉਹ ਗਲਾਸ 'ਚ ਪਾ ਕੇ ਪੀ ਲੈਂਦਾ।

ਕੁਦਰਤ ਨੇ ਉਸਦੀ ਪਤਨੀ ਨੂੰ ਘੁਮੰਡ ਦੀ ਪੌੜੀ ਉਪਰੋਂ ਕੁਝ ਡੰਡੇ ਥੱਲੇ ਤਾਂ ਉਤਾਰਿਆ ਜਦੋਂ ਉਸਦੇ ਹੇਠ ਉਪਰ ਤਿੰਨ ਲੜਕੀਆਂ ਨੇ ਜਨਮ ਲਿਆ। ਤੀਸਰੇ ਗਰਭ ਵਾਰੀ ਉਹਨਾਂ ਪਾਠ ਵੀ ਰਖਾਇਆ, ਕੀਰਤਨ ਵੀ ਕਰਵਾਇਆ ਪਰ ਫਿਰ ਵੀ ਲੜਕਾ

Academy of the Punjab in North America: http://www.apnaorg.com

ਨਾ ਬਣ ਸਕਿਆ । ਭਾਵੇਂ ਉਸਦੇ ਪਤੀ ਨੇ ਇਸ 'ਤੇ ਕਦੇ ਕਿੰਤੂ ਨਹੀਂ ਸੀ ਕੀਤਾ ਪਰ ਅੰਦਰਖਾਨੇ ਦੋਹਾਂ ਦੇ ਮਨ 'ਚ ਲੜਕੇ ਦੀ ਸਿੱਕ ਸੀ ।

ਲੜਕੀਆਂ ਵੱਡੀਆਂ ਹੋ ਰਹੀਆਂ ਸਨ, ਉਹਨਾਂ ਤਾਂ ਆਪੋ ਆਪਣੇ ਸਹੁਰੇ ਚਲੀਆਂ ਜਾਣਾ ਹੈ ਅਤੇ ਇੰਨਾਂ ਵੱਡਾ ਕਾਰੋਬਾਰ ਕੌਣ ਸੰਭਾਲੂ । ਅਖੀਰ ਉਸਦੀ ਪਤਨੀ ਨੇ ਆਪਣਾ ਇਕ ਭਤੀਜਾ ਗੋਦ ਲੈ ਲਿਆ । ਘਰ ਵਿਚ ਮਰਦ ਬੱਚੇ ਦੇ ਆਉਣ ਨਾਲ ਚਹਿਲ ਪਹਿਲ ਜਿਹੀ ਹੋ ਗਈ । ਪਤਨੀ ਵੀ ਬੱਚੇ ਨੂੰ ਪਾਲਣ ਵਿਚ ਰੁੱਝ ਗਈ । ਕੁੜੀਆਂ ਵੀ ਉਸਨੂੰ ਚੁੱਕੀ ਫਿਰਦੀਆਂ । ਪਰ ਇਨਸਾਨ ਦੀ ਕਿਸੇ ਪ੍ਰਾਪਤੀ ਨਾਲ ਉਸਦੇ ਮੁਢਲੇ ਸੁਭਾਅ 'ਚ ਤਬਦੀਲੀ ਨਹੀਂ ਆਉਂਦੀ । ਉਸ ਦਾ ਘੁਮੰਡ ਫਿਰ ਉਤਾਂਹ ਚੜ੍ਹ ਗਿਆ । ਜੇ ਰਤਨਾ ਪੀ ਕੇ ਆਉਂਦਾ ਤਾਂ ਉਸਦੀ ਪਤਨੀ ਬੋਲਦੀ ਅਤੇ ਉਸਦੇ ਬੋਲਾਂ ਤੋਂ ਚਿੜ ਕੇ ਉਹ ਫਿਰ ਪੀ ਲੈਂਦਾ । ਗਲ ਕੀ ਦੋਵੇਂ ਇਕ ਦੂਸਰੇ ਨੂੰ ਅੱਗ ਲਾਉਂਦੇ ਪਰ ਬੁਝਾਉਣ ਦੀ ਕੋਈ ਕੋਸ਼ਿਸ਼ ਨਾ ਕਰਦਾ । ਦੋਹਾਂ ਨੂੰ ਇਕ ਦੂਸਰੇ ਨੂੰ ਕਲਪਾ ਕੇ ਖੁਸ਼ੀ ਮਿਲਦੀ ।

ਤੇ ਜਿਸ ਕਾਰੋਬਾਰ ਕਰਕੇ ਬੱਚਾ ਗੋਦ ਲਿਆ ਸੀ, ਉਹ ਕਾਰੋਬਾਰ ਵੀ ਘੱਟਦਾ ਜਾ ਰਿਹਾ ਸੀ । ਉਹ ਘਰ ਦੀਆਂ ਫੈਕਟਰੀਆਂ ਦੀਆਂ ਜਿੰਮੇਵਾਰੀਆਂ ਸ਼ਰਾਬ 'ਚ ਡੁਬੋ ਕੇ ਪੀ ਜਾਂਦਾ ਸੀ । ਕਿਸੇ ਦੇ ਸਮਝਾਉਣ ਨਾਲ ਉਹ ਕਸਮਾਂ ਖਾਂਦਾ ਪਰ ਉਸਦੀ ਅਗਲੇ ਹੀ ਦਿਨ ਟੁੱਟ ਜਾਂਦੀ । ਨਾ ਹੁਣ ਉਸਨੂੰ ਕੋਈ ਸਮਝਾਉਣ ਵਾਲਾ ਬੰਦਾ ਚੰਗਾ ਲਗਦਾ ਨਾ ਆਪਣੀ ਪਤਨੀ ਤੇ ਨਾ ਬੱਚੇ । ਇਕ ਝੂਠੀ ਹਮਦਰਦੀ ਜੋ ਉਸਨੂੰ ਸੁਆ ਕੇ ਰਖਦੀ ਸੀ, ਉਹੀ ਉਸਦੀ ਸਾਥਣ ਸੀ ਸ਼ਰਾਬ ।

ਉਸਦੀ ਪਤਨੀ ਹੁਣ ਹਾਰ ਲੱਥੀ ਸੀ, ਉਹ ਕੁਝ ਨਾ ਬੋਲਦੀ । ਉਸ ਆਪਣੇ ਭੈਣ ਭਰਾਵਾਂ ਦੀ ਮੱਦਦ ਨਾਲ ਸਧਾਰਨ ਘਰਾਂ 'ਚ ਸਧਾਰਨ ਤਰੀਕੇ ਨਾਲ ਤਿੰਨੇ ਕੁੜੀਆਂ ਵਿਆਹ ਦਿੱਤੀਆਂ ਸਨ ਜਿਨ੍ਹਾਂ 'ਚੋਂ ਇਕ ਲੜਕੀ ਦਾ ਰਿਸ਼ਤਾ ਟੁੱਟ ਵੀ ਚੁੱਕਾ ਸੀ । ਕੋਈ ਚੀਜ਼ ਫੜਨ ਲੱਗੇ ਉਸਦੇ ਹੱਥ ਕੰਬਦੇ ਸਨ । ਉਸਦੇ ਫੇਫੜੇ ਤੇ ਉਸ ਦਾ ਜਿਗਰ ਖਰਾਬ ਹੋ ਚੁੱਕੇ ਸਨ ।

ਭਲਾ ਆਦਮੀ ਮਾੜਾ ਕੰਮ ਕਿਉਂ ਕਰਦਾ ਹੈ ਜਦ ਕਿ ਪਤਾ ਹੈ ਕਿ ਮਾੜਿਆਂ ਕੰਮਾਂ ਦੇ ਮਾੜੇ ਨਤੀਜੇ । ਸ਼ਾਇਦ ਇਸ ਲਈ ਕਿ ਕਰਨ ਵਾਲੇ ਲਈ ਉਹ ਪਲ ਜਿਆਦਾ ਸੁਖਾਵੇਂ ਤੇ ਅਨੰਦਮਈ ਹੁੰਦੇ ਹਨ । ਬਸ ਇਹਨਾਂ ਪਲਾਂ ਦੇ ਸੁਖ ਨੂੰ ਭੋਗਣ ਲਈ ਉਹ ਜਿੰਦਗੀ ਦੇ ਬਾਕੀ ਝਮੇਲਿਆਂ ਨੂੰ ਦਾਓ 'ਤੇ ਲਾਗ ਦਿੰਦਾ ਹੈ, ਜੋ ਉਸਨੂੰ ਔਖੇ ਲੱਗਦੇ ਹਨ । ਇਵੇਂ ਹੀ ਨੁਕਤਾਚੀਨੀ ਕਰਨੀ ਸੌਖੀ ਤੇ ਸਿਫਤ ਕਰਨੀ ਔਖੀ । ਇਮਤਿਹਾਨ 'ਚ ਨਕਲ ਕਰਨੀ ਸੌਖੀ ਤੇ ਪੜ੍ਹਨਾ ਔਖਾ । ਚੋਰੀ, ਸਮਗਲਿੰਗ ਸੌਖੀ ਤੇ ਮਿਹਨਤ ਕਰਨੀ ਔਖੀ ।

ਤੇ ਉਹ ਸ਼ਰਾਬੀ ਦੋਸਤ ਸੌਖ ਵਲ ਦੌੜ ਦੌੜ ਕੇ ਆਪਣੀ ਅੰਤਰ ਆਤਮਾ ਦੀ ਆਵਾਜ਼ ਨੂੰ ਅਣਸੁਣੀ ਕਰਕੇ ਜਦ ਹੰਭ ਚੁੱਕਾ ਸੀ ਤਾਂ ਉਸਨੂੰ ਆਪਣੀ ਆਤਮਾ ਦੀ ਪੁਕਾਰ ਵੀ ਕੁਛ ਸੁਣਨ ਲੱਗੀ ਸੀ । ਉਹ ਕਦੇ ਪਛਤਾਉਂਦਾ ਤੇ ਰੋਂਦਾ, "ਮੈਂ ਕਿਸ ਲਈ ਏਨੀ ਆਕੜ ਰੱਖੀ ? ਪਤਨੀ ਲਈ ? ਜੋ ਮੇਰੀ ਆਪਣੀ ਸੀ, ਮੈਂ ਵਿਆਹ ਕੇ ਲਿਆਇਆ ਸੀ । ਮੇਰੇ ਘਰ ਤੇ ਮੇਰੇ ਬੱਚਿਆਂ ਨੂੰ ਸੰਭਾਲਦੀ ਰਹੀ ।"

Academy of the Punjab in North America, http://www.apnaorg.com

ਤੇ ਉਸਦੀ ਪਤਨੀ ਸੋਚਦੀ, "ਮੈਂ ਉਸਨੂੰ ਕਿਉਂ ਤਾਹਨੇ ਮਿਹਣੇ ਮਾਰਦੀ ਰਹੀ। ਆਖਰ ਉਹ ਮੇਰਾ ਪਤੀ ਮੇਰੇ ਲਈ ਪੈਸਾ ਕਮਾਉਂਦਾ ਸੀ, ਉਸ ਕਦੇ ਵੀ ਮੈਨੂੰ ਮਾਰਿਆ ਕੁੱਟਿਆ ਜਾਂ ਟੋਕਿਆ ਨਹੀਂ ਸੀ।"

ਪਰ ਹੁਣ ਤਾਂ ਕਾਫੀ ਉਮਰ ਲੰਘ ਚੁੱਕੀ ਸੀ। ਬਹੁਤ ਕੁਛ ਵਿਗੜ ਚੁੱਕਾ ਸੀ।

*****


Academy of the Punjab in North America: http://www.apnaorg.com

## ਮਿਸਿਜ਼ ਯੂਨੀਵਰਸ

"ਸਤਿ ਸ੍ਰੀ ਅਕਾਲ"

ਉਹ ਮੇਰੇ ਵਲ ਅਗਾਂਹ ਨੂੰ ਹੋ ਕੇ ਦੇਖਣ ਲੱਗੀ । ਸ਼ਾਇਦ ਉਸਦੀ ਨਿਗਾਹ ਕਮਜ਼ੋਰ ਹੋ ਗਈ ਸੀ, ਪਰ ਨਹੀਂ, ਉਹ ਗਿੱਧਾ ਪਾਉਣ ਲੱਗ ਗਈ ਤੇ ਮੈਨੂੰ ਅੰਦਰ ਲੈ ਆਈ ।

"ਬਹਿ ਜਾਹ, ਤੂੰ ਕਿਥੋਂ ਆਈ ਏਂ ?"

"ਆਹ ਲਾਗਿਓਂ ਈ, ਦੋ ਨੰਬਰ ਤੋਂ ।"

ਕੁਝ ਹੈਰਾਨੀ ਹੋਈ ਤੇ ਫਿਰ, "ਤੂੰ ਕੌਣ ਹੈਂ, ਕਿਥੋਂ ਆਈ ਹੈਂ ?"

"ਮੈਂ ਤੁਹਾਨੂੰ ਮਿਲਣ ਆਈ ਹਾਂ ।"

"ਮਿਲਣ, ਮੈਨੂੰ, ਸੱਚੀ ਤੂੰ ਮੈਨੂੰ ਮਿਲਣ ਆਈ ਏਂ ? ਕੀ ਤੂੰ ਮੈਨੂੰ ਜਾਣਦੀ ਏਂ ?"

"ਲਉ, ਮੈਂ ਤੁਹਾਡੇ ਪਾਸ ਅਕਸਰ ਆਉਂਦੀ ਰਹਿੰਦੀ ਹਾਂ ।"

"ਅੱਛਾ, ਚਾਹ ਪੀਏਂਗੀ, ਕਿ ਕੁਝ ਹੋਰ ?"

"ਨਹੀਂ ਬਸ ਕਿਸੇ ਚੀਜ਼ ਦੀ ਲੋੜ ਨਹੀਂ ਹੈ ।'

"ਅੜੀਏ ਖਾ ਲੈ ਕੁਝ, ਕਿਉਂ ਮੇਰੇ ਕੋਲੋਂ ਖਾਣਾ ਚੰਗਾ ਨਹੀਂ ਲੱਗਦਾ ?" ਉਸ ਤਰਲੇ ਜਿਹੇ ਵਾਂਗ ਕਿਹਾ ।

"ਅੱਛਾ, ਚਲੋ ਖਾ ਲੈਂਦੀ ਹਾਂ ।"

"ਆ ਫਿਰ ਮੇਰੇ ਨਾਲ ਰਸੋਈ 'ਚ, ਔਹ ਜਿਹੜਾ ਬਾਮ ਏ ਨਾ, ਨਾਂ ਨਹੀਂ ਆਉਂਦਾ, ਉਹਦੇ 'ਚੋਂ ਕੁਝ ਕੱਢ ਲੈ ।"

ਮੈਂ ਫਿਰ ਦੋ ਕੁ ਭਾਂਡੇ ਫੋਲ ਕੇ ਦੇਖੇ ਤਾਂ ਇਕ 'ਚ ਮੁੰਗਫਲੀ ਰਿਉੜੀਆਂ ਪਏ ਹੋਏ ਸਨ, ਡੌਲੀ 'ਚ ਪਾ ਕੇ ਲੈ ਆਈ ਤੇ ਮੁੜ ਵਿਹੜੇ 'ਚ ਆ ਬੈਠੀਆਂ ।

"ਲਓ ਤੁਸੀਂ ਵੀ ?" ਕੋਲੀ ਉਸ ਵੱਲ ਕਰਦਿਆਂ ਕਿਹਾ ।

"ਮੇਰਾ, ਪਤਾ ਨਹੀਂ, ਕੋਈ ਚੀਜ਼ ਖਾਣ ਤੇ ਦਿਲ ਈ ਨਹੀਂ ਕਰਦਾ ।"

"ਅੱਛਾ, ਤੂੰ ਕਿਥੋਂ ਆਈ ਏਂ ? ਕੌਣ ਏਂ ? ਮੈਨੂੰ ਤਾਂ ਕੁਝ ਪਤਾ ਨਹੀਂ ਲੱਗਦਾ ।"

ਫਿਰ ਉਪਰ ਨੂੰ ਹੱਥ ਜੋੜ ਕੇ, ਅੱਖਾਂ ਬੰਦ ਕਰਕੇ, "ਪ੍ਰਭ ਜੀ, ਪ੍ਰਭ ਜੀ, ਮੈਨੂੰ ਲੈ ਜਾਓ, ਹਾਇ ਮੈਨੂੰ ਕਿਸੇ ਚੀਜ਼ ਦਾ ਕੁਝ ਪਤਾ ਨਹੀਂ ਲੱਗਦਾ ।"

ਉਹ ਰੱਬ ਨੂੰ ਹੀ ਆਪਣਾ ਪਿਤਾ, ਪਤੀ, ਸਭ ਕੁਝ ਸਮਝਦੀ ਸੀ । ਤਾਂ ਹੀ ਤਾਂ ਉਸਨੂੰ ਇਥੋਂ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ । ਇਹੀ ਤਾਂ ਧਰਮ ਸਿਖਾਉਂਦਾ ਹੈ ਕਿ

Academy of the Punjab in North America: http://www.apnaorg.com

ਦਿਸਦੀਆਂ ਚੀਜ਼ਾਂ ਨੂੰ ਛੱਡ ਕੇ ਅਣਦਿਸਦੀਆਂ ਚੀਜ਼ਾਂ ਮਗਰ ਲੱਗੇ ਰਹੋ । ਤੇ ਮੈਂ ਫਿਰ ਜੁਆਬ ਦਿੱਤਾ, "ਮੈਂ ਦੋ ਨੰਬਰ ਤੋਂ ਸਤਨਾਮ ਹਾਂ ।"

"ਸਤਨਾਮ ? ਕੌਣ ਸਤਨਾਮ ? ਉਹ ਕੀ ਹੁੰਦਾ ਹੈ ?"

ਤੇ ਉਹ ਫਿਰ ਵਾਰ ਵਾਰ ਪੁੱਛਦੀ, ਤੂੰ ਕੌਣ ਏਂ ਕਿਥੋਂ ਆਈ ਏਂ ਤੇ ਉਨੀਂ ਵੇਰ ਹੀ ਆਪਣੇ ਪਿਤਾ ਪ੍ਰਭੂ ਨੂੰ ਧਿਆਉਂਦੀ । ਦਿਲ ਨੂੰ ਇਕ ਧੱਕਾ ਲੱਗਾ ਕਿ ਇਸ ਨੂੰ ਕੀ ਹੋ ਗਿਆ ਹੈ । ਫਿਰ ਮੈਂ ਧਿਆਨ ਬਦਲਣ ਲਈ ਉਸ ਨੂੰ ਪੁੱਛਿਆ, "ਤੁਸੀਂ ਗੁਰਦੁਆਰੇ ਜਾਂਦੇ ਹੁੰਦੇ ਜੇ ?"

"ਨਹੀਂ ਮੈਂ ਕਿਥੇ ਜਾਣਾ ?" ਉਸ ਰੋਣਾ ਜਿਹਾ ਮੂੰਹ ਬਣਾ ਕੇ ਕਿਹਾ, "ਉਹ ਮੈਨੂੰ ਜਾਣ ਨਹੀਂ ਦਿੰਦੇ । ਹਰਾਮਜਾਦਾ ਕਹਿੰਦਾ, ਕੁੱਤੀਏ ਤੂੰ ਯਾਰਾਂ ਨੂੰ ਮਿਲਣ ਜਾਂਦੀ ਏ । ਭਲਾ ਗੁਰਦੁਆਰੇ 'ਚ ਯਾਰ ਹੁੰਦੇ ਨੇ ?" ਤੇ ਉਹ ਫਿਰ ਰੋਣੀ ਅਵਾਜ਼ ਕਰਨ ਲੱਗ ਗਈ, "ਪ੍ਰਭੂ ਜੀ, ਪ੍ਰਭੂ ਜੀ, ਮੇਰੇ ਪਿਤਾ ਜੀ, ਸੁਆਮੀ ਜੀ" ਫਿਰ ਇਕਦਮ ਜਿਵੇਂ ਚੇਤਾ ਆ ਗਿਆ ।

"ਤੂੰ ਕਿਥੋਂ ਆਈ ਏਂ, ਕਿਹੜੀ ਗਲੀ ਕਿਹਾ ਸੀ ।"

ਦੱਸਿਆ ਤੇ ਫਿਰ ਉਹ ਗਾਲ੍ਹਾਂ ਕੱਢਣ ਲੱਗੀ, ਤੇ ਇਵੇਂ ਦੀ ਹਾਲਤ ਮੈਥੋਂ ਬਰਦਾਸ਼ਤ ਨਾ ਹੋ ਸਕੀ, ਮੈਂ ਉਥੋਂ ਉੱਠਣ ਲੱਗੀ, ਪਰ ਬਾਹੋਂ ਖਿਚ ਕੇ ਬਿਠਾ ਲਿਆ, "ਉਹ ਬਹਿ ਜਾਹ, ਚਲੀ ਕਿਉਂ ਏਂ ।" ਤੇ ਮਸੀਂ ਉਸ ਤੋਂ ਪਿੱਛਾ ਛੁਡਾ ਕੇ ਆਈ । ਆਖਰ ਇਹ ਕਿਵੇਂ ਹੋ ਗਿਆ, ਰਹਿ ਰਹਿ ਕੇ ਅੱਖਾਂ ਭਰ ਆਉਂਦੀਆਂ ।

ਅੱਜ ਤੋਂ ਵੀਹ ਸਾਲ ਪਹਿਲਾਂ ਉਸ ਨਾਲ ਮੇਰੀ ਜਾਣਕਾਰੀ ਹੋਈ ਸੀ । ਉਦੋਂ ਉਹ ਮੈਨੂੰ ਕਿੰਨੀ ਚੰਗੀ ਲੱਗੀ ਸੀ ਕਿ ਮੇਰਾ ਵਾਰ ਵਾਰ ਮਿਲਣ ਤੇ ਦਿਲ ਕਰਦਾ । ਗੋਰਾ ਪਤਲਾ ਸਰੀਰ, ਬਹੁਤਾ ਪਤਲਾ ਵੀ ਨਾ ਸਫੈਦੇ ਦੀ ਤਰ੍ਹਾਂ ਲੰਬਾ ਕੱਦ, ਖੂਬਸੂਰਤ ਨੱਕ, ਭਰੀਆਂ ਚਮਕਦਾਰ ਅੱਖਾਂ, ਲਹਿਰਾਂ ਦੀ ਸ਼ਕਲ 'ਚ ਸੰਘਣੇ ਕਾਲੇ ਵਾਲ ਸੱਚ ਹੀ ਉਹ ਕਿਸੇ ਮਿਸ ਯੂਨੀਵਰਸ ਤੋਂ ਘੱਟ ਨਹੀਂ ਸੀ ।

ਓਦੋਂ ਉਹ ਇਵੇਂ ਹੀ ਹਰ ਕਿਸੇ ਦੀ ਆਓ ਭਗਤ ਕਰਦੀ, ਬਿਠਾਉਂਦੀ ਜੋ ਵੀ ਘਰ ਹੁੰਦਾ ਖੁਆਉਂਦੀ, ਪਿਆਉਂਦੀ ਕਿਸੇ ਨੂੰ ਖਾਲੀ ਨਾ ਜਾਣ ਦਿੰਦੀ । ਪਰ ਉਹ ਜਿੰਨੀ ਮਿੱਠ ਬੋਲੜੀ ਤੇ ਸੇਵਿਕਾ ਸੀ, ਉਨ੍ਹਾਂ ਹੀ ਉਸਦਾ ਪਤੀ ਕਾਹਲੀ ਤੇ ਉੱਚੀ ਬੋਲਣ ਵਾਲਾ, ਬਿਨਾਂ ਸੋਚੇ ਜੋ ਮੂੰਹ ਆਇਆ ਕਹਿ ਦਿੰਦਾ । ਉਹ ਏਨਾਂ ਥੋਹੜ ਦਿਲਾ ਤੇ ਸਵਾਰਥੀ ਸੀ ਕਿ ਕਹਿ ਦਿੰਦਾ, "ਇਹ ਜਰੂਰੀ ਨਹੀਂ ਕਿ ਹਰ ਆਏ ਗਏ ਦੀ ਸੇਵਾ ਕਰਨੀ ਹੈ ।" ਉਹਨਾਂ ਦਾ ਅਕਸਰ ਹੀ ਇਸ ਗੱਲ ਤੋਂ ਝਗੜਾ ਹੋ ਜਾਂਦਾ ।

"ਐਵੇਂ ਨਹੀਂ, ਕੋਈ ਆਏ ਤੇ ਡੁਲ੍ਹ ਪਈਦਾ । ਇਵੇਂ ਤਾਂ ਤੂੰ ਘਰ ਉਜਾੜ ਕੇ ਰੱਖ ਦੇਵੇਂਗੀ । ਨਾਲੇ ਜੇ ਕੋਈ ਮਰਦ ਆਏ ਤਾਂ ਤੈਨੂੰ ਬਹੁਤਾ ਹੱਸ ਹੱਸ ਬੋਲਣ ਦੀ ਲੋੜ ਨਹੀਂ ਹੈ । ਤੂੰ ਬਸ ਚਾਹ ਬਣਾ ਦਿਆ ਕਰ ਤੇ ਮੈਂ ਆਪੇ ਈ ਲੈ ਜਾਇਆ ਕਰਾਂਗਾ ।"

ਇਵੇਂ ਹੀ ਇਕੇਰਾਂ ਉਸਦੇ ਦੋਸਤ ਸਨੇਹੀ ਆਏ । ਕੋਈ ਚਾਰ ਘੰਟੇ ਤੱਕ ਗੱਪਾਂ ਮਾਰਦੇ ਰਹੇ ਤੇ ਖਾਂਦੇ ਪੀਂਦੇ ਰਹੇ । ਉਹ ਅੰਦਰ ਬੈਠੀ ਬੈਠੀ ਉਕਤਾ ਗਈ, ਕਰੇ ਤਾਂ ਕੀ ਕਰੇ । ਕਦੋਂ ਇਹ ਉੱਠਣ ਤੇ ਕਦ ਕੋਈ ਹੋਰ ਕੰਮ ਕਰੇ । ਸਾਹਮਣੇ ਕੁਝ ਕਰਨ 'ਤੇ ਦਿਲ ਨਾ ਕਰਦਾ । ਤੇ ਜਦ ਉਹ ਗਏ ਤਾਂ ਸੁਖ ਦਾ ਸਾਹ ਆਇਆ । ਹਾਅ ਹੁਣ ਕੁਝ ਖਾਲੀ



Academy of the Punjab in North America: http://www.apnaorg.com

ਜਗਾਹ ਮਿਲੀ ਤੁਰਨ ਫਿਰਨ ਲਈ ।

"ਅੱਛਾ, ਭਲਾ ਜੇ ਮੈਂ ਆ ਜਾਂਦੀ ਤਾਂ ਕੀ ਹੋ ਜਾਂਦਾ ?" ਉਸ ਆਪਣੇ ਪਤੀ ਨੂੰ ਪੁੱਛਿਆ ਸੀ ।

"ਫਿਰ--ਫਿਰ--ਤੈਨੂੰ ਨਜ਼ਰ ਲੱਗ ਜਾਂਦੀ, ਕੋਈ ਤੈਨੂੰ ਪਸੰਦ ਕਰ ਜਾਂਦਾ । ਤੇ ਮੈਂ ਮਗਰੋਂ ਰੋਂਦਾ ਰਹਿੰਦਾ ।" ਉਸ ਉਸਦੇ ਨੱਕ 'ਤੇ ਉਂਗਲ ਰਖਦਿਆਂ ਪਿਆਰ ਪਰੁੱਤੇ ਲਫਜ਼ਾਂ 'ਚ ਬੋਲਦਿਆਂ ਕਿਹਾ ਤੇ ਬਾਹਰ ਨਿਕਲ ਗਿਆ ।

ਉਹ ਸੋਚਣ ਲਗ ਗਈ, ਇਹ ਪਿਆਰ ਸੀ ਜਾਂ ਪੋਚਾ ਜਾਂ ਈਰਖਾ ਤੇ ਜਾਂ ਟੀਚਕਰ । ਉਸ ਨੂੰ ਇਹ ਜੁਆਬ ਜ਼ਰਾ ਚੰਗਾ ਨਾ ਲੱਗਾ । ਓਹੋ ! ਇਕ ਵਜ ਗਿਆ, ਰੋਟੀ ਬਣਾਵਾਂ ਨਹੀਂ ਤਾਂ ਉਸ ਫਿਰ ਬੋਲਣਾ ਹੈ, ਚੱਲਾਂ ਰਸੋਈ 'ਚ । ਇਹ ਰਸੋਈ ਵੀ ਚੰਗਾ ਪਿੱਛੇ ਪਈ ਹੈ । ਚੌਵੀਆਂ 'ਚਂ ਸੋਲਾਂ ਘੰਟੇ ਤਾਂ ਰਸੋਈ 'ਚ ਹੀ ਲੰਘ ਜਾਂਦੇ ਨੇ ਤੇ ਕੀ ਬਣਾਵਾਂ ਦਾਲ ਜਾਂ ਸਬਜੀ । ਕਿਹੜੀ ਦਾਲ, ਕਿਹੜੀ ਸਬਜੀ ਬਸ ਇਹਨਾਂ 'ਚ ਹੀ ਉਲਝੇ ਰਹੋ । ਫਿਰ ਸਵੇਰ ਦੀ ਰੋਟੀ, ਦੁਪਹਿਰ ਦੀ, ਰਾਤ ਦੀ ਰੋਟੀ, ਵਿਚ ਵਿਚ ਨਾਸ਼ਤਾ ਚਾਹ, ਆਇਆ ਗਿਆ ਵੱਖਰਾ । ਆਦਮੀ ਦੇ ਘੰਟੇ ਨੀਯਤ, ਛੁੱਟੀਆਂ ਵੱਖਰੀਆਂ । ਔਰਤ ਦੀ ਨਾ ਕੋਈ ਛੁੱਟੀ, ਨਾ ਕੰਮ ਦਾ ਟਾਈਮ । ਬੂਹੇ, ਬਾਰੀਆਂ ਪਿੱਛੇ ਕੈਦੀ ਦੀ ਤਰ੍ਹਾਂ ਸਾਰੀ ਉਮਰ ਕੱਟ ਲਓ ।

"ਦੇਖੋ, ਘਰ ਬੈਠੀ ਕਈ ਵਾਰ ਉਕਤਾ ਜਾਂਦੀ ਹਾਂ, ਕਿਤੇ ਬਾਹਰ ਚੱਲੀਏ ਖੁਲ੍ਹੀਆਂ ਥਾਵਾਂ ਤੇ ਖੁਲ੍ਹੀਆਂ ਹਾਵਾਵਾਂ ਵਿਚ । ਕਿਸੇ ਗੱਡੀ 'ਚ, ਘਰੋਂ ਦੂਰ ।" ਉਸ ਬੈਠੇ ਬੈਠੇ ਇਕੇਰਾਂ ਆਪਣੇ ਪਤੀ ਨੂੰ ਕਿਹਾ ।

"ਅਸੀਂ ਭਲਾ ਦੁਕਾਨਦਾਰਾਂ ਨੇ ਕਿੱਥੇ ਜਾਣਾ । ਇਕ ਦਿਨ ਦੁਕਾਨ ਛੱਡੀ ਤਾਂ ਪੈਸਿਆਂ ਦਾ ਪਤਾ ਨਹੀਂ ਕਿੰਨਾ ਹਰਜ ਹੋ ਜਾਣਾ ਹੈ ।"

ਪੈਸਿਆਂ ਦਾ ਹਰਜ ਨਾ ਹੋਏ, ਇਨਸਾਨ ਦਾ ਭਾਵੇਂ ਹੋ ਜਾਏ । ਕਿੰਨਾ ਸਸਤਾ ਹੈ ਇਨਸਾਨ ਖਾਸ ਕਰਕੇ ਔਰਤ, ਮੁਫਤ ਦਾ ਮਾਲ । ਪੁੱਤਰ ਤਾਂ ਮੰਗ ਮੰਗ ਤਰਲੇ ਕਰ ਕਰ ਲਿਆ ਹੁੰਦਾ ਤਾਹੀਏਂ ਮਹਿੰਗਾ ਹੁੰਦਾ ।

"ਉਹੋ, ਕੀ ਸੋਚਣ ਲਗ ਪਈ ਏਂ । ਅੱਛਾ, ਇੰਜ ਕਰਦੇ ਹਾਂ । ਤੈਨੂੰ ਕਢਾਈ ਦਾ ਕੰਮ ਕਿੰਨਾ ਚੰਗਾ ਆਉਂਦਾ ਹੈ । ਕਿੰਨੀਆਂ ਸੁਹਣੀਆਂ ਚੀਜ਼ਾਂ ਤੂੰ ਕੱਢੀਆਂ ਨੇ, ਜੇ ਮੈਂ ਤੈਨੂੰ ਸੂਟ ਚੁੰਨੀਆਂ ਲਿਆ ਦਿਆ ਕਰਾਂ ਤੇ ਤੂੰ ਕੱਢ ਦਿਆਂ ਕਰੇਂ । ਰੁਝੇਵੇਂ ਦਾ ਰੁਝੇਵਾਂ, ਕੰਮ ਦਾ ਕੰਮ । ਤੇਰਾ ਦਿਲ ਵੀ ਲੱਗਾ ਰਹੂ ।

ਤੇ ਸੰਤੀ ਮਸ਼ੀਨ ਦੀ ਤੇ ਹੱਥ ਦੀ ਕਢਾਈ ਕਰਨ ਲੱਗ ਗਈ । ਉਸਨੂੰ ਖੁਦ ਵੀ ਖੁਸ਼ੀ ਹੁੰਦੀ ਵੰਨ ਸੁਵੰਨੇ ਰੰਗਾਂ ਵਿਚ ਨਮੂਨੇ ਪਾ ਕੇ । ਟਾਈਮ ਦਾ ਪਤਾ ਈ ਨਾ ਚਲਦਾ ਕਿਹੜੇ ਵੇਲੇ ਖਤਮ ਹੋ ਜਾਂਦਾ । ਹੱਥ ਉਸਦਾ ਮਸ਼ੀਨ ਉਪਰ ਤੇ ਧਿਆਨ ਰੱਬ ਵੱਲ ਹੁੰਦਾ ।

ਉਸਦੇ ਤਿੰਨ ਬੱਚੇ ਸਨ ਤਿੰਨੇ ਵਿਆਹੇ ਗਏ । ਇਕ ਤਾਂ ਇੰਜੀਨਅਰ ਕਰਕੇ ਅਮਰੀਕਾ ਜਾਂ ਵੱਸਿਆ ਸੀ ਤੇ ਦੂਜਾ ਇੱਥੇ ਬਿਜਲੀ ਬੋਰਡ 'ਚ ਲੱਗਾ ਸੀ । ਇਕ ਲੜਕੀ ਜਿਸਦਾ ਪਤੀ ਬੈਂਕ ਮੈਨੇਜਰ ਸੀ । ਇਥੋਂ ਵਾਲਾ ਲੜਕਾ ਆਪਣੇ ਪਿਓ ਵਾਂਗ ਅੜਬ

Academy of the Punjab in North America: http://www.apnaorg.com

ਆਪ-ਹੁਦਰਾ, ਦੂਸਰੇ ਦੀ ਗਲ ਨਹੀਂ ਮੰਨਣੀ, ਖ਼ਾਸ ਕਰਕੇ ਆਪਣੀ ਮਾਂ ਦੀ, ਚਾਹੇ ਉਸਦੇ ਭਲੇ ਲਈ ਹੀ ਕਿਉਂ ਨਾ ਹੋਵੇ। ਭਲਾ ਮਾਂ ਵੀ ਕਦੇ ਬੁਰਾ ਸੋਚ ਸਕਦੀ ਹੈ। ਉਹ ਤਾਂ ਇਹੀ ਚਾਹੇਗੀ ਕਿ ਉਸਦੇ ਬੱਚੇ ਦੁਨੀਆਂ ਵਿਚ ਨਾਮਣਾ ਖੱਟਣ। ਜਦ ਦੋਵੇਂ ਨੂੰਹ ਪੁੱਤ ਕਿਤੇ ਬਾਹਰ ਜਾਂਦੇ, ਉਹ ਪੁੱਛਦੀ, "ਜਰਾਂ ਦਸ ਜਾਇਆ ਕਰੋ, ਕਿੱਥੇ ਚਲੇ ਹੋ, ਕਿੰਨੇ ਵਜੇ ਵਾਪਸ ਆਓਗੇ--?"

"ਕਿਉਂ, ਕੋਈ ਜ਼ਰੂਰੀ ਹੈ, ਤੁਹਾਨੂੰ ਦੱਸ ਕੇ ਜਾਈਏ ਕਿ ਕਿੱਥੇ ਚਲੇ ਹਾਂ। ਕੀ ਸਾਨੂੰ ਘੁੰਮਣ ਫਿਰਨ ਦਾ ਏਨਾਂ ਵੀ ਹੱਕ ਨਹੀਂ ਹੈ ? ਆ ਜਾਵਾਂਗੇ, ਆਖਰ ਘਰ ਹੀ ਆਉਣਾ ਹੈ।"

ਤੇ ਲੜਕੇ ਨੇ ਸਕੂਟਰ 'ਤੇ ਲੱਤ ਮਾਰੀ, ਔਹ ਗਏ, ਔਹ ਗਏ। ਉਸਦੇ ਸਕੂਟਰ 'ਤੇ ਵੱਜੀ ਲੱਤ ਜਿਵੇਂ ਸੰਤੀ ਦੇ ਦਿਲ 'ਚ ਵੱਜੀ ਹੋਵੇ। ਉਸਦੀਆਂ ਅੱਖਾਂ ਭਰ ਆਈਆਂ ਤੇ ਦੋ ਅੱਥਰੂ ਅੱਖਾਂ ਨੂੰ ਹੌਲਾ ਕਰਦੇ ਗੱਲ੍ਹਾਂ ਤੋਂ ਰਿੜ੍ਹਦੇ ਉਸਦੇ ਦਿਲ 'ਤੇ ਆਣ ਡਿੱਗੇ ਦਿਲਾਸਾ ਦੇਣ ਲਈ।

ਇਹ ਕੋਈ ਅੱਜ ਦੀ ਗੱਲ ਸੀ ? ਗੱਲ ਮੰਨ ਲੈਣੀ ਤਾ ਉਹ ਆਪਣੀ ਹੇਠੀ ਸਮਝਦਾ ਸੀ। ਕਈ ਵੇਰ ਕਿਹਾ ਕਿ ਕਾਕਾ, ਤੂੰ ਸਵਖਤੇ ਉੱਠਿਆ ਕਰ, ਕੁਝ ਪੜ੍ਹਿਆ ਕਰ, ਕੋਈ ਹੋਰ ਸ਼ੌਂਕ ਪਾਲ। ਪਰ ਨਹੀਂ, ਉਹ ਨਾ ਬਹੁਤਾ ਪੜ੍ਹ ਸਕਿਆ ਤੇ ਨਾ ਕੁਝ ਹੋਰ ਸਿਖ ਸਕਿਆ। ਜਦ ਇਹਨਾਂ ਦਾ ਪਿਓ ਹੀ ਘਰਵਾਲੀ ਦੀ ਪਰਵਾਹ ਨਾ ਕਰੇ, ਬੱਚਿਆਂ ਸਾਹਮਣੇ ਗਾਲ੍ਹਾਂ ਕੱਢੀ ਜਾਏ ਜਾਂ ਮਾਰਨ 'ਤੇ ਆ ਜਏ ਤਾਂ ਬੱਚਿਆਂ ਨੇ ਕੀ ਇੱਜ਼ਤ ਕਰਨੀ ਹੈ ? ਉਸ ਪਾਸੋਂ ਕੋਈ ਚੀਜ਼ ਡਿੱਗ ਕੇ ਟੁੱਟ ਜਾਂਦੀ ਤਾਂ ਉਸਦਾ ਪਤੀ ਇੰਨੇ 'ਤੇ ਹੀ ਕੜਕ ਪੈਂਦਾ, "ਹਰਾਮਜਾਦੀ, ਗਸ਼ਤੀ, ਟੁੱਟੇ ਹੱਥਾਂ ਨਾਲ ਚੀਜ ਫੜਦੀ ਐ, ਕੀ ਹੋਇਆ ਤੇਰੇ ਹੱਥਾਂ ਨੂੰ, ਚਾਰ ਵੱਜ ਜਾਣ ਤਾਂ ਆਪੇ ਸਿੱਧੀ ਹੋ ਜਾਏਂ।"

ਤੇ ਓਦੋਂ ਇਕੇਰਾਂ ਜਦੋਂ ਨਹਾਉਂਦੀ ਦੀ ਸੋਨੇ ਦੀ ਮੁੰਦਰੀ ਲੱਥ ਕੇ ਕਿਤੇ ਰੁੜ੍ਹ ਗਈ ਸੀ, ਸ਼ਾਇਦ ਉਂਗਲਾਂ ਮਾੜੀਆਂ ਹੋਣ ਕਰਕੇ ਢਿੱਲੀ ਹੋ ਗਈ ਤੇ ਸਾਬਣ ਮਲਦਿਆਂ ਹੀ ਉਤਰ ਗਈ ਹੋਵੇ। ਤਾਂ ਕਿੰਨੇ ਦਿਨ ਡਰਦੀ ਰਹੀ, ਦੱਸਿਆ ਹੀ ਨਾ। ਪਰ ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਊ। ਅਖੀਰ ਉਸਦੇ ਪਤੀ ਨੇ ਪੁੱਛ ਹੀ ਲਿਆ।

"ਅੱਜ ਕਲ ਤੇਰੀ ਮੁੰਦਰੀ ਨਹੀਂ ਦਿੱਸਦੀ, ਕਿਤੇ ਲਾਹ ਕੇ ਰੱਖੀ ਹੈ ?"

"ਨਹੀਂ, ਉਹ ਮੈਥੋਂ ਨਹਾਉਣ ਲੱਗੇ ਕਿਤੇ ਨਲਕੇ 'ਚ ਡਿੱਗ ਪਈ, ਬਥੇਰਾ ਲੱਭਿਆ, ਪਰ ਲੱਭੀ ਨਹੀਂ।" ਉਸ ਜਲਦੀ ਨਾਲ ਕਹਿ ਕੇ ਆਪਣੇ ਮਨ ਦਾ ਬੋਝ ਹਲਕਾ ਕਰ ਲਿਆ, ਸ਼ਾਇਦ ਪਤੀ ਦੇ ਗੁੱਸੇ ਦਾ ਕਹਿਰ ਝੱਲਣ ਲਈ।

"ਮੁੜ ਨਹੀਂ ਲੱਭੀ" ਉਸਦੇ ਪਤੀ ਨੇ ਇਹੀ ਵਾਕ ਵਿਅੰਗ 'ਚ ਦੁਹਰਾਉਂਦਿਆਂ ਤੇ ਗੁੱਸਾ ਇਕੱਠਾ ਕਰਦਿਆਂ ਕਿਹਾ।

"ਤੈਨੂੰ ਸ਼ਰਮ ਨਹੀਂ ਆਈ ? ਡੁੱਬ ਕੇ ਨਹੀਂ ਮਰ ਗਈ, ਇਹ ਕੋਈ ਸੂਈ ਸੀ ਜੋ ਮੁੜ ਨਹੀਂ ਲੱਭੀ। ਤੂੰ ਜਿਹੜਾ ਉਜਾੜਾ ਪਾਇਆ" ਤੇ ਉਸ ਤਿੰਨ ਚਾਰ ਜੜ੍ਹ ਦਿੱਤੀਆਂ।

"ਤੈਨੂੰ ਅੱਜ ਫਿਰ ਮੈਂ ਦਸ ਹੀ ਦੇਵਾਂ", ਛਿੱਤਰ ਲਾਹ ਕੇ ਜ਼ੋਰ ਜ਼ੋਰ ਦੀ ਮਾਰਨੇ



Academy of the Punjab in North America: http://www.apnaorg.com

ਸ਼ੁਰੂ ਕਰ ਦਿੱਤੇ। ਜਦ ਤੱਕ ਉਹ ਅੱਧਮੋਈ ਨਹੀਂ ਹੋ ਗਈ ਤੇ ਆਪ ਥੱਕ ਨਹੀਂ ਗਿਆ। ਤੇ ਫਿਰ ਸੋਫੇ 'ਤੇ ਲੱਤਾਂ ਪਸਾਰ ਕੇ ਢਹਿ ਪਿਆ। ਜਿਵੇਂ ਥੱਕ ਗਿਆ ਹੋਵੇ। ਫਿਰ ਰਸੋਈ 'ਚੋਂ ਪਾਣੀ ਪੀ ਕੇ ਕਿਤੇ ਬਾਹਰ ਨਿਕਲ ਗਿਆ।

ਸੰਤੀ ਕੁਝ ਚਿਰ ਅਹਿੱਲ ਪਈ ਰਹੀ। ਫਿਰ ਹਿੱਲੀ, ਅੱਖਾਂ ਖੋਹਲੀਆਂ, ਇਧਰ ਉਧਰ ਦੇਖਿਆ। ਉਹ ਜ਼ਾਲਮ ਥਾਣੇਦਾਰ ਕਿਧਰੇ ਨਹੀਂ ਸੀ ਦਿਸ ਰਿਹਾ। ਥਾਣੇਦਾਰ ਹੀ ਸੀ ਉਹ, ਘਰ ਥਾਣਾ ਤੇ ਸੰਤੀ ਮੁਜਰਮ। "ਭਲਾ ਮੈਂ ਜਾਣ ਕੇ ਗੁਆਈ ਸੀ ਜਾਂ ਮੈਨੂੰ ਕੋਈ ਅਫਸੋਸ ਨਹੀਂ ਸੀ। ਓਦੋਂ ਜਦੋਂ ਆਪਣੇ ਪਾਸੋਂ ਕਿਸੇ ਦਾ ਦੋ ਹਜ਼ਾਰ ਦਾ ਸੂਟ ਖਰਾਬ ਹੋ ਗਿਆ ਸੀ ਤਾਂ ਕਿੰਨੇ ਦਿਨ ਸਿਰ ਸੁੱਟ ਕੇ ਪਿਆ ਰਿਹਾ ਸੀ ਤੇ ਮੈਂ ਉਸਨੂੰ ਹੌਂਸਲਾ ਦਿੰਦੀ ਰਹੀ ਸਾਂ। ਮੈਂ ਕੋਈ ਗਾਲ੍ਹ ਕੱਢੀ ਸੀ ? ਜਾਂ ਮਾਰਨਾ ਸ਼ੁਰੂ ਕਰ ਦਿੱਤਾ ਸੀ ?"

"ਜੇ ਤੂੰ ਸਜ਼ਾ ਦੇਣੀ ਹੀ ਹੈ ਤਾਂ ਅਗਾਂਹ ਤੋਂ ਕੋਈ ਗਹਿਣਾ ਨਾ ਲੈ ਕੇ ਦੇਹ ਕੋਈ ਕੱਪੜਾ ਜਾਂ ਜੁੱਤੀ ਨਾ ਲੈ ਕੇ ਦੇਹ, ਮਾਰਨ ਦਾ ਕੀ ਮਤਲਬ ਹੋਇਆ। ਨਾਲੇ ਮੇਰਾ ਨੁਕਸਾਨ ਹੋ ਗਿਆ ਤੇ ਨਾਲੇਂ ਉਤੋਂ ਮਾਰ ਖਾਓ। ਦਿਨ ਰਾਤ ਨੌਕਰਾਂ ਵਾਂਗ ਕੰਮ ਕਰਦੇ ਰਹੀਦਾ, ਕਦੇ ਸਿਫਤ ਦੇ ਦੋ ਲਫਜ਼ ਮੂੰਹੋਂ ਨਹੀਂ ਨਿਕਲੇ। ਆਖਰ ਮੈਂ ਤੇਰੀ ਪਤਨੀ ਹਾਂ, ਬੱਚਿਆਂ ਦੀ ਮਾਂ ਹਾਂ, ਇਸ ਘਰ ਦੀ ਅੱਧ ਦੀ ਮਾਲਕ ਹਾਂ, ਤੂੰ ਕੌਣ ਹੁੰਦਾ ਏਂ ਮਾਰਨ ਵਾਲਾ। ਚਾਰ ਦਿਨ ਇਥੇ ਨਾ ਹੋਵਾਂ ਤਾਂ ਘਰ ਦਾ ਮੂੰਹ ਦੂਜੇ ਪਾਸੇ ਲੱਗ ਜਏ ਤੇ ਨਾਨੀ ਯਾਦ ਆ ਜਾਏ।"

"ਹਾਇ ਰੱਬਾ" ਉਸ ਉੱਠਣ ਦੀ ਕੋਸ਼ਿਸ਼ ਕੀਤੀ, ਫਿਰ ਉਥੇ ਹੀ ਪੈ ਗਈ। ਉਸਦੇ ਹੱਡ ਦੁੱਖ ਰਹੇ ਸਨ, ਮੂੰਹ ਸੁੱਕ ਰਿਹਾ ਸੀ। ਪਰ ਉਸ ਹਿੰਮਤ ਇਕੱਠੀ ਕੀਤੀ। ਘੜੀਸਦੀ ਘੜੀਸਦੀ ਰਸੋਈ 'ਚ ਗਈ। ਪਾਣੀ ਪੀਤਾ ਤੇ ਫਿਰ ਮੰਜੇ 'ਤੇ ਢਹਿ ਪਈ ਤੇ ਪਤਾ ਨਹੀਂ ਕਿਹੜੇ ਵੇਲੇ ਉਸਦੀ ਅੱਖ ਲਗ ਗਈ ਜਾਂ ਬੇਹੋਸ਼ੀ 'ਚ ਸੀ। ਉਸਨੂੰ ਕੁਝ ਪਤਾ ਨਾ ਲੱਗਾ ਕਿ ਕਦੋਂ ਉਸਦਾ ਘਰਵਾਲਾ ਆ ਕੇ ਆਪੇ ਹੀ ਰਸੋਈ 'ਚੋਂ ਕੁਝ ਖਾ ਪੀ ਕੇ ਚਲਾ ਗਿਆ ਸੀ। ਉਹ ਪਈ ਰਹੀ ਸ਼ਾਮ ਤੱਕ ਤੇ ਫਿਰ ਉੱਠੀ ਤੇ ਉੱਠ ਕੇ ਬਾਹਰ ਨੂੰ ਨਿਕਲ ਤੁਰ ਪਈ। ਉਹ ਇਸ ਘਰ ਤੋਂ ਦੂਰ ਨਿਕਲ ਜਾਣਾ ਚਾਹੁੰਦੀ ਸੀ, ਪਰ ਜਾਵੇ ਕਿੱਥੇ ? ਨਾ ਕਿਸੇ ਗੱਡੀ ਬੱਸ ਦਾ ਪਤਾ ਤੇ ਨਾ ਕਿਰਾਇਆ ? ਮੁੱਲਾਂ ਦੀ ਦੌੜ ਮਸੀਤ ਤੱਕ ਤੇ ਉਸਦੀ ਗੁਰਦੁਆਰੇ ਤੱਕ। ਉਹ ਗੁਰਦੁਆਰੇ ਬੈਠੀ ਰਹੀ ਪਾਠ ਕਰਦੀ ਰਹੀ ਅਰਦਾਸਾਂ ਕਰਦੀ ਰਹੀ, ਰੋਂਦੀ ਰਹੀ। ਤੇ ਫਿਰ ਕੁਝ ਲੰਗਰ 'ਚੋਂ ਖਾ ਕੇ ਉਥੇ ਹੀ ਇਕ ਪਾਸੇ ਲੇਟ ਗਈ ਤੇ ਫਿਰ ਸੌਂ ਗਈ।

ਅਨ੍ਹੇਰਾ ਗਾੜ੍ਹਾ ਹੁੰਦਾ ਗਿਆ। ਉਸਦਾ ਪਤੀ ਲੱਭਦਾ ਲੱਭਦਾ ਉਥੇ ਆਣ ਪੁੱਜਾ। ਉਸਨੂੰ ਹਲੂਣਿਆਂ, "ਦੇਖ ਆਪਣਾ ਘਰ ਆਪਣਾ ਹੀ ਹੁੰਦਾ ਹੈ, ਚਲ ਘਰ। ਮੈਨੂੰ ਉਸ ਵੇਲੇ ਕੁਝ ਜ਼ਿਆਦਾ ਹੀ ਗੁੱਸਾ ਆ ਗਿਆ ਸੀ। ਮੈਨੂੰ ਬਹੁਤ ਅਫਸੋਸ ਹੈ।" ਸੰਤੀ ਦੀਆਂ ਅੱਖਾਂ ਭਰ ਆਈਆਂ।

"ਚਲ ਜਾਣ ਦੇਹ ਹੁਣ, ਇਵੇਂ ਚੰਗੇ ਨਹੀਂ ਲੱਗੀਦਾ, ਚਲ ਉਠ।" ਤੇ ਸੰਤੀ ਨੇ ਸੋਚਿਆ ਕਿ ਬਾਹਰ ਰੁਲਣ ਨਾਲੋਂ ਤਾਂ ਘਰ ਰੁਲਣਾ ਹੀ ਚੰਗਾ ਹੈ ਤੇ ਕੁਝ ਪਤੀ ਦੇ ਪਿਆਰ ਤੇ ਨਿਮਾਣੇ ਬੋਲਾਂ ਨੇ ਉਸਦੇ ਤਣਾਓ ਭਰੇ ਮਨ ਤੇ ਮਲ੍ਹਮ ਲਾ ਦਿੱਤੀ ਤੇ ਸਭ ਮੁਆਫ ਕਰਨ 'ਤੇ ਮਜਬੂਰ ਕਰ ਦਿੱਤਾ ਸੀ। ਤੇ ਉਹ ਇਕ ਵਫਾਦਾਰ ਕੁੱਤੇ ਵਾਂਗ ਉਸਦੇ ਮਗਰ ਮਗਰ


Academy of the Punjab in North America: http://www.apnaorg.com

ਤੁਰਦੀ ਘਰ ਆ ਗਈ। ਉਸ ਦੇ ਪਤੀ ਨੇ ਉਸਨੂੰ ਆਪ ਰੋਟੀ ਖਵਾਈ ਤੇ ਅਸਮਾਨ ਸਾਫ ਹੋ ਗਿਆ।

ਫਿਰ ਉਸਦੇ ਪੋਤੇ ਦੋਹਤੇ ਹੋਏ। ਪਤੀ ਤਾਂ ਤਕਰੀਬਨ ਸੰਭਲ ਗਿਆ ਪਰ ਹੁਣ ਉਸਦਾ ਪੁੱਤਰ ਕੋਈ ਨਾ ਕੋਈ ਇੱਟ ਖੜਿੱਕਾ ਲਾਈ ਰੱਖਦਾ। ਅਖੇ, "ਤੁਸੀਂ ਆਪਣੀ ਕੁੜੀ ਨਾਲ ਜਿਆਦਾ ਪਿਆਰ ਕਰਦੇ ਹੋ ਤੇ ਮੈਨੂੰ ਘੱਟ ਚਾਹੁੰਦੇ ਹੋ। ਤੁਸੀਂ ਜੋ ਵੀ ਘਰ ਚੀਜ ਉਸਨੂੰ ਦੇਈ ਜਾਂਦੇ ਹੋ। ਮੈਨੂੰ ਹਮੇਸ਼ਾਂ ਦੂਜੇ ਦਰਜੇ 'ਤੇ ਰਖਦੇ ਹੋ। ਉਸਦੇ ਬੱਚੇ ਨੂੰ ਜਿਆਦਾ ਖਿਡਾਉਂਦੇ ਹੋ ਤੇ ਸਾਡੇ ਨੂੰ ਘੱਟ" ਆਦਿ।

ਜਿੰਨਾ ਚਿਰ ਵੀ ਉਸਦੀ ਲੜਕੀ ਇਥੇ ਰਹਿੰਦੀ ਭਰਾ-ਭਰਜਾਈ ਨੂੰ ਚੁਭਦੀ ਰਹਿੰਦੀ। ਰੀਸ ਕਰਕੇ ਤੇ ਈਰਖਾ ਕਰਕੇ ਨੂੰਹ ਪੇਕੇ ਜਾ ਬਹਿੰਦੀ। ਇਵੇਂ ਭੈਣ ਭਰਾ ਦੇ ਰਿਸ਼ਤੇ 'ਚ ਵੀ ਦਰਾੜ ਪੈ ਗਈ। ਸੰਤੀ ਨੂੰ ਇਹ ਸਭ ਬਹੁਤ ਬੁਰਾ ਲੱਗਦਾ। ਉਹ ਹੈਰਾਨ ਹੁੰਦੀ ਕਿ ਇਹ ਕੀ ਬਣ ਗਿਆ। ਇਕੱਠੇ ਖੇਡੇ, ਪਲੇ ਤੇ ਹੁਣ ਆਪਸੀ ਨਫਰਤ ਕਿਉਂ, ਦੂਜੈਦਗੀ ਕਿਉਂ ? ਜੇ ਲੜਕੀ ਇਕ ਦੋ ਵਸਤਾਂ ਵਧ ਲੈ ਗਈ ਤਾਂ ਲੜਕੇ ਨੂੰ ਇਤਰਾਜ਼ ਕਿਉਂ ? ਸੋਚ ਸੋਚ ਉਸਦਾ ਦਿਮਾਗ ਚੱਕਰ ਖਾਣ ਲੱਗਦਾ। ਬਲੱਡ ਪਰੈਸ਼ਰ ਕਦੇ ਨੀਵਾਂ ਹੁੰਦਾ ਤੇ ਕਦੇ ਵੱਧ ਜਾਂਦਾ। ਉਹ ਨਿਢਾਲ ਜਿਹੀ ਪਈ ਰਹਿੰਦੀ, ਛੱਤ ਵਲ ਦੇਖੀ ਜਾਂਦੀ। ਹਰ ਸੋਚ ਉਸਦੇ ਦਿਮਾਗ ਦੀ ਨਾੜ ਹਿਲਾ ਜਾਂਦੀ ਤੇ ਸਚਮੁਚ ਹੀ ਉਸਨੂੰ ਕਈ ਗੱਲਾਂ ਭੁੱਲਣ ਲੱਗ ਗਈਆਂ। ਕਦੇ ਇਕੋ ਗਲ ਨੂੰ ਕਈ ਵਾਰ ਕਹਿ ਜਾਂਦੀ।

ਉਸਦਾ ਸਭ ਕੁਝ ਸੀ ਪਤੀ ਸੀ, ਬੱਚੇ ਸਨ, ਘਰ ਸੀ, ਪਰ ਉਸਦੀ ਕੋਈ ਪੁੱਛ ਨਹੀਂ ਸੀ। ਉਹ ਇੱਕਲੀ ਸੀ। ਪਰ ਅੱਜ ਕਲ ਉਸਦਾ ਲੜਕਾ ਆਪਣੇ ਪਿਓ ਨਾਲ ਵੀ ਖਹਿਬੜ ਪੈਂਦਾ, "ਮੈਨੂੰ ਮੇਰਾ ਹਿੱਸਾ ਦੇ ਦਿਓ, ਮੈਂ ਇਥੇ ਨਹੀਂ ਰਹਿਣਾ।"

"ਤੇ ਤੂੰ ਅੱਗੇ ਸਾਡਾ ਕੀ ਸਵਾਰਿਆ ਹੈ ? ਕਦੇ ਇਕ ਪੈਸੇ ਦੀ ਮੱਦਦ ਨਹੀਂ ਕੀਤੀ।" ਉਸਦਾ ਪਿਓ ਅੱਗੋਂ ਕੜਕ ਕੇ ਕਹਿੰਦਾ, "ਵੇਖ ਮਕਾਨ ਦੇ ਹਿੱਸੇ ਹੋਣੇ ਨੇ ਚਾਰ। ਤਿੰਨ ਤੁਹਾਡੇ ਭੈਣ ਭਰਾਵਾਂ ਦੇ ਤੇ ਇਕ ਸਾਡਾ।"

"ਕਿਉਂ ? ਕੁੜੀ ਨੂੰ ਏਨਾਂ ਕੁਝ ਵਿਆਹ ਵੇਲੇ ਦੇ ਦਿੱਤਾ। ਫਿਰ ਜਦ ਆਉਂਦੀ ਹੈ, ਕੁਝ ਨਾ ਕੁਝ ਲੈ ਕੇ ਜਾਂਦੀ ਹੈ। ਉਸਦਾ ਘਰਵਾਲਾ ਚੰਗੀ ਤਨਖਾਹ ਲੈਂਦਾ ਹੈ। ਉਸਨੂੰ ਕੀ ਲੋੜ ਹੈ ਹਿੱਸੇ ਦੀ ? ਅਤੇ ਅਮਰੀਕਾ ਵਾਲੇ ਨੂੰ ਵੀ ਏਡੀ ਜਰੂਰਤ ਨਹੀਂ ਹੈ। ਪੈਸਾ ਉਹ ਉਥੇ ਚੰਗਾ ਕਮਾ ਲੈਂਦਾ ਹੈ। ਬਹੁਤੀ ਤਾਂ ਲੋੜ ਸਾਨੂੰ ਹੈ, ਤੇ ਤੁਸੀਂ ਵੀ ਤਾਂ ਸਾਡੇ ਪਾਸ ਰਹਿਣਾ ਹੈ।"

"ਨਾ ਅਸੀਂ ਨਹੀਂ ਰਹਿੰਦੇ ਤੇਰੇ ਕੋਲ, ਜਿਸਦੀ ਹੁਣੇ ਹੀ ਨਜਰ ਜਾਇਦਾਦ ਉਪਰ ਹੈ, ਉਸ ਰਿਸਤੇ ਕੀ ਪਾਲਣੇ ਨੇ ?" ਸੰਤੀ ਨੇ ਲਾਗਿਉਂ ਕਾਹਲੀ ਨਾਲ ਕਿਹਾ।

ਇਵੇਂ ਦੀਆਂ ਬਹਿਸਾਂ ਉਸ 'ਤੇ ਹਥੌੜੇ ਵਾਂਗ ਵੱਜਦੀਆਂ। ਉਹ ਬਾਹਰੋਂ ਚੁੱਪ ਰਹਿੰਦੀ, ਪਰ ਉਸਦੇ ਦਿਮਾਗ 'ਚ ਹਿਲਜੁਲ ਜਾਰੀ ਰਹਿੰਦੀ। ਫਿਰ ਉਸਦਾ ਧਿਆਨ ਗੁਰਦੁਆਰੇ ਵਲ ਹੋ ਗਿਆ। ਉਹ ਬੇ ਨਾਗਾ ਗੁਰਦੁਆਰੇ ਜਾਂਦੀ। ਘਰਦਿਆਂ, ਰਿਸ਼ਤਿਆਂ ਤੋਂ, ਦੁਨੀਆਂਦਾਰੀ ਤੋਂ ਆਪਣਾ ਧਿਆਨ ਪੂਰੀ ਤਰ੍ਹਾਂ ਹਟਾਉਣ ਦੀ ਕੋਸ਼ਿਸ਼ ਕਰਦੀ। ਘਰ ਆ ਕੇ ਮਸ਼ੀਨ ਤੇ ਬਹਿ ਜਾਂਦੀ। ਹੋਰ ਕਿਸੇ ਘਰ ਦੇ ਕੰਮ ਨਾਲ ਵਾਸਤਾ ਨਾ ਰੱਖਦੀ। ਨਾ

Academy of the Punjab in North America: http://www.apnaorg.com

ਕਿਸੇ ਬੱਚੇ ਨੂੰ ਚੁੱਕਦੀ ਤੇ ਨਾ ਕਿਸੇ ਕੁੜੀ ਮੁੰਡੇ ਨਾਲ ਬਹੁਤੀਆਂ ਗੱਲਾਂ ਕਰਦੀ ।

ਇਕੇਰਾਂ ਗੁਰਦੁਆਰੇ ਗਿੱਲੀ ਥਾਂ ਤੋਂ ਸੰਤੀ ਦਾ ਪੈਰ ਤਿਲਕ ਗਿਆ । ਬੜੀ ਜ਼ੋਰ ਦੀ ਡਿੱਗੀ ਤਿੰਨਾਂ ਚੌਂਹ ਜਣਿਆਂ ਉਠਾਇਆ । ਉਸ ਦੀ ਚੂਲੇ ਦੀ ਹੱਡੀ ਟੁੱਟ ਗਈ ਸੀ । ਤਿੰਨ ਚਾਰ ਮਹੀਨੇ ਬਿਸਤਰੇ ਉਪਰ ਲੇਟੀ ਰਹੀ । ਸਰੀਰਕ ਮਾਨਸਿਕ ਪੀੜਾਂ ਦਾ ਮੁਕਾਬਲਾ ਕਰਦੀ ਰਹੀ । ਉਹ ਆਪ ਤਾਂ ਠੀਕ ਹੋ ਗਈ ਪਰ ਦਿਮਾਗੀ ਸੰਤੁਲਨ ਬਿਲਕੁਲ ਹੀ ਗੁਆ ਬੈਠੀ । ਹੁਣ ਉਹ ਕਿਸੇ ਨੂੰ ਵੀ ਨਹੀਂ ਸੀ ਪਛਾਣਦੀ । ਕੁਝ ਵੀ ਯਾਦ ਨਾ ਰਹਿੰਦਾ, ਕੋਈ ਪਤਾ ਨਾ ਲੱਗਦਾ ਕਿ ਸਾਹਮਣੇ ਬੈਠਾ ਵਿਅਕਤੀ ਕੌਣ ਹੈ ? ਕੀ ਗੱਲਾਂ ਕਰਦਾ ਹੈ ਆਦਿ ।

ਉਸਦਾ ਅਮਰੀਕਾ ਵਾਲਾ ਲੜਕਾ ਆਇਆ ਪੂਰੇ ਛੇ ਸਾਲ ਬਾਅਦ । ਸਾਰੇ ਉਸ ਨੂੰ ਮਿਲ ਰਹੇ ਸਨ । ਉਹ ਆਪਣੀ ਮਾਂ ਨੂੰ ਵੀ ਬੁਲਾ ਰਿਹਾ ਸੀ, ਮਾਂ ਜਿਸਨੇ ਉਸਨੂੰ ਹੰਝੂਆਂ ਨਾਲ ਤੋਰਿਆ ਸੀ, ਮੂੰਹ 'ਚ ਪ੍ਰਸ਼ਾਦਿ ਪਾ ਕੇ ਵਿਦਾ ਕੀਤਾ ਸੀ ਪਰ ਉਹ ਸਿਰਫ ਇਹੀ ਪੁੱਛੀ ਜਾ ਰਹੀ ਸੀ, "ਇਹ ਕੌਣ ਹੈ ? ਕਿਥੋਂ ਆਇਆ ਹੈ ?"

"ਇਹ ਤੇਰਾ ਆਪਣਾ ਲੜਕਾ ਹੈ, ਆਪਣਾ ਸੁਰਜੀਤ" ਲਾਗਿਓਂ ਪਤੀ ਨੇ ਕਿਹਾ ।

ਤੇ ਉਸਦੇ ਲੜਕੇ ਦੀਆਂ ਅੱਖਾਂ ਭਰ ਆਈਆਂ । ਸਭ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਪਰ ਸੰਤੀ ਸਭ ਵੱਲ ਖਾਲੀ ਦਿਲ, ਖਾਲੀ ਦਿਮਾਗ, ਖਾਲੀ ਅੱਖਾਂ ਨਾਲ ਦੇਖੀ ਜਾ ਰਹੀ ਸੀ ਤੇ ਗਿੱਧਾ ਪਾਉਂਦੀ, ਉਪਰ ਨੂੰ ਦੇਖ ਦੀ, "ਪ੍ਰਭੂ ਜੀ, ਪ੍ਰਭੂ ਜੀ, ਸੁਆਮੀ, ਪਿਤਾ ਜੀ, ਮੈਨੂੰ ਲੈ ਜਾਓ, ਮੈਨੂੰ ਲੈ ਜਾਓ ।"

*****


Academy of the Punjab in North America: http://www.apnaorg.com

# ਦਾਜ ਦੀ ਬਲੀ

ਭੋਲਾ ਭੋਲਾ ਤੇ ਬਹੁਤ ਹੀ ਇਮਾਨਦਾਰ ਲੜਕਾ ਸੀ ਉਹ । ਕਿਸੇ ਦਾ ਦਿਲ ਉਸ ਕੀ ਦੁਖਾਉਣਾ, ਜਰਾ ਕੁ ਵੀ ਕੋਈ ਕਿਸੇ ਗੱਲੋਂ ਔਖਾ ਹੁੰਦਾ, ਉਹ ਝੱਟ ਉਸਦੀ ਮੱਦਦ ਲਈ ਪਹੁੰਚਦਾ, ਉਸਦਾ ਹੌਂਸਲਾ ਵਧਾਉਂਦਾ ਤੇ ਖਾਸ ਕਰਕੇ ਔਰਤਾਂ ਨੂੰ ਦੁੱਖੀ ਨਹੀਂ ਸੀ ਦੇਖ ਸਕਦਾ । ਉਹਨਾਂ ਦੀ ਉਹ ਪੂਰੀ ਕਦਰ ਤੇ ਇੱਜਤ ਕਰਦਾ । ਜਰਾ ਵੀ ਕੋਈ ਲੜਕੀ ਦਾਜ ਦੀ ਖਾਤਰ ਦੁਖੀ ਹੁੰਦੀ, ਉਸਦਾ ਤਨ ਮਨ ਛਿੱਲਿਆ ਜਾਂਦਾ, "ਪਤਾ ਨਹੀਂ ਪੈਸਿਆਂ ਦੀ ਖਾਤਰ ਜਾਂ ਕੁਝ ਚੀਜ਼ਾਂ ਨੂੰ ਹਾਸਲ ਕਰਨ ਲਈ ਲੋਗ ਬਿਗਾਨੀ ਧੀ ਨੂੰ ਕਿਉਂ ਤੰਗ ਕਰਦੇ ਨੇ ? ਕਿੰਨੇ ਨੀਚ, ਭੁੱਖੇ ਤੇ ਮੰਗਤੇ ਹੁੰਦੇ ਨੇ, ਜੋ ਦੂਸਰਿਆਂ ਦੇ ਟੁਕੜਿਆਂ ਉਪਰ ਪਲਣਾ ਚਾਹੁੰਦੇ ਨੇ । ਜਿਨ੍ਹਾਂ ਨੇ ਲੱਖਾਂ ਦੇ ਤੁਲ ਆਪਣੀ ਲੜਕੀ ਹੀ ਦੇ ਦਿੱਤੀ ਤਾਂ ਹੋਰ ਕੀ ਰਹਿ ਗਿਆ । ਛੀ--ਛੀ "ਮੈਂ ਕਦੇ ਵੀ ਇੰਜ ਨਹੀਂ ਕਰਾਂਗਾ । ਜਾਂ ਤਾਂ ਵਿਆਹ ਹੀ ਨਹੀਂ ਕਰਾਂਗਾ ਤੇ ਜੇ ਕਰਾਂਗਾ ਤਾਂ ਬਿਲਕੁਲ ਹੀ ਦਾਜ-ਰਹਿਤ । ਤਿੰਨਾਂ ਕੱਪੜਿਆਂ 'ਚ ਹੀ ਲੜਕੀ ਆਏਗੀ ।"

ਤੇ ਉਸ ਇੰਜ ਹੀ ਕੀਤਾ । ਸਿਰਫ ਵਿਆਹੁਤਾ ਲਿਬਾਸ 'ਚ ਹੀ ਸੱਜੀ ਲੜਕੀ ਨੂੰ ਘਰ ਲਿਆਂਦਾ । ਹੋਰ ਜੋ ਕੁਝ ਵੀ ਲੜਕੀ ਵਾਲੇ ਦੇ ਰਹੇ ਸਨ, ਉਹ ਨਾ ਕੇਵਲ ਸਖਤੀ ਨਾਲ ਮਨ੍ਹਾਂ ਹੀ ਕੀਤਾ, ਬਲਕਿ ਜੰਞ ਦੀ ਰੋਟੀ ਦਾ ਖਰਚਾ ਵੀ ਅੱਧਾ ਵੰਡ ਲਿਆ । ਉਸਦੇ ਕਈ ਸੰਬੰਧੀਆਂ ਤੇ ਮੇਲੀਆਂ ਨੇ ਲੜਕੇ ਦੀ ਇਸ ਜੁਅਰਤ ਦੀ ਬੜੀ ਸ਼ਲਾਘਾ ਕੀਤੀ ਤੇ ਦਾਦ ਦਿੱਤੀ ਕਿ ਅਜਿਹੇ ਲੜਕੇ ਇਸ ਲਹਾਨਤ ਨੂੰ ਤਾਂ ਜੜ੍ਹੋਂ ਹੀ ਪੁੱਟ ਦੇਣਗੇ ।

ਕੁਝ ਦਿਨ ਮੌਜ ਮਸਤੀ 'ਚ ਗੁਜਰ ਗਏ । ਲੜਕੀ ਵਿਆਹ ਤੋਂ ਬਾਅਦ ਪਹਿਲੀ ਵੇਰ ਆਪਣੇ ਪੇਕੇ ਘਰ ਮਿਲਣ ਗਈ ਤਾਂ ਉਸਦੇ ਮਾਪਿਆਂ ਨੂੰ ਓਨੀਂ ਲੜਕੀ ਦੀ ਖੁਸ਼ੀ ਨਾ ਦਿਖਾਈ ਦਿੱਤੀ, ਜਿੰਨ੍ਹਾਂ ਲੜਕੇ ਵਾਲਿਆਂ ਵੱਲੋਂ ਦਾਜ ਬਿਲਕੁਲ ਨਾ ਲੈਣਾ ਬੁਰਾ ਲੱਗਾ ।

ਉਹ ਆਪਣੇ ਆਪ ਨੂੰ ਬੇਇਜਤ ਹੋਇਆ ਸਮਝ ਰਹੇ ਸਨ । "ਸਾਨੂੰ ਇਹਨਾਂ ਕਿਤੇ ਮੂੰਹ ਦਿਖਾਉਣ ਜੋਗੇ ਨਹੀਂ ਛੱਡਿਆ । ਕੀ ਅਸੀਂ ਇਨੇਂ ਗਏ ਗੁਜਰੇ ਆਂ ਕਿ ਜੰਞ ਨੂੰ ਰੋਟੀ ਵੀ ਨਹੀਂ ਸਾਂ ਖੁਆ ਸਕਦੇ ?"

ਤੇ ਜਦ ਲੜਕੀ ਹਫਤੇ ਕੁ ਬਾਅਦ ਸਹੁਰੇ ਆਈ ਤਾਂ ਘੁੱਟੀ ਵੱਟੀ ਜਿਹੀ ਤੇ ਕੁਝ ਬਦਲੀ ਹੋਈ । ਲੜਕੇ ਨੇ ਜਿੱਥੇ ਨੌਕਰੀ ਸੀ ਦੂਸਰੇ ਸ਼ਹਿਰ, ਉਥੇ ਹੀ ਉਸ ਨੇ ਦੋ ਕਮਰਿਆਂ ਵਾਲਾ ਫਲੈਟ ਕਿਰਾਏ ਉਪਰ ਲੈ ਲਿਆ ਅਤੇ ਜੋ ਜਰੂਰੀ ਸਮਾਨ ਜਿਵੇਂ ਕਿ ਨਿੱਤ ਵਰਤੋਂ ਵਾਲੀਆਂ ਰਸੋਈ ਦੀਆਂ ਚੀਜਾਂ ਤੇ ਲੋੜੀਂਦਾ ਫਰਨੀਚਰ ਲੈ ਲਿਆ ਤੇ ਸੋਚਿਆ ਕਿ ਹੋਰ ਵਸਤਾਂ, ਜਿਉਂ ਜਿਉਂ ਲੋੜ ਪਈ ਜਾਏਗੀ ਹੌਲੀ ਹੌਲੀ ਖਰੀਦੀ ਜਾਣਗੇ ।


Academy of the Punjab in North America: http://www.apnaorg.com

ਪਰ ਲੜਕੀ ਨੂੰ ਹੌਲੀ ਹੌਲੀ ਸਮਾਨ ਖਰੀਦਣਾ ਪਸੰਦ ਨਾ ਆਇਆ। ਉਹ ਕਹਿੰਦੀ ਕਿ ਜੋ ਵੀ ਲੈਣਾ ਹੈ ਇਕੋ ਵਾਰ ਹੀ ਖ੍ਰੀਦਿਆ ਜਾਏ। ਲੜਕੀ ਦਾ ਉਨ੍ਹਾਂ ਧਿਆਨ ਇਕ ਦੂਸਰੇ ਪਤੀ ਪ੍ਰੇਮ ਪਿਆਰ ਵਧਾਉਣ ਜਾਂ ਇਕ ਦੂਸਰੇ ਨੂੰ ਸਮਝਣ ਵਲ ਨਾ ਹੋ ਸਕਿਆ ਜਿਨ੍ਹਾਂ ਕਿ ਇਕਦੱਮ ਚੀਜ਼ਾਂ ਨਾਲ ਘਰ ਭਰ ਲੈਣ ਉਪਰ ਕੇਂਦਰਿਤ ਹੋ ਗਿਆ।

"ਮੈਨੂੰ ਡਬਲਬੈੱਡ, ਡਰੈਸਿੰਗ ਟੇਬਲ, ਡਾਈਨਿੰਗ ਟੇਬਲ ਆਦਿ ਹੁਣੇ ਹੀ ਲੈ ਕੇ ਦਿਓ।" ਉਹ, ਇਕ ਚੀਜ ਆ ਜਾਂਦੀ ਤਾਂ ਦੂਸਰੀ ਲਈ ਜ਼ੋਰ ਪਾਉਣ ਲੱਗ ਜਾਂਦੀ। ਦੂਸਰੀ ਮਿਲ ਜਾਂਦੀ ਤਾਂ ਕਿਸੇ ਹੋਰ ਲਈ ਉਤਾਵਲੀ ਹੋ ਜਾਂਦੀ।

ਲੜਕੇ ਦਾ ਆਪਣੀ ਪਤਨੀ ਪਾਸ ਮਿਲ ਬੈਠਣ 'ਤੇ, ਉਸ ਨਾਲ ਕਿਤੇ ਸੈਰ ਕਰਨ 'ਤੇ ਜਾਂ ਗੱਡੀ ਉਪਰ ਚੜ੍ਹ ਕੇ ਕਿਸੇ ਹੋਰ ਸ਼ਹਿਰ ਘੁੰਮਣ 'ਤੇ ਦਿਲ ਕਰਦਾ। ਪਰ ਦਿਨੋ ਦਿਨ ਪਤਨੀ ਦਾ ਰਵਈਆ ਵੱਧ ਤੋਂ ਵੱਧ ਚੀਜ਼ਾਂ ਲੈਣ ਲਈ ਸਖ਼ਤ ਹੁੰਦਾ ਗਿਆ। ਜਿਉਂ ਜਿਉਂ ਉਹ ਸੋਚਦਾ ਕਿ ਇਹ ਹੁਣ ਮੇਰੇ ਨਾਲ ਕੋਈ ਹੋਰ ਗਲ ਕਰੇਗੀ ਪਰ ਉਹ ਕਿਸੇ ਨਾ ਕਿਸੇ ਵਸਤੂ ਦੀ ਮੰਗ ਹੀ ਕਰ ਰਹੀ ਹੁੰਦੀ।

ਹੁਣ ਤਾਂ ਉਸ ਨੇ ਆਪਣੇ ਪੇਕਿਆਂ ਲਈ ਵੀ ਮੰਗਣਾ ਸ਼ੁਰੂ ਕਰ ਦਿੱਤਾ। "ਮੇਰੀ ਭੈਣ ਦਾ ਜਨਮ ਦਿਨ ਹੈ, ਉਸਨੂੰ ਮੈਂ ਸੋਨੇ ਦੀ ਚੇਨ ਬਣਵਾ ਕੇ ਦੇਣੀ ਹੈ, ਭਰਾ ਨੂੰ ਸੂਟ ਸਵਾ ਕੇ ਦੇਣਾ ਹੈ, ਡੈਡੀ ਲਈ ਇਕ ਸਵੈਟਰ ਉਣਨਾ ਹੈ, ਮਾਂ ਲਈ ਗਰਮ ਸ਼ਾਲ ਲੈਣੀ ਹੈ, ਭਰਾ ਦਾ ਵਿਆਹ ਆਇਆ ਹੋਇਆ ਹੈ, ਉਸਦੇ ਵਿਆਹ ਲਈ ਦਸ ਹਜ਼ਾਰ ਰੁਪਿਆ ਰੱਖ ਛੱਡਿਓ ਆਦਿ।"

ਤੇ ਉਸਦੀਆਂ ਮੰਗਾਂ ਹੜ੍ਹ ਦੇ ਪਾਣੀ ਵਾਂਗ ਦਿਨੋਂ ਦਿਨ ਵਧਦੀਆਂ ਚਲੀਆਂ ਗਈਆਂ। ਜਦੋਂ ਉਸਦੀ ਕੋਈ ਮੰਗ ਪੂਰੀ ਨਾ ਹੁੰਦੀ ਤਾਂ ਧੱਮਕੀ ਦੇ ਕੇ ਕਈ ਕਈ ਹਫਤੇ ਤੇ ਮਹੀਨੇ ਪੇਕੇ ਹੀ ਬੈਠੀ ਰਹਿੰਦੀ ਜਾਂ ਆਨੇ ਬਹਾਨੇ ਲੜਾਈ ਝਗੜਾ ਕਰਨ ਲਈ ਤਿਆਰ ਰਹਿੰਦੀ, ਉੱਚੀ ਉੱਚੀ ਰੋਣ ਲਗਦੀ, ਮੁਹੱਲਾ ਇਕੱਠਾ ਕਰ ਲੈਂਦੀ ਕਿ ਉਸਦਾ ਪਤੀ ਉਸਨੂੰ ਮਾਰਦਾ ਰਹਿੰਦਾ ਹੈ, ਖਾਣ ਪੀਣ ਨੂੰ ਤੇ ਪਹਿਣਨ ਨੂੰ ਕੁਝ ਨਹੀਂ ਦਿੰਦਾ ਆਦਿ ਕਹਿ ਕੇ ਉਸਨੂੰ ਬਲੈਕਮੇਲ ਕਰਦੀ। ਉਸਦੀ ਭੰਡੀ ਕਰਦੀ। ਜਿਵੇਂ ਵਿਆਹ ਉਸ ਨੇ ਸੁਖੀ ਦੰਪਤੀ ਜੀਵਨ ਬਿਤਾਉਣ ਲਈ ਨਹੀਂ ਕੀਤਾ ਸੀ ਬਲਕਿ ਇਕ ਆਮਦਨ ਦਾ ਵਸੀਲਾ ਬਣਾਉਣ ਲਈ ਕੀਤਾ ਸੀ, ਜਿਸ ਨਾਲ ਉਸਦਾ ਪੇਕਾ ਟੱਬਰ ਪਲ ਸਕੇ ਤੇ ਉਹ ਐਸ਼ ਕਰ ਸਕੇ।

ਲੜਕਾ ਹੈਰਾਨ ਹੋਇਆ ਸੋਚਦਾ ਸੀ ਕਿ ਕਲ ਤੱਕ ਹਰ ਲੜਕੀ ਦੇ ਮਾਂ ਬਾਪ ਇਸ ਗਲ 'ਚ ਆਪਣਾ ਫ਼ਖਰ ਸਮਝਦੇ ਸਨ ਕਿ ਉਹਨਾਂ ਦੀ ਲੜਕੀ ਆਪਣੇ ਸਹੁਰੇ ਘਰ ਸੁਖੀ ਵੱਸ ਰਹੀ ਹੈ ਤੇ ਅੱਜ ਅਜਿਹੇ ਮਾਂ ਬਾਪ ਵੀ ਹੈਨ ਜੋ ਆਪਣੀ ਲੜਕੀ ਦਾ ਘਰ ਉਜਾੜ ਕੇ ਖੁਸ਼ ਹੋ ਰਹੇ ਹਨ। ਉਸਦੇ ਕਦੀ ਖਿਆਲ 'ਚ ਵੀ ਨਹੀਂ ਸੀ ਆਇਆ ਕਿ ਲੜਕੀ ਵਾਲੇ ਵੀ ਦਾਜ ਮੰਗ ਸਕਦੇ ਹਨ।

ਉਹ ਲੜਕੀ ਵਲੋਂ ਲਗਾਤਾਰ ਮੰਗਾਂ ਦੇ ਵਾਵਰੋਲੇ ਦੀ ਘੁੰਮਣਘੇਰੀ 'ਚ ਨਪੀਂਦਾ ਚਲਾ ਜਾ ਰਿਹਾ ਸੀ। ਉਸ ਵਿਆਹ ਕੀ ਕਰਵਾਇਆ, ਉਸਦਾ ਜੀਵਨ ਨਰਕ ਬਣ ਕੇ ਰਹਿ ਗਿਆ ਸੀ। ਕੀ ਇਸਨੂੰ ਹੀ ਵਿਆਹ ਕਹਿੰਦੇ ਨੇ ? ਉਹ ਦੋ ਦਿਲਾਂ ਦਾ ਮਿਲਾਪ, "ਏਕ ਜੋਤ ਦੋਇ ਮੂਰਤੀ", ਵਿਆਹੁਤਾ ਜੀਵਨ ਦੀਆਂ ਸਤਰੰਗੀ ਪੀਂਘਾਂ। ਇਹ ਸਭ


Academy of the Punjab in North America: http://www.apnaorg.com

ਜਿਵੇਂ ਭਰਮਾਉਣ ਦੀਆਂ ਗੱਲਾਂ ਹੋਣ । ਵਿਆਹ ਕਰਵਾ ਕੇ ਜਿਵੇਂ ਉਸ ਕੋਈ ਕੌੜੀਆਂ ਗੋਲੀਆਂ ਚੱਬ ਲਈਆਂ ਹੋਣ, ਜਿਸ ਨਾਲ ਉਸਦਾ ਮੂੰਹ, ਉਸਦਾ ਬਦਨ ਤੇ ਉਸਦਾ ਸਾਰਾ ਜੀਵਨ ਹੀ ਕੁੜੱਤਣ ਨਾਲ ਭਰ ਗਿਆ ਹੋਵੇ, ਕੁੜੱਤਣ ਹੀ ਕੁੜੱਤਣ ਉਸ ਜ਼ੋਰ ਨਾਲ ਥੁੱਕਿਆ ਪਰ ਕੁੜੱਤਣ ਤਾਂ ਉਸਦੀ ਰਗ ਰਗ 'ਚ ਹਾਵੀ ਹੋ ਰਹੀ ਸੀ । ਉਸ ਐਸੀ ਭੁੱਖੀ ਬਘਿਆੜੀ ਘਰ ਲੈ ਆਂਦੀ ਸੀ, ਜਿਸਨੂੰ ਜਿਉਂ ਜਿਉਂ ਆਪਣਾ ਮਾਸ ਖੁਆਈ ਜਾਂਦਾ ਸੀ ਤਿਉਂ ਤਿਉਂ ਉਸਦੀ ਭੁੱਖ ਹੋਰ ਚਮਕਦੀ ਤੇ ਜ਼ੁਬਾਨ ਦਾ ਸੁਆਦ ਹੋਰ ਤਿੱਖਾ ਹੁੰਦਾ ਜਾ ਰਿਹਾ ਸੀ ।

ਹੁਣ ਉਸਦੀ ਪਤਨੀ ਹੱਥ ਇਕ ਹੋਰ ਹਥਿਆਰ ਆ ਗਿਆ । ਉਸਦੇ ਲੜਕਾ ਪੈਦਾ ਹੋਇਆ । ਉਹ ਕਿਸੇ ਵੀ ਗਲ ਤੋਂ ਨਰਾਜ਼ ਹੁੰਦੀ ਤਾਂ ਬੱਚੇ ਨੂੰ ਆਪਣੇ ਪਤੀ ਪਾਸ ਸੁੱਟ ਕੇ ਪੇਕੇ ਜਾ ਬੈਠਦੀ । ਜਾਂ ਇਧਰ ਉਧਰ ਘੁੰਮਦੀ ਰਹਿੰਦੀ । ਬੱਚੇ ਨੂੰ ਛੱਡ ਕੇ ਜੇ ਉਸਦੇ ਦਿਲ ਨੂੰ ਘੇਰ ਪੈਂਦੀ ਤਾਂ ਇਹ ਸੋਚ ਕੇ ਠੰਡਕ ਮਹਿਸੂਸ ਕਰਦੀ ਕਿ ਉਸਦਾ ਪਤੀ ਤਾਂ ਔਖਾ ਰਹੇਗਾ । ਦੇਖਦੀ ਹਾਂ ਕਿੰਨਾ ਕੁ ਚਿਰ ਰੱਖਦਾ ਬੱਚੇ ਨੂੰ, ਕਿਵੇਂ ਸੰਭਾਲਦਾ ਏ ਤੇ ਉਹ ਢੀਠਾਂ ਦੇ ਤਾਣ ਪੇਕੇ ਡੇਰਾ ਲਾ ਕੇ ਬੈਠੀ ਰਹਿੰਦੀ ।

ਪਰ ਹੁਣ ਲੜਕੇ ਦਾ ਵੀ ਸ੍ਵੈ-ਮਾਣ ਜਾਗ ਉਠਿਆ ਸੀ । ਹੁਣ ਉਹ ਵਾਰ ਵਾਰ ਆਪਣੀ ਪਤਨੀ ਦੇ ਮਗਰ ਨਹੀਂ ਸੀ ਜਾਂਦਾ । ਛੇ ਮਹੀਨੇ ਲੰਘ ਗਏ ਤੇ ਫਿਰ ਸਾਲ ਲੰਘ ਗਿਆ । ਪਤਨੀ ਨੂੰ ਆਸ ਸੀ ਕਿ ਉਹ ਬੱਚੇ ਨੂੰ ਲੈ ਕੇ ਕਦੇ ਨਾ ਕਦੇ ਆਏਗਾ, ਗੋਡੇ ਟੇਕੇਗਾ, ਜਿਵੇਂ ਉਹ ਕਹੇਗੀ ਕਰੇਗਾ । ਪਰ ਊਠ ਦੇ ਬੁਲ੍ਹ ਵਰਗੀ ਉਸਦੀ ਇਹ ਆਸ ਕਦੇ ਪੂਰੀ ਨਾ ਹੋਈ । ਪਰ ਫਿਰ ਵੀ ਉਹ ਆਪਣੇ ਆਪ ਨੂੰ ਫਾਇਦੇ 'ਚ ਹੀ ਸਮਝਦੀ । ਕਿਉਂਕਿ ਇਕ ਲੱਖ ਦੇ ਕਰੀਬ ਸਹੁਰਿਆਂ ਦਾ ਪਾਇਆ ਗਹਿਣਾ ਉਸ ਪਾਸ ਸੀ । ਬੈਂਕ 'ਚ ਉਸਦੇ ਪਤੀ ਤੇ ਉਸਦਾ ਸਾਂਝਾ ਪੰਜਾਹ ਕੁ ਹਜਾਰ ਰੁਪਿਆ ਸੀ, ਉਹ ਵੀ ਉਸ ਨੇ ਕਢਵਾ ਲਿਆ ਸੀ । ਫਿਰ ਬੱਚੇ ਨੂੰ ਸਾਂਭਣ ਦੇ ਖਲਜਗਣ ਤੋਂ ਬਚੀ । ਉਸਦਾ ਖਰਚਾ ਵਾਧੂ ਹੋਣਾ ਸੀ । ਹੁਣ ਉਹ ਅਜਾਦੀ ਨਾਲ ਇਧਰ ਉਧਰ ਜਾ ਆ ਸਕਦੀ ਸੀ । ਤੇ ਬੜੇ ਅਰਾਮ ਨਾਲ ਉਹ ਨੌਕਰੀ ਕਰਨ ਲਗ ਗਈ । ਉਸਦੀ ਮਾਂ ਆਪਣੀ ਲਾਡਲੀ ਦਾ ਹੌਂਸਲਾ ਵਧਾਉਂਦੀ ।

"ਤੇਰਾ ਵਿਆਹ ਇਸ ਤੋਂ ਬਹੁਤ ਵੱਡੇ ਘਰ 'ਚ ਕਰਾਂਗੀ, ਜਿੱਥੇ ਕੋਠੀਆਂ ਕਾਰਾਂ, ਨੌਕਰ ਹੋਣਗੇ ਤੇ ਤੂੰ ਅਰਾਮ ਨਾਲ ਐਸ਼ ਕਰੇਂਗੀ । ਫਿਕਰ ਨਾ ਲਾਈਂ ਐਵੇਂ । ਏਡੀ ਸੁਹਣੀ ਮੇਰੀ ਧੀ, ਕਿੱਥੇ ਵਿਆਹ ਬੈਠੀ ਕੰਗਾਲਾਂ ਦੇ ਘਰ ।"

ਉੱਧਰ ਫੁੱਲ ਵਰਗਾ ਦੋ ਸਾਲ ਦਾ ਬੱਚਾ ਮਹਿਸੂਸ ਕਰਦਾ ਕਿ ਉਸਦੀ ਮਾਂ ਕਿੱਧਰ ਚਲੀ ਗਈ । ਉਸ ਕੀ ਕਸੂਰ ਕੀਤਾ ਕਿ ਉਹ ਮਾਂ-ਮਹਿਟੱਰ ਬਣ ਕੇ ਰਹਿ ਗਿਆ ਸੀ । ਮਾਂ ਦੀ ਮਮਤਾ ਤਾਂ ਪੈਸਿਆਂ ਦੇ ਲਾਲਚ ਵਿਚ ਡੁੱਬ ਕੇ ਰਹਿ ਗਈ ਸੀ । ਬੱਚਾ ਖਿਝਿਆ ਖਿਝਿਆ ਰਹਿੰਦਾ । ਬਿਮਾਰ ਰਹਿਣ ਲੱਗ ਗਿਆ । ਉਸਦਾ ਬਾਪ ਇਕੱਲਾ ਬੱਚੇ ਨੂੰ ਲੈ ਕੇ ਹਸਪਤਾਲ, ਡਾਕਟਰਾਂ ਦੇ, ਦੁਆਈਆਂ ਦੀਆਂ ਦੁਕਾਨਾਂ 'ਤੇ ਜਾਂਦਾ । ਵਕਤ ਸਿਰ ਉਸਨੂੰ ਦੁਆਈ ਦਿੰਦਾ । ਰਾਤ ਉੱਠ ਕੇ ਸੂ ਸੂ ਕਰਵਾਉਂਦਾ ਤੇ ਜੇ ਆਪ ਨੂੰ ਨੀਂਦ ਆ ਜਾਂਦੀ ਤਾਂ ਸਵੇਰੇ ਉੱਠ ਕੇ ਉਸਦੇ ਗਿੱਲੇ ਕੱਪੜੇ ਧੋਂਦਾ, ਬਿਸਤਰੇ ਧੋਂਦਾ, ਉਸਨੂੰ ਨਹਾਉਂਦਾ, ਖੁਆਉਂਦਾ ਪਿਆਉਂਦਾ ।

ਭਲਾ ਜਰੂਰੀ ਹੈ ਕਿ ਮਮਤਾ ਮਾਂ ਨਾਲ ਆਉਂਦੀ ਹੈ । ਜਾਂ ਬੱਚਾ ਜੰਮਣ ਨਾਲ ਹੀ


Academy of the Punjab in North America: http://www.apnaorg.com

ਆਉਂਦੀ ਹੈ। ਜੋ ਵੀ ਬੱਚੇ ਨੂੰ ਸਾਂਭੇ, ਛਾਤੀ ਨਾਲ ਲਗਾਏ, ਪਿਆਰ ਕਰੇ, ਉਸਦੀਆਂ ਜਿਦਾਂ ਜਰੇ, ਰੋਂਦੇ ਨੂੰ ਵਰਾਏ ਬੱਚੇ ਲਈ ਉਹੀ ਸਭ ਕੁਝ ਹੈ। ਉਹੀ ਉਸਦੀ ਮਾਂ ਤੇ ਉਸਦੀ ਮਮਤਾ ਹੈ। ਤੇ ਜੋ ਮਾਂ ਪੈਸਿਆਂ ਦੀ ਖਾਤਰ ਆਪਣੇ ਬੱਚੇ ਨੂੰ ਦਾਓ 'ਤੇ ਲਗਾ ਸਕਦੀ ਹੈ, ਕੀ ਉਹ ਮਾਂ ਅਖਵਾਉਣ ਦੀ ਹੱਕਦਾਰ ਹੈ ? ਭਾਵੇਂ ਮਮਤਾ ਲਫਜ਼ ਮਾਂ ਤੋਂ ਬਣਿਆ ਹੈ ਪਰ ਮਾਂ ਹੋਵੇ ਤਾਂ ਸਹੀ। ਇੱਥੇ ਤਾਂ ਬੱਚਾ ਜਿਵੇਂ ਕਿਸੇ ਇਨਕੁਬੇਟਰ 'ਚੋਂ ਕੱਢਿਆ ਹੋਵੇ, ਜਿਸ 'ਚ ਨਾ ਕੋਈ ਜਜ਼ਬਾਤ, ਨਾ ਵਲਵਲਾ, ਨਾ ਸੰਵੇਦਨਾ, ਨਾ ਕੋਮਲਤਾ, ਨਾ ਭਾਵਨਾ, ਨਾ ਚਾਹਤ, ਨਾ ਲਗਾਓ। ਜੋ ਆਪਣੇ ਸਵਾਰਥ ਲਈ ਬੱਚੇ ਨੂੰ ਸੁੱਟ ਸਕਦੀ ਹੈ, ਮਾਰ ਸਕਦੀ ਹੈ।

"ਓ ਰੱਬਾ ! ਤੂੰ ਕਿਸ ਪੱਥਰ ਦਿਲ ਨਾਲ ਮੇਰੇ ਸੰਬੰਧ ਜੋੜ ਦਿੱਤੇ। ਮੈਂ ਕੀ ਸੋਚਿਆ ਸੀ ਤੇ ਕੀ ਹੋ ਗਿਆ। ਮੈਂ ਤਾਂ ਵਿਆਹੁਤਾ ਰਿਸ਼ਤਿਆਂ 'ਚੋਂ ਦਾਜ ਨੂੰ ਮਨਫੀ ਕੀਤਾ ਸੀ ਪਰ ਇਥੇ ਤਾਂ ਉਲਟਾ ਜ਼ਰਬਾਂ ਤੇ ਜ਼ਰਬਾਂ ਦੇਈ ਜਾ ਰਹੇ ਹਨ।"

ਪੈਸੇ ਦੇ ਨਾਲ ਨਾਲ ਹੁਣ ਪਤਨੀ ਦਾ ਫੋਕਾ ਅਭਿਮਾਨ ਉਸਨੂੰ ਵਾਪਸ ਸਹੁਰੇ ਜਾਣ ਤੋਂ ਰੋਕ ਰਿਹਾ ਸੀ। ਉਹ ਸੋਚਦੀ ਕਿ ਹੁਣ ਉਹ ਜਰਾ ਕੁ ਵੀ ਨਿਊਂ ਗਈ ਤਾਂ ਉਹ ਸਦਾ ਲਈ ਨਿਮਾਣੀ ਬਣ ਕੇ ਰਹਿ ਜਾਏਗੀ ਤੇ ਕਮਜ਼ੋਰ ਸਿੱਧ ਹੋ ਜਾਏਗੀ।

ਉੱਧਰ ਪਤੀ ਦਾ ਖਲਾਅ ਛੋਟਾ ਜਿਹਾ ਬੱਚਾ ਭਰ ਰਿਹਾ ਸੀ। ਅੱਤ ਦੇ ਤਣਾਓ ਵਿਚ ਬੱਚੇ ਦੀ ਮਸੂਮੀਅਤ ਤੇ ਨਿਰਛਲ ਪਿਆਰ ਠੰਢੇ ਛਿੱਟਿਆਂ ਦਾ ਕੰਮ ਕਰਦਾ। ਬੱਚਾ ਜ਼ਿੱਦ ਕਰਦਾ, ਕਈ ਵਾਰ ਝਿੜਕਣਾ ਮਾਰਨਾ ਪੈਂਦਾ ਪਰ ਅਗਲੇ ਹੀ ਪਲ ਮਾੜੇ ਜਿਹੇ ਰੋਸੇ ਤੋਂ ਬਾਅਦ ਸਭ ਗਿਲੇ, ਸ਼ਿਕਵੇ, ਭੁਲ ਭੁਲਾ ਕੇ ਮੁੜ ਆ ਗੋਦ ਵਿਚ ਬੈਠ ਜਾਂਦਾ, ਪਿਆਰ ਕਰਦਾ ਪਿਆਰ ਲੈਂਦਾ। ਕਾਸ਼ ! ਕਿ ਵੱਡਿਆਂ 'ਚ ਵੀ ਗਿਲੇ ਸ਼ਿਕਵੇ ਬੇਇਜ਼ਤੀਆਂ ਭੁਲ ਜਾਣ ਦੀ ਆਦਤ ਹੁੰਦੀ। ਕੋਈ ਲਾਲਸਾ, ਕੋਈ ਲਾਲਚ ਨਾ ਹੁੰਦਾ। ਪੈਸਿਆਂ ਦੀ ਤਕੜੀ ਤੇ ਨਾਜ਼ਕ ਰਿਸ਼ਤੇ ਨਾ ਤੋਲਦਾ ਹੁੰਦਾ। ਝਗੜਾ ਨਿਪਟਾਉਣ ਦੀ ਬਜਾਏ ਲੱਸੀ 'ਚ ਪਾਣੀ ਪਾਈ ਜਾਣ ਦਾ ਸੁਭਾਅ ਨਾ ਹੁੰਦਾ ਤੇ ਬਲਦੀ ਤੇ ਤੇਲ ਪਾ ਕੇ ਤਮਾਸ਼ਾ ਦੇਖਣ ਦੀ ਚਾਹ ਨਾ ਹੁੰਦੀ।

ਤੇ ਇਵੇਂ ਹੀ ਦੋ ਸਾਲ ਲੰਘ ਗਏ ਤੇ ਫਿਰ ਤਿੰਨ ਤੇ ਫਿਰ ਚਾਰ ਸਾਲ। ਲੜਕੀ ਵਾਲੇ ਕੋਈ ਫੈਸਲਾ ਨਹੀਂ ਕਰ ਰਹੇ ਸਨ। ਉਹ ਚਾਹੁੰਦੇ ਕਿ ਲੜਕੇ ਪਾਸੋਂ ਵੱਧ ਤੋਂ ਵੱਧ ਪੈਸਾ ਬਟੋਰਿਆ ਜਾਵੇ। ਜਿਵੇਂ ਕਿਰਾਏਦਾਰ ਮਾਲਕ ਮਕਾਨ ਪਾਸੋਂ ਭਾਰੀ ਰਕਮ ਲੈ ਕੇ ਮਕਾਨ ਛੱਡਦੇ ਹਨ। ਲੜਕੀ ਵਾਲੇ ਕਹਿੰਦੇ, "ਦੋ ਲੱਖ ਰੁਪਿਆ ਲੈਣਾ ਹੈ ਇਹਨਾਂ ਪਾਸੋਂ, ਐਵੇਂ ਨਹੀਂ ਇਹਨਾਂ ਨੂੰ ਅਜਾਦ ਕਰਨਾ। ਨਹੀਂ ਤਾਂ ਆਪਣਾ ਮਕਾਨ ਕੁੜੀ ਦੇ ਨਾਂ ਲਾ ਦੇਣ। ਮੁੰਡੇ ਦਾ ਕਿਤੇ ਐਕਸੀਡੈਂਟ ਹੀ ਕਰਵਾ ਦਿੰਦੀ ਜਾਂ ਕੁਝ ਖਾਣੇ 'ਚ ਮਿਲਾ ਦਿੰਦੀ ਤਾਂ ਮੁੰਡੇ ਦਾ ਸਾਰਾ ਪੈਸਾ ਆਪਣੇ ਕੋਲ ਆ ਜਾਣਾ ਸੀ।"

ਇਹ ਇਕ ਵੱਖਰਾ ਸ਼ੋਸ਼ਣ ਸੀ, ਜਿਸਨੂੰ ਰੋਕਣ ਲਈ ਨਾ ਕੋਈ ਪੁਲਸ, ਨਾ ਕਚਹਿਰੀ ਤੇ ਨਾ ਕਿਸੇ ਸੁਸਾਇਟੀ ਨੇ ਕਨੂੰਨ ਬਣਾਏ ਸਨ। ਲੜਕੇ ਦੇ ਆਪਣੇ ਸਾਰੇ ਕੰਮਕਾਰ, ਸ਼ੌਂਕ ਠੱਪ ਹੋ ਕੇ ਰਹਿ ਗਏ ਸਨ। ਉਸਦਾ ਆਲ੍ਹਣਾ ਤੀਲਾ ਤੀਲਾ ਹੋ ਗਿਆ ਸੀ ਤੇ ਏਡੀ ਮੰਗ ਦਾਜ ਦੀ ਬਲੀ ਲੜਕੀ ਨਹੀਂ ਬਲਕਿ ਇਕ ਲੜਕਾ ਚੜ੍ਹ ਰਿਹਾ ਸੀ।

*****


Academy of the Punjab in North America: http://www.apnaorg.com

## ਚਾਚੀ ਚਰਨੀਂ

ਤਿੰਨ ਚਾਰ ਦਿਨਾਂ ਦੀ ਲਗਾਤਾਰ ਝੜੀ ਤੇ ਹੱਡ-ਭੰਨਵੀਂ ਸਰਦੀ ਤੋਂ ਬਾਅਦ ਅੱਜ ਚਮਕਦੀ ਮਹਿਕਦੀ ਨਿੱਘੀ ਧੁੱਪ ਨਿਕਲੀ ਸੀ। ਬਹੁਤ ਹੀ ਅੱਛਾ ਤੇ ਸੁਖਾਵਾਂ ਲੱਗ ਰਿਹਾ ਸੀ। ਮੈਂ ਤੇ ਚਾਚੀ ਚਰਨੀਂ ਆਪਣੀਆਂ ਸਲਾਈਆਂ ਲੈ ਕੇ ਧੁੱਪ ਦਾ ਅਨੰਦ ਮਾਨਣ ਲਈ ਉਪਰ ਆ ਬੈਠੀਆਂ। ਜਿਵੇਂ ਆਪਣੇ ਧੁਰ ਕੋਠੇ ਨਹੀਂ ਕਿਸੇ ਸੁੰਦਰ ਪਹਾੜੀ ਉਪਰ ਬੈਠੇ ਹੋਈਏ। ਅੱਜ ਸੂਰਜ ਵੀ ਬਹੁਤ ਪਿਆਰਾ ਲੱਗ ਰਿਹਾ ਸੀ। ਕਿੰਨਾ ਚੰਗਾ ਹੈ ਸੂਰਜ, ਜੀਵਨ ਦਾਤਾ, ਸਾਰੀ ਦੁਨੀਆਂ ਤੋਂ ਅਲੱਗ ਉੱਚਾ, ਦੁਨੀਆਂ ਦੇ ਛਲ ਕੱਪਟ, ਝੂਠ, ਸਵਾਰਥ ਤੋਂ ਬੇਲਾਗ, ਮਨੁੱਖ ਜਾਤੀ ਦੇ ਜੀਵਨ ਨੂੰ ਜੱਗਦਾ ਮੱਘਦਾ ਰੱਖਣ ਦੀ ਧੁਨ 'ਚ ਲਗਾਤਾਰ ਆਪਣੀਆਂ ਜਾਦੂਈ ਕਿਰਨਾਂ ਬਖੇਰਦਾ ਆ ਰਿਹਾ ਹੈ। ਨਮਸਕਾਰ ਹੈ ਤੈਨੂੰ ਸੂਰਜ।

ਤੇ ਮੈਂ ਤੇ ਚਾਚੀ ਚਰਨੀਂ ਉੱਨ ਨਾਲ ਸੋਫੇ ਦੀਆਂ ਗੱਦੀਆਂ ਬਣਾ ਰਹੀਆਂ ਸਾਂ। ਪਹਿਲੇ ਤਾਂ ਉਹ ਕਦੇ ਕਦਾਈਂ ਇੱਕ ਅੱਧ ਦਿਨ ਲਈ ਮਿਲਣ ਆਉਂਦੀ ਸੀ ਪਰ ਐਤਕੀਂ ਲਗਾਤਾਰ ਕੋਈ ਤਿੰਨ ਮਹੀਨੇ ਤੋਂ ਸਾਡੇ ਪਾਸ ਹੀ ਰਹਿ ਰਹੀ ਸੀ। ਉਹ ਮੇਰੇ ਨਾਲ ਹਰ ਕੰਮ 'ਚ ਹੱਥ ਵਟਾਉਂਦੀ ਹੈ। ਕਿਤੇ ਮੈਥੋਂ ਸਲਾਹ ਪੁੱਛਦੀ, ਕਿਤੇ ਮੈਨੂੰ ਕੋਈ ਸੁਝਾਓ ਦਿੰਦੀ ਹੈ। ਮੈਂ ਅਕਸਰ ਹੀ ਉਸਦੇ ਸੁਝਾਓ ਨੂੰ ਮਨ 'ਚ ਠੁਕਰਾ ਦਿੰਦੀ। ਪਰ ਆਮ ਤੌਰ ਤੇ ਉਸਦਾ ਸੁਝਾਓ ਕਾਰਗਰ ਸਿੱਧ ਹੁੰਦਾ। ਇਵੇਂ ਉਹ ਮੈਨੂੰ ਬੜੀ ਸਿਆਣੀ ਤੇ ਸੁਲਝੀ ਹੋਈ ਲੱਗਦੀ। ਪਰ ਇਹ ਐਤਕੀਂ ਹੀ ਇੰਜ ਮਹਿਸੂਸ ਹੋਇਆ। ਪਤਾ ਨਹੀਂ ਕਿਉਂ ? ਇਸ ਸਭ ਕਾਸੇ ਤੋਂ ਮੈਂ ਹੈਰਾਨ ਹੋਈ ਜਾ ਰਹੀ ਸਾਂ।

ਉਹ ਮੇਰੇ ਤੋਂ ਕੋਈ ਪੰਦਰਾਂ ਕੁ ਸਾਲ ਵੱਡੀ ਸੀ ਪਰ ਇਸ ਤੋਂ ਪਹਿਲੇ ਮੇਰੇ ਮਨ 'ਚ ਉਸ ਪ੍ਰਤੀ ਕਦੇ ਸਤਿਕਾਰ ਨਹੀਂ ਸੀ ਆਇਆ। ਆਦਰ ਸਤਿਕਾਰ ਤਾਂ ਦੂਰ ਦੀ ਗਲ ਮੈਂ ਹਮੇਸ਼ਾਂ ਉਸ ਨੂੰ ਨਫਰਤ ਦੀ ਨਿਗਾਹ ਨਾਲ ਹੀ ਦੇਖਦੀ ਆ ਰਹੀ ਸਾਂ। ਪਰ ਫਿਰ ਵੀ ਉਪਰੋਂ ਉਪਰੋਂ ਸਾਡਾ ਬੋਲ ਚਾਲ ਦਾ ਸੰਬੰਧ ਬਣਿਆ ਰਿਹਾ ਸੀ, ਇਸ ਦਾ ਕਾਰਨ ਸੀ ਉਸ ਦਾ ਸੁਹੱਪਣ। ਉਹ ਸੁਹਣੀ ਰੱਜ ਕੇ ਸੀ। ਪਤਲਾ ਲਚਕਦਾਰ ਭਰਵਾਂ ਸਰੀਰ, ਚਿੱਟਾ ਦੁਧੀਆ ਗੁਲਾਬੀ ਭਾਅ ਮਾਰਦਾ ਰੰਗ। ਤਿੱਖੇ ਤਿੱਖੇ ਨਕਸ਼ ਨੈਣ, ਲੰਬੀਆਂ ਪਤਲੀਆਂ ਉਂਗਲਾਂ। ਉਹ ਸਕੂਲ ਦੀ ਪ੍ਰਿੰਸੀਪਲ ਸੀ। ਇਹਨਾਂ ਗੁਣਾਂ ਕਰਕੇ ਉਹ ਸਾਡੇ ਟੱਬਰ ਦਾ ਮਾਣ ਤੇ ਸ਼ੋਭਾ ਸੀ। ਉਹ ਜਦ ਵੀ ਕਦੇ ਗੋਰਾ ਤੇ ਪਤਲੀਆਂ ਉਂਗਲਾਂ ਵਾਲਾ ਹੱਥ ਉਪਰ ਚੁੱਕ ਕੇ ਗੱਲਾਂ ਕਰਦੀ ਜਾਂ ਲੈਕਚਰ ਕਰ ਰਹੀ ਹੁੰਦੀ ਤਾਂ ਉਸਦੀ ਤਿੱਖੀ ਤੇ ਸੁਰੀਲੀ ਆਵਾਜ਼ ਫਿਜ਼ਾਅ 'ਚ ਗੂੰਜਦੀ ਹੋਈ ਦਿਲਾਂ ਨੂੰ ਛੋਂਹਦੀ।


Academy of the Punjab in North America: http://www.apnaorg.com

ਦੂਸਰੇ ਪਾਸੇ ਉਸਦਾ ਰੋਹਬ ਹੀ ਏਨਾਂ ਸੀ ਕਿ ਕੋਈ ਉਸ ਅੱਗੇ ਕੁਸਕ ਨਹੀਂ ਸੀ ਸਕਦਾ, ਅੱਖ ਚੁੱਕ ਕੇ ਦੇਖ ਨਹੀਂ ਸਕਦਾ। ਪਰ ਜਿੰਨੀ ਉਹ ਜ਼ਬਾਨ ਦੀ ਮਿੱਠੀ ਲਗਦੀ ਸੀ, ਕੁਨੀਨ ਦੀ ਤਰ੍ਹਾਂ ਓਨੀਂ ਕੌੜੀ ਵੀ ਸੀ। ਹੱਠੀ ਏਨੀਂ ਕਿ ਜਿਸ ਗਲ ਦੇ ਪਿੱਛੇ ਪੈਂਦੀ ਪੂਰੀ ਕਰਕੇ ਹੀ ਛੱਡਦੀ ਤੇ ਦੂਸਰੇ ਨੂੰ ਆਪਣੀ ਗੱਲ ਮਨਾ ਕੇ ਹੀ ਛੱਡਦੀ। ਜੋ ਉਸ ਨਾਲ ਬਹਿਸ ਕਰਨ ਲੱਗਦਾ ਜਾਂ ਦਲੀਲਾਂ ਦੇਣ ਲੱਗਦਾ ਤਾਂ ਉਸ ਨਾਲ ਕਈ ਵਾਰੀ ਗਾਲ੍ਹਾਂ ਤੇ ਉੱਤਰ ਆਉਂਦੀ। ਉਸ 'ਚ ਗੁੱਸਾ ਵੀ ਕਹਿਰਾਂ ਦਾ ਸੀ। ਉਹ ਕਿਸੇ ਦੀ ਬੇਇੱਜ਼ਤੀ ਕਰਨ ਲੱਗੇ ਸੰਕੋਚ ਨਾ ਕਰਦੀ, ਚਾਹੇ ਉਹ ਬਜ਼ਾਰ 'ਚ ਖਲੋਤਾ ਹੁੰਦਾ ਜਾਂ ਆਪਣੇ ਮਿੱਤਰਾਂ ਸੰਬੰਧੀਆਂ 'ਚ ਗਲ ਕਰ ਰਿਹਾ ਹੁੰਦਾ। ਸਭ ਦੇ ਸਾਹਮਣੇ ਕਿਸੇ ਦੇ ਭੇਤ ਖੋਲ ਕੇ ਤੇ ਕਿਸੇ ਦੀ ਹੱਤਕ ਕਰਕੇ ਉਸ ਨੂੰ ਕੋਈ ਮਜ਼ਾ ਆਉਂਦਾ।

ਅਸਲ 'ਚ ਉਸਨੂੰ ਕੋਈ ਵੀ ਗਲਤ ਕੰਮ ਚੰਗਾ ਨਾ ਸੀ ਲੱਗਦਾ। ਉਹ ਅਕਸਰ ਹੀ ਕਿਸੇ ਦੁਕਾਨਦਾਰ ਨਾਲ ਕਿਸੇ ਟਾਂਗੇ ਵਾਲੇ ਨਾਲ ਕਿਸੇ ਰਿਕਸ਼ੇ ਵਾਲੇ ਨਾਲ ਬੋਲ ਕੁਬੋਲ ਕਰ ਰਹੀ ਹੁੰਦੀ ਤੇ ਜਾਂ ਗਲੀਆਂ ਬਜ਼ਾਰਾਂ 'ਚ ਖਿਲਰਿਆ ਗੰਦ ਕੂੜਾ ਦੇਖ ਕੇ, "ਪਤਾ ਨਹੀਂ ਕਮੇਟੀ ਵਾਲੇ ਅੰਨ੍ਹੇ ਹੋਏ ਨੇ, ਵੋਟਾਂ ਲੈ ਕੇ ਬੈਠ ਜਾਂਦੇ ਨੇ, ਦਿਸਦਾ ਨਹੀਂ ਇਹ ਗੰਦ, ਕਿ ਇਸਨੂੰ ਵੀ ਚੁਕਾ ਦੇਈਏ, ਸਾਫ ਕਰਵਾ ਦੇਈਏ, ਹਰਾਮਜ਼ਾਦੇ ਵੋਟਾਂ ਲੈ ਕੇ ਬਹਿ ਜਾਂਦੇ ਨੇ, ਚੌੜੀ ਸੜਕ ਹੈ ਕਿਤੇ ਲੰਘਣ ਲਈ ਰਸਤਾ ਨਹੀਂ ਹੁੰਦਾ, ਜਿਥੇ ਜੀਅ ਕਰਦਾ ਰੇਹੜੀ ਵਾਲੇ ਖਲੋ ਜਾਂਦੇ ਨੇ, ਜਿਥੇ ਜੀ ਕੀਤਾ ਸਬਜ਼ੀ ਵਾਲੇ ਢੇਰੀ ਜਿਹੀ ਲਗਾ ਕੇ ਬਹਿ ਜਾਂਦੇ ਨੇ, ਵਿੱਚੇ ਹੀ ਗਾਈਆਂ ਤੁਰੀਆਂ ਫਿਰਦੀਆਂ ਨੇ" ਆਦਿ ਗੱਲਾਂ ਤੋਂ ਉਹ ਬੋਲੀ ਜਾਂਦੀ।

ਉਹ ਇਕ ਦੂਸਰੇ ਦੀਆਂ ਬਦਖੋਹੀਆਂ ਵੀ ਕਰਦੀ ਰਹਿੰਦੀ ਦੂਸਰੇ ਦੇ ਮਨ 'ਚ ਕਿਸੇ ਨਾ ਕਿਸੇ ਪ੍ਰਤੀ ਜ਼ਹਿਰ ਭਰ ਰਹੀ ਹੁੰਦੀ। ਚਲਦੀ ਫਿਰਦੀ ਚੁਆਤੀ ਹੀ ਸੀ ਉਹ।

ਉਸ ਦੇ ਅਜਿਹੇ ਸੁਭਾਅ ਤੋਂ ਤਕਰੀਬਨ ਸਾਰੇ ਹੀ ਤੰਗ ਸਨ। ਕਈਆਂ ਨੇ ਉਸ ਨਾਲ ਬੋਲਣਾ ਹੀ ਬੰਦ ਕਰ ਦਿੱਤਾ। ਉਸਦੀ ਆਪਣੇ ਧੀਆਂ, ਪੁੱਤਰਾਂ ਨਾਲ ਵੀ ਨਹੀਂ ਸੀ ਬਣਦੀ। ਉਸ ਦੀਆਂ ਨਣਾਨਾਂ ਤੇ ਦਿਉਰਾਂ ਨੇ ਵੀ ਉਸ ਨਾਲ ਬਾਈਕਾਟ ਕੀਤਾ ਹੋਇਆ ਸੀ। ਮੇਰੇ ਦਿਲ ਨੇ ਵੀ ਉਸ ਨੂੰ ਸਵੀਕਾਰ ਨਹੀਂ ਸੀ ਕੀਤਾ ਸਿਵਾਏ ਸਤਿ ਸ੍ਰੀ ਅਕਾਲ ਦੀ ਸਾਂਝ ਦੇ। ਉਹ ਕਈ ਵਾਰੀ ਮੇਰੇ ਸਾਹਮਣੇ ਦੁਖੜੇ ਫੋਲਦੀ, "ਮੇਰੀ ਕੁੜੀ ਤਾਂ ਬਿਲਕੁਲ ਈ ਮੇਰੀ ਗਲ ਨਹੀਂ ਸੁਣਦੀ, ਇਸਨੂੰ ਇਸ ਦੇ ਫੈਸ਼ਨ ਈ ਨਹੀਂ ਛੱਡਦੇ, ਆਪਣੀ ਜਾਤ ਬਿਰਾਦਰੀ ਛੱਡ ਕੇ ਉਸਨੂੰ ਕਾਲ਼ਾ ਕਲੂਟਾ ਬਿਹਾਰੀ ਪਸੰਦ ਆਇਆ ਕਿ, ਮੈਂ ਵਿਆਹ ਕਰਨਾ ਤਾਂ ਉਸ ਨਾਲ ਹੀ ਕਰਨਾ ਹੈ। ਮੇਰੇ ਘਰਵਾਲੇ ਨੂੰ ਤਾਂ ਉਹ ਕੰਜਰੀ ਡੈਣ ਹੀ ਖਾ ਗਈ, ਚੰਗਾ ਹੁੰਦਾ ਜੇ ਮੈਂ ਇਸ ਤੋਂ ਓਦੋਂ ਈ ਤਲਾਕ ਲੈ ਲੈਂਦੀ। ਤੇ ਉਹ ਮਨਜੀਤ ਫਿੱਟੀ ਕਿਵੇਂ ਮੇਰੇ ਨਾਲ ਆਕੜ ਕੇ ਬੋਲਦੀ ਏ ਕਿ ਤੂੰ ਈ ਸਾਡੇ 'ਚ ਪੁਆੜੇ ਪਾਏ। ਮੈਂ ਇਹਨਾਂ ਦੀਆਂ ਭਲਾਈਆਂ ਕਰਦੀ ਰਹੀ, ਇਹਨਾਂ ਨੂੰ ਖਾਣ ਪਹਿਨਣ ਲਈ ਦਿੰਦੀ ਰਹੀ ਤੇ ਓਹੀ ਅਜ ਮੈਨੂੰ ਅੱਖਾਂ ਦਿਖਾਉਂਦੀ ਹੈ, ਗੰਦੀ ਰੰਨ। ਮੇਰੇ ਪਿਓ ਨੂੰ ਤਾਂ ਉਸ ਦੇ ਭਾਈਵਾਲ ਹੀ ਧੋਖਾ ਦੇ ਗਏ, ਮੈਂ ਕਹਿੰਦੀ ਰਹੀ ਕਿ ਬੰਦੇ ਭੈੜੇ ਨੇ ਬਹੁਤੀ ਖੁਲ੍ਹ ਨਾ ਦਿਓ ਪਰ ਕਿੱਥੇ ? ਅਖੇ ਤੂੰ ਐਵੇਂ ਸ਼ੱਕ ਕਰਦੀ ਏਂ।"


Academy of the Punjab in North America: http://www.apnaorg.com

ਤੇ ਬੱਸ ਇਵੇਂ ਦੀਆਂ ਸ਼ਿਕਾਇਤਾਂ ਈ ਕਰਦੀ ਰਹਿੰਦੀ, ਕਿਸਮਤ ਨੂੰ ਕੋਸਦੀ ਰਹਿੰਦੀ ਤੇ ਮੈਂ ਕਹਿ ਦਿੰਦੀ, "ਚੱਲ ਛੱਡ ਚਾਚੀ, ਤੂੰ ਫਲਾਣੇ ਕੋਲ ਕਿਉਂ ਨਹੀਂ ਚਲੀ ਜਾਂਦੀ, ਉਹ ਤਾਂ ਏਡੀ ਚੰਗੀ ਏ।"

"ਹਾਂ ਚੰਗੀ ਏ, ਚੰਗੀ ਤੇਰੇ ਲਈ ਹੋਊ, ਬਸ ਜਿਸ ਨਾਲ ਇਕ ਵਾਰ ਕੱਟੀ ਕਰ ਦਿੱਤੀ, ਮੈਂ ਫਿਰ ਦੁਬਾਰਾ ਉਸ ਨਾਲ ਕਦੇ ਨਹੀਂ ਬੋਲਦੀ, ਇਹ ਮੇਰਾ ਅਸੂਲ ਹੈ।"

ਉਸ ਦੇ ਸਾਹਮਣੇ ਤਾਂ ਮੈਂ ਇਹ ਸੁਣ ਕੇ ਚੁੱਪ ਕਰ ਜਾਂਦੀ ਪਰ ਉਸ ਦੇ ਆਜਿਹੇ ਅਸੂਲ ਨਾਲ ਮੈਂ ਸਹਿਮਤ ਨਹੀਂ ਸਾਂ। ਜ਼ਿੰਦਗੀ ਕੋਈ ਪੱਧਰਾ ਮੈਦਾਨ ਤਾਂ ਹੈ ਨਹੀਂ ਜਿਸ ਤੇ ਇਕੋ ਕਿਸਮ ਦਾ ਰੂਲ ਲਾਗੂ ਹੋ ਸਕੇ। ਕਿਸੇ ਵੀ ਇਨਸਾਨ ਪਾਸੋਂ ਕੋਈ ਗਲਤੀ ਹੋ ਸਕਦੀ ਹੈ। ਜੇ ਸਭ ਨੂੰ ਦੁਸ਼ਮਣ ਬਣਾ ਲਓ ਫਿਰ ਤਾਂ ਕੋਈ ਪਾਣੀ ਪੁੱਛਣ ਵਾਲਾ ਵੀ ਨਹੀਂ ਰਹਿ ਜਾਏਗਾ। ਤੇ ਇਹ ਮੈਥੋਂ ਨਾ ਹੋ ਸਕਿਆ ਕਿ ਉਸ ਨਾਲ ਬਿਲਕੁਲ ਹੀ ਬੋਲਚਾਲ ਦਾ ਦਰਵਾਜ਼ਾ ਬੰਦ ਕਰ ਦੇਵਾਂ ਵੈਸੇ ਜਦ ਵੀ ਉਹ ਆਉਂਦੀ ਮੈਨੂੰ ਫਿਕਰ ਪੈ ਜਾਂਦਾ ਕਿ ਉਹ ਬਹੁਤਾ ਚਿਰ ਨਾ ਰਹੇ।

ਤੇ ਐਤਕੀਂ ਉਹ ਪੂਰੇ ਦਸਾਂ ਸਾਲਾਂ ਬਾਅਦ ਕਨੇਡਾ ਤੋਂ ਆਈ ਸੀ ਤੇ ਐਤਕੀਂ ਮੇਰੇ ਪਾਸ ਹੀ ਰਹਿਣਾ ਸੀ। ਸ਼ਾਇਦ ਉਹ ਏਨਾ ਨਾ ਰਹਿੰਦੀ, ਉਸਨੂੰ ਮਜਬੂਰੀ ਵੱਸ ਰਹਿਣਾ ਪਿਆ। ਉਸਦਾ ਇਥੇ ਮਕਾਨ ਸੀ, ਜੋ ਕਿਰਾਏਦਾਰ ਖਾਲੀ ਨਹੀਂ ਸਨ ਕਰ ਰਹੇ ਤੇ ਉਹ ਇਸਨੂੰ ਵੇਚਣਾ ਚਾਹੁੰਦੀ ਸੀ। ਪਹਿਲੇ ਪਹਿਲ ਤਾਂ ਮੈਨੂੰ ਫਿਕਰ ਪੈ ਗਿਆ ਕਿ ਇਸ ਦਾ ਰਹਿਣਾ ਖਤਰੇ ਤੋਂ ਖਾਲੀ ਨਹੀਂ ਹੈ। ਥੋਹੜੇ ਬਹੁਤੇ ਜੋ ਤਅੱਲਕਾਤ ਹਨ ਉਹ ਵੀ ਖਤਮ ਹੋ ਜਾਣੇ ਨੇ। ਮੈਂ ਸੋਚਿਆ ਚਲੋ, ਹਫਤਾ ਦਸ ਦਿਨ ਤਾਂ ਔਖੇ ਸੌਖੇ ਕੱਢ ਲਵਾਂਗੇ ਪਰ ਮਹੀਨਾ ਲੰਘ ਗਿਆ, ਇਕ ਹੋਰ ਤੇ ਫਿਰ ਇਕ ਹੋਰ।

ਮੈਂ ਤਾਂ ਸਮਝਦੀ ਸਾਂ ਕਿ ਉਸ ਨੇ ਹੱਥੀਂ ਕਦੇ ਕੰਮ ਨਹੀਂ ਕੀਤਾ। ਪਰ ਉਹ ਮੇਰੇ ਨਾਲ ਛੇ ਵਜੇ ਉੱਠ ਖਲੋਂਦੀ। ਬੱਚੇ ਨੂੰ ਸਕੂਲ ਜਾਣ ਲਈ ਤਿਆਰ ਕਰਵਾਉਂਦੀ, ਕੱਪੜੇ ਪ੍ਰੈਸ ਕਰਾਉਂਦੀ, ਨਾਸ਼ਤਾ ਬਣਾਉਂਦੀ। ਫਿਰ ਬਾਅਦ 'ਚ ਆਪਣੇ ਕੱਪੜੇ ਧੋਣ ਰੱਖਣ, ਸਫਾਈ ਵਗੈਰਾ ਕਰਨ 'ਚ ਪੂਰੀ ਮੱਦਦ ਕਰਵਾਉਂਦੀ। ਫਿਰ ਬੱਚੇ ਦਾ ਹੋਮ ਵਰਕ ਕਰਵਾ ਦਿੰਦੀ। ਜਿੱਥੇ ਕਿਤੇ ਖਲਾਰਾ ਪਿਆ ਹੁੰਦਾ, ਗਾਲ੍ਹ ਮੰਦਾ ਬੋਲਣ ਬਿਨਾਂ ਸਾਂਭ ਸਜ ਦਿੰਦੀ। ਮੈਨੂੰ ਤਾਂ ਖੁਦ ਸ਼ਰਮ ਆਉਣ ਲੱਗ ਗਈ ਸੀ ਕਿ ਮੈਂ ਇਸ ਬਾਰੇ ਕੀ ਸੋਚਦੀ ਰਹੀ ਤੇ ਉਹ ਕੀ ਹੈ। ਉਹ ਕਈ ਵੇਰ ਮੈਨੂੰ ਇਕ ਮਾਂ ਦੀ ਤਰ੍ਹਾਂ ਸਮਝਾਉਂਦੀ ਤੇ ਪਿਆਰ ਕਰਦੀ। ਜਿਸ ਚੀਜ਼ ਦੀ ਵੀ ਲੋੜ ਹੁੰਦੀ, ਉਹ ਚੁੱਪ ਕਰ ਕੇ ਬਿਨਾਂ ਦੱਸਣ ਦੇ ਲੈ ਆਉਂਦੀ।

ਆਮ ਤੌਰ ਤੇ ਕਈ ਪ੍ਰਦੇਸਾਂ ਤੋਂ ਆਉਂਦੇ ਨੇ ਆਪਣੇ ਸੰਬੰਧੀਆਂ ਨੂੰ ਤੋਹਫੇ ਵਜੋਂ ਬੇਲੋੜੀਆਂ ਚੀਜ਼ਾਂ ਦਿੰਦੇ ਨੇ ਜਿਵੇਂ ਨੇਲ ਪਾਲਸ਼, ਲਿਪਸਟਿਕ ਜਾਂ ਕੋਈ ਢਿੱਲੀ ਕਮੀਜ਼ ਆਦਿ ਜਿਨ੍ਹਾਂ ਨੂੰ ਨਾ ਤਾਂ ਲੈਣ ਤੇ ਹੀ ਦਿਲ ਕਰਦਾ ਹੈ ਤੇ ਨਾ ਨਾਂਹ ਕਰਨ ਤੇ। ਪਰ ਚਾਚੀ ਆਈ ਹੈ ਤਾਂ ਉਸ ਸਿਰਫ ਜ਼ਰੂਰਤ ਦੇਖੀ ਹੈ, ਉਹ ਲੈ ਕੇ ਆਈ ਹੈ, ਦੁੱਧ ਨਾ ਉਬਲੇ ਉਸ ਲਈ ਕੱਚ ਦਾ ਛੋਟਾ ਜਿਹਾ ਪੀਸ, ਤੋਪਾ ਉਧੇੜਨ ਲਈ ਸੂਈਆਂ ਸਪੈਸ਼ਲ ਕਿਸਮ ਦੀਆਂ, ਧਾਗਾ ਪਾਉਣ ਲਈ ਤਾਰ, ਸਫਾਈ ਕਰਨ ਲਈ ਵੈਕਿਊਮ ਕਲੀਨਰ ਆਦਿ।


Academy of the Punjab in North America http://www.apnaorg.com

ਸ਼ਾਇਦ ਉਹ ਆਪਣੇ ਪਤੀ ਤੋਂ ਨਾਖੁਸ਼ ਸੀ । ਸੁਣਿਆ ਸੀ ਕਿ ਉਸਦੇ ਪਤੀ ਦਾ ਦੋ ਲੜਕੀਆਂ ਨਾਲ ਇਸ਼ਕ ਸੀ ਤੇ ਇਸੇ ਲਈ ਉਸਦੇ ਸੁਭਾਅ 'ਚ ਖਿਝਖਿਝਾਹਟ ਸੀ ਤੇ ਸ਼ਾਇਦ ਸਮੇਂ ਦੇ ਬੀਤਣ ਨਾਲ ਹੀ ਉਹਨਾਂ ਦੋਹਾਂ ਨੂੰ ਸੋਝੀ ਆ ਗਈ ਹੋਵੇ ।

ਖ਼ੈਰ ਜੋ ਵੀ ਹੈ ਕਲ੍ਹ ਤੱਕ ਇਹ ਡੈਣ ਜਾਂ ਨੀਮ ਪਾਗਲ ਲਗ ਰਹੀ ਸੀ ਅੱਜ ਕੋਈ ਮਸੀਹਾ ਲਗ ਰਹੀ ਹੈ । ਇਕ ਸੁਲਝੀ ਹੋਈ ਸਿਆਣੀ ਤੇ ਸੁਹਿਰਦ ਦਿਲ ਦੀ ਮਾਲਕ ਹੈ ਉਹੀ ਤੇ ਉਸ ਦੇ ਜਾਣ 'ਚ ਇਕ ਦਿਨ ਬਾਕੀ ਹੈ ਤੇ ਮੇਰੀਆਂ ਅੱਖਾਂ 'ਚ ਅੱਥਰੂ ਹਨ, ਦਿਲ ਕਰਦਾ ਹੈ ਕਿ ਉਹ ਨਾ ਹੀ ਜਾਏ ।

*****


Academy of the Punjab in North America: http://www.apnaorg.com

# ਲਗਨ

ਉਹ ਗਾ ਰਹੀ ਸੀ ਗੁਰਦੁਆਰੇ ਦੀ ਭਾਰੀ ਸੰਗਤ ਦੀ ਹਾਜ਼ਰੀ 'ਚ । ਗੁਰਦੁਆਰੇ ਦਾ ਹਾਲ ਖਚਾਖਚ ਭਰਿਆ ਸੀ । ਕੋਈ ਆਉਂਦਾ, ਕੋਈ ਜਾਂਦਾ । ਪਰ ਜਦ ਉਹ ਗਾਉਂਦੀ ਤਾਂ ਜਾਂਦਾ ਕੋਈ ਘਟ ਹੀ, ਆਉਂਦੇ ਹੀ ਆਉਂਦੇ । ਉਸਦੀ ਅਵਾਜ਼ ਵੀ ਤਾਂ ਮੱਧਮ, ਸੁਰੀਲੀ ਤੇ ਲੈਅ ਭਰੀ ਹੁੰਦੀ ਤੇ ਫਿਰ ਜਦ ਗੁਰਬਾਣੀ ਦੇ ਸ਼ਬਦ 'ਚ ਭਿੱਜ ਕੇ ਗਾਉਂਦੀ ਤਾਂ ਹੋਰ ਵੀ ਰਸ ਬੱਝ ਜਾਂਦਾ । ਦਿਲ ਝੂਮਣ ਲੱਗਦਾ ਨੱਚ ਉੱਠਣ ਤੇ ਦਿਲ ਕਰਦਾ । ਪਰ ਕਿਉਂਕਿ ਗੁਰਦੁਆਰਿਆਂ 'ਚ ਸ਼ਬਦ ਨਾਲ ਨੱਚਣ ਦੀ ਮਨਾਹੀ ਹੈ, ਸੋ ਬੈਠੇ ਬੈਠੇ ਹੀ ਮਸਤ ਹੋਈ ਜਾਈਦਾ । ਪਲ ਭਰ ਲਈ ਸਭ ਨੂੰ ਆਪਣੇ ਕੰਮ ਭੁਲ ਜਾਂਦੇ । ਸ਼ਾਂਤ ਵਾਤਾਵਰਣ 'ਚ ਸਿਰਫ ਉਸਦੀ ਹੀ ਰਸ-ਭਿੰਨੀ ਅਵਾਜ਼ ਗੂੰਜਦੀ ਰਹਿੰਦੀ ।

ਬਾਹਰ ਆਉਣ 'ਤੇ ਉਹੀ ਰੌਲਾ ਬੱਸਾਂ ਸਕੂਟਰਾਂ ਦਾ, ਸਬਜੀਆਂ, ਫਲਾਂ ਰੇੜ੍ਹੀਆਂ ਦੇ ਉੱਚੀ ਉੱਚੀ ਹੋਕੇ ਉਹ ਹਫਤੇ 'ਚ ਇਕ ਵਾਰੀ ਹੀ ਗੁਰਦੁਆਰੇ ਆਉਂਦੀ ਐਤਵਾਰ ਨੂੰ ਤੇ ਸੰਗੀਤ ਪ੍ਰੇਮੀ ਉਸ ਐਤਵਾਰ ਨੂੰ ਉਡੀਕਦੇ ਰਹਿੰਦੇ । ਅਜੀਬ ਹੈ, ਪਹਿਲੇ ਤਾਂ ਇਸਦਾ ਨਾਮ ਕਦੇ ਨਹੀਂ ਸੀ ਸੁਣਿਆ । ਕਦੇ ਕਿਤੇ ਗਾਉਂਦੀ ਨੂੰ ਨਹੀਂ ਸੀ ਦੇਖਿਆ, ਨਾ ਕਿਤੇ ਵਿਆਹਾਂ 'ਚ ਨਾ ਕਿਤੇ ਹੋਰ ਇਕੱਠਾਂ 'ਚ ਜਾਂ ਕਿਤੇ ਘਰ ਹੀ । ਇਹ ਤਾਂ ਜਿਵੇਂ ਕੋਈ ਛੁਪਿਆ ਰੁਸਤਮ ਹੁੰਦਾ ਹੈ, ਜਿਵੇਂ ਕੈਕਟਸ 'ਚੋਂ ਫੁੱਲ ਉੱਗ ਆਇਆ ਹੋਵੇ, ਜਾਂ ਬੰਜਰ ਧਰਤੀ 'ਚ ਹਰਿਆਵਲ ਛਾ ਗਈ ਹੋਵੇ ।

ਉਹ ਬੜੀ ਸਾਊ ਸ਼ਰਮੀਲੀ ਤੇ ਸੰਕੋਚ ਕੇ ਬੋਲਣ ਵਾਲੀ ਸੀ । ਬਹੁਤੀ ਲੰਬੀ ਗੱਲ ਉਹ ਨਹੀਂ ਸੀ ਕਰ ਸਕਦੀ । ਪਰ ਉਹ ਜਦ ਬੋਲਦੀ ਹੁੰਦੀ ਸੀ, ਤਾਂ ਉਸਦੀ ਅਵਾਜ਼ ਬੜੀ ਮਿੱਠੀ ਜਿਹੀ ਹੁੰਦੀ ਸੀ । ਮੇਰੀ ਉਸ ਨਾਲ ਥੋਹੜੀ ਬਹੁਤੀ ਜਾਣ ਪਛਾਣ ਤਾਂ ਹੈ ਸੀ । ਮੈਂ ਉਸ ਦੇ ਘਰ ਚਲੀ ਗਈ । ਉਸਦਾ ਸਾਫ ਸੱਜਿਆ ਘਰ ਦੇਖ ਕੇ ਬੜੀ ਪ੍ਰਭਾਵਤ ਹੋਈ । ਫਿਰ ਮੈਂ ਉਸ ਦੇ ਇਕ ਮੇਜ਼ 'ਤੇ ਰੀਡਰ ਡਾਈਜੈਸਟ ਤੇ ਸਪੈਨ ਦੇ ਅਮਰੀਕਨ ਮੈਗਜੀਨ ਪਏ ਦੇਖੇ ਤਾਂ ਮੈਂ ਹੈਰਾਨ ਹੋ ਕੇ ਪੁੱਛਿਆ, "ਕਿ ਇਹ ਕੌਣ ਪੜ੍ਹਦਾ ਹੈ ?" ਮੇਰੇ ਖਿਆਲ 'ਚ ਸੀ ਕਿ ਇਕ ਧਾਰਮਿਕ ਤੇ ਗੁਰਦੁਆਰਿਆਂ 'ਚ ਜਾਣ ਵਾਲੇ ਇਨਸਾਨ ਦੇ ਘਰ ਆਮ ਤੌਰ ਤੇ ਗੁਟਕੇ, ਧਾਰਮਿਕ ਪੋਥੀਆਂ ਜਾਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਹੀ ਹੁੰਦੀਆਂ ਹਨ । ਪਰ ਉਸ ਜਵਾਬ ਦਿੱਤਾ, "ਹੋਰ ਘਰ 'ਚ ਕੌਣ ਹੈ ? ਮੈਂ ਇਕੱਲੀ ਹੀ ਤਾਂ ਰਹਿੰਦੀ ਹਾਂ । ਜ਼ਾਹਿਰ ਹੈ ਕਿ ਮੈਂ ਹੀ ਪੜ੍ਹਦੀ ਹੋਵਾਂਗੀ ।"

"ਤੁਸੀਂ ?" ਮੈਂ ਹੈਰਾਨ ਹੋ ਕੇ ਪੁੱਛਿਆ ।

"ਹਾਂ, ਇਹੀ ਤਾਂ ਮੈਂ ਪੜ੍ਹਦੀ ਹਾਂ, ਹੋਰ ਬਹੁਤਾ ਕੁਝ ਤਾਂ ਪੜ੍ਹਿਆ ਨਹੀਂ ਜਾਂਦਾ । ਵੈਸੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਵੀ ਹੈ, ਸਵੇਰੇ ਸ਼ਾਮ ਉਸ ਤੋਂ ਪਾਠ ਕਰਦੀ


Academy of the Punjab in North America: http://www.apnaorg.com

ਹਾਂ।"

"ਹੈਨ ਦੋਨੋਂ ਹੀ ਖੇਤਰ ਬੜੇ ਔਖੇ। ਕੀ ਤੁਹਾਨੂੰ ਇੰਗਲਿਸ਼ ਦੀ ਪੂਰੀ ਸਮਝ ਆ ਜਾਂਦੀ ਹੈ ?"

ਉਹ ਥੋਹੜਾ ਕੁ ਹੱਸ ਕੇ ਬੋਲੇ, "ਲਓ ਇੰਗਲਿਸ਼ ਤਾਂ ਮੇਰਾ ਘਰ ਦਾ ਸਬਜੈਕਟ ਹੈ। ਮੇਰੀ ਸਿਕਸ਼ਾ ਸਾਰੀ ਕਾਨਵੈਂਟ ਸਕੂਲ ਦੀ ਹੀ ਤਾਂ ਹੈ। ਮੈਂ ਇਥੇ ਪਹਿਲੇ ਸੇਕਰਟ ਹਾਰਟ ਸਕੂਲ 'ਚ ਪੜ੍ਹਦੀ ਰਹੀ ਸਾਂ ਤੇ ਫਿਰ ਮੈਂ ਬਾਹਰ ਕੈਨੇਡਾ ਚਲੀ ਗਈ। ਉਥੇ ਮੈਂ ਕੁਝ ਚਿਰ ਪੜ੍ਹਾਇਆ ਤੇ ਫਿਰ ਇਥੇ ਆ ਕੇ ਮਸੂਰੀ ਇੰਗਲਿਸ਼ ਸਕੂਲ 'ਚ ਹੀ ਪੜ੍ਹਾਉਂਦੀ ਰਹੀ ਸਾਂ।"

ਮੈਂ ਤਾਂ ਸਮਝਦੀ ਸਾਂ ਕਿ ਇਸ ਨੇ ਕੁਝ ਦੱਸਣਾ ਨਹੀਂ ਹੈ ਪਰ ਅੱਜ ਮੂਡ 'ਚ ਸੀ ਤੇ ਆਪਣੀ ਜ਼ਿੰਦਗੀ ਦੇ ਪੇਚ ਖੋਹਲਣ ਲੱਗੀ।

"ਮਸੂਰੀ ਤੁਸੀਂ ਕਿੰਨਾ ਕੁ ਚਿਰ ਪੜ੍ਹਾਇਆ ?"

"ਇਥੇ ਬੱਸ ਮੈਂ ਚਾਰ ਕੁ ਸਾਲ ਹੀ ਪੜ੍ਹਾਇਆ। ਉਦੋਂ ਬੱਚੇ ਵੀ ਉਥੇ ਪੜ੍ਹਦੇ ਸਨ। ਫਿਰ ਬੱਚਿਆਂ ਦੀ ਕੌਲਿਜ ਦੀ ਪੜ੍ਹਾਈ ਲਈ ਅੰਮ੍ਰਿਤਸਰ ਆ ਗਏ ਤੇ ਫਿਰ ਓਦੋਂ ਦੇ ਇੱਥੇ ਹੀ ਹਾਂ।"

"ਕੀ ਅੰਮ੍ਰਿਤਸਰ ਵੀ ਪੜ੍ਹਾਇਆ ?"

"ਨਹੀਂ, ਫਿਰ ਕੀ ਪੜ੍ਹਾਉਣਾ........।"

ਤੇ ਥੋਹੜੀ ਦੇਰ ਗੰਭੀਰ ਜਿਹੀ ਹੋ ਗਈ।

"ਹਾਂ, ਹਾਂ ਪੜ੍ਹਾਉਣਾ ਕਿਉਂ ਛੱਡ ਦਿੱਤਾ ?"

"ਮੇਰੇ ਹਜ਼ਬੈਂਡ ਦੀ ਡੈੱਥ ਹੋ ਗਈ।"

"ਓਹੋ, ਇਹ ਤਾਂ ਬਹੁਤ ਹੀ ਮਾੜੀ ਗਲ ਹੋ ਗਈ ?"

ਇਹ ਭਾਣਾ ਕਿਵੇਂ ਵਾਪਰ ਗਿਆ ? ਤੇ ਕੁਝ ਦੇਰ ਦੋਨੋਂ ਤਰਫ ਹੀ ਚੁੱਪ ਛਾਈ ਰਹੀ।

"ਪਰ ਹੁਣ ਤਾਂ ਸਗੋਂ ਲੋੜ ਸੀ ਨੌਕਰੀ ਦੀ। ਇਕ ਰੁਝੇਵੇਂ ਲਈ ਤਾਂ ਦੂਸਰੇ ਪੈਸਿਆਂ ਦੀ ਖਾਤਰ।"

"ਬੱਸ ਦਿਲ ਹੀ ਨਹੀਂ ਕੀਤਾ ਪੜ੍ਹਾਉਣ ਤੇ"

"ਤੁਹਾਡਾ ਫਿਰ ਖਰਚਾ ਕਿਵੇਂ ਚਲਦਾ ਹੈ ?"

"ਚਲੋ ਫਿਰ ਚਾਹ ਪੀਂਦੇ ਹਾਂ।" ਉਸ ਉਠਦਿਆਂ ਹੋਇਆਂ ਕਿਹਾ।

ਮੈਨੂੰ ਲੱਗਾ ਕਿ ਜਿਵੇਂ ਮੈਨੂੰ ਟਾਲ ਰਹੀ ਹੋਵੇ। ਚੰਦ ਕੁ ਮਿੰਟਾਂ ਬਾਅਦ ਹੀ ਉਹ ਦੋ ਕੱਪ ਚਾਹ ਦੇ ਬਣਾ ਲਿਆਈ ਤੇ ਬੈਠਦਿਆਂ ਆਪ ਹੀ ਗਲ ਸ਼ੁਰੂ ਕੀਤੀ, "ਸਾਡੀ ਜੀ ਆਪਣੀ ਜ਼ਮੀਨ ਵੀ ਹੈ ਪਿੰਡ, ਠੇਕੇ ਤੇ ਵਾਹੁਣੀ ਦਿੱਤੀ ਹੋਈ ਹੈ। ਫਸਲ ਨਿਕਲਣ ਤੇ ਉਹ ਪੈਸੇ ਦੇ ਜਾਂਦੇ ਨੇ। ਨਾਲੇ ਮੇਰਾ ਇਕੱਲੀ ਦਾ ਖਰਚਾ ਕਿੰਨਾ ਕੁ ਹੈ। ਰੋਟੀ ਪਾਣੀ ਦਾ ਤੁਰੀ ਜਾਂਦਾ ਹੈ।"

"ਤੇ ਤੁਹਾਡੇ ਬੱਚੇ......ਕਿੱਥੇ ਨੇ ?"

"ਮੇਰੇ ਦੋ ਬੱਚੇ ਨੇ ਇਕ ਲੜਕਾ ਤੇ ਇਕ ਲੜਕੀ। ਵਿਆਹੇ ਨੇ ਦੋਵੇਂ। ਲੜਕੀ ਦਾ ਵਿਆਹ ਤਾਂ ਮੇਰੇ ਹਜ਼ਬੈਂਡ ਦੀ ਡੈੱਥ ਤੋਂ ਪਹਿਲੇ ਹੋ ਚੁੱਕਾ ਸੀ ਤੇ ਲੜਕੇ ਦਾ ਫਿਰ



Academy of the Punjab in North America: http://www.apnaorg.com

ਬਾਅਦ 'ਚ ਕੀਤਾ। ਲੜਕੀ ਤਾਂ ਵਿਦੇਸ਼ ਚਲੀ ਗਈ ਹੈ ਕੈਨੇਡਾ ਤੇ ਲੜਕੇ ਦੀ ਸਰਵਿਸ ਬੰਗਲੌਰ ਹੋਣ ਕਾਰਨ ਉਹ ਉਥੇ ਸੈੱਟ ਹੀ ਹੋ ਗਿਆ ਹੈ।"

"ਤੇ ਤੁਸੀਂ ਗਏ ਕਦੇ ਆਪਣੇ ਲੜਕੇ ਪਾਸ ਜਾਂ ਲੜਕੀ ਪਾਸ ?"

"ਹਾਂ, ਕਦੇ ਕਦਾਈਂ ਚਲੇ ਜਾਈਦਾ ਹੈ, ਪਰ ਮੇਰਾ ਉਥੇ ਦਿਲ ਨਹੀਂ ਲੱਗਦਾ। ਵੈਸੇ ਵੀ ਉਹਨਾਂ ਦੀ ਜ਼ਿੰਦਗੀ 'ਚ ਮੈਂ ਆਪਣੇ ਜੀਵਨ ਵਿਚ ਕਿਸੇ ਕਿਸਮ ਦੀ ਦਖ਼ਲਅੰਦਾਜ਼ੀ ਨਹੀਂ ਚਾਹੁੰਦੀ। ਉਹਨਾਂ ਦੀ ਆਪਣੀ ਜ਼ਿੰਦਗੀ ਹੈ, ਮੇਰੀ ਆਪਣੀ, ਮੈਂ ਇਥੇ ਖੁਸ਼ ਹਾਂ।"

"ਫਿਰ ਤੁਸੀਂ ਸਗੋਂ ਇਥੇ ਇੰਗਲਿਸ਼ ਪੜ੍ਹਾਓ ਤੁਹਾਡੇ ਜੈਸੇ ਅੰਗਰੇਜ਼ੀ ਅਧਿਆਪਕਾਂ ਦੀ ਅੱਜ ਦੇ ਸਕੂਲਾਂ 'ਚ ਖਾਸ ਲੋੜ ਹੈ। ਕਿਉਂਕਿ ਸਕੂਲਾਂ 'ਚ ਅੱਛੀ ਇੰਗਲਿਸ਼ ਵਾਲੇ ਅਧਿਆਪਕ ਤਾਂ ਲੱਭਦੇ ਨਹੀਂ ਹਨ। ਜੋ ਪੜ੍ਹਾਉਂਦੇ ਹਨ ਉਹ ਪੰਜਾਬੀ ਵਾਂਗ ਹੀ ਪੜ੍ਹਾ ਦਿੰਦੇ ਹਨ। ਇੰਗਲਿਸ਼ ਬੋਲਣਾ ਤਾਂ ਸਿਖਾਉਂਦੇ ਹੀ ਨਹੀਂ ਹਨ।"

"ਬੱਸ ਛੱਡ ਦਿੱਤਾ ਇਕ ਵਾਰੀ ਕਿਹੜਾ ਸਿਰ ਖਪਾਈ ਕਰਦਾ ਰਹੇ। ਕੁਝ ਮੇਰੀ ਸਿਹਤ ਵੀ ਠੀਕ ਨਹੀਂ ਰਹਿੰਦੀ। ਇਕ ਵਾਰ ਨਿਮੋਨੀਆ ਹੋ ਗਿਆ ਸੀ, ਉਹ ਤਾਂ ਠੀਕ ਹੋ ਗਿਆ ਪਰ ਅਜੇ ਵੀ ਕਦੇ ਕਦੇ ਸਾਹ ਦੀ ਤਕਲੀਫ ਹੋ ਜਾਂਦੀ ਹੈ। ਬੱਸ ਆਹ ਗੋਲੀਆਂ ਖਾਂਦੀ ਰਹਿੰਦੀ ਹਾਂ, ਤਾਂ ਠੀਕ ਰਹਿੰਦੀ ਹਾਂ।" ਤੇ ਉਸ ਇਕ ਨਿੱਕੀ ਜਿਹੀ ਸ਼ੀਸ਼ੀ 'ਚੋਂ ਗੋਲੀਆਂ ਕੱਢ ਕੇ ਫੱਕਾ ਮਾਰ ਲਿਆ।

"ਤੇ ਇਧਰ ਸੰਗੀਤ ਦੇ ਖੇਤਰ 'ਚ ਕਦੋਂ ਤੋਂ ਆਏ ਹੋ ? ਕੀ ਤੁਹਾਨੂੰ ਸ਼ੁਰੂ ਤੋਂ ਹੀ ਗਾਉਣ ਦਾ ਸ਼ੌਕ ਸੀ।"

"ਨਾ, ਮੈਂ ਤਾਂ ਕਦੇ ਵੀ ਕੁਝ ਗਾਇਆ ਨਹੀਂ ਸੀ।" ਉਹ ਮੁਸਕਰਾ ਕੇ ਬੋਲੀ।

"ਤਾਂ ਫਿਰ ਹੁਣ ਇਕਦਮ.....ਇਹ ਕਿਵੇਂ....?"

"ਕੁਦਰਤ ਨੇ ਇਕ ਹੋਰ ਸੱਟ ਮਾਰੀ ਕਿ ਮੇਰੇ ਜਵਾਈ ਦੀ ਵੀ ਇਕ ਐਕਸੀਡੈਂਟ 'ਚ ਡੈੱਥ ਹੋ ਗਈ ਤੇ ਮੇਰੀ ਧੀ ਵੀ ਇਕੱਲੀ ਹੋ ਗਈ। ਮੈਂ ਉਸ ਪਾਸ ਰਹੀ ਸਾਂ ਦੋ ਮਹੀਨੇ। ਪਰ ਉਹ ਇੱਧਰ ਆਉਣ ਲਈ ਨਹੀਂ ਮੰਨੀ। ਉਸਦੀ ਉਥੇ ਸਰਵਿਸ ਹੈ, ਬੱਚੇ ਵੀ ਉੱਥੇ ਪੜ੍ਹ ਰਹੇ ਹਨ, ਜਵਾਨ ਹੋ ਰਹੇ ਹਨ। ਉਥੋਂ ਆ ਕੇ ਮੇਰਾ ਮਨ ਵੀ ਬਹੁਤ ਦੁਖੀ ਹੋਇਆ। ਮੈਂ ਉਦਾਸ ਰਹਿਣ ਲਗ ਗਈ। ਨਾ ਕਿਸੇ ਨਾਲ ਗੱਲਾਂ ਕਰਾਂ, ਨਾ ਆਵਾਂ ਜਾਵਾਂ। ਪਈ ਰਿਹਾ ਕਰਾਂ ਤੇ ਜਾਂ ਉੱਠ ਕੇ ਸਫਾਈ ਕਰ ਲਵਾਂ, ਕੁਝ ਖਾ ਪੀ ਲਵਾਂ। ਮੇਰਾ ਦਿਲ ਨਾ ਲੱਗਿਆ। ਲੱਗੇ ਕਿ ਜੀਊਣਾ ਵਿਅਰਥ ਹੈ। ਫਿਰ ਮੈਂ ਆਪਣੇ ਮਨ ਨੂੰ ਪਰਚਾਉਣ ਲਈ ਦਰਬਾਰ ਸਾਹਿਬ ਚਲੀ ਜਾਂਦੀ। ਉਥੇ ਸੇਵਾ ਕਰਦੀ, ਕੀਰਤਨ ਸੁਣਦੀ ਰਹਿੰਦੀ। ਕੀਰਤਨ ਸੁਣਨਾ ਮੈਨੂੰ ਬਹੁਤ ਹੀ ਅੱਛਾ ਲੱਗਦਾ। ਸ਼ਾਂਤ ਸਵੱਛ ਵਾਤਾਵਰਣ 'ਚ ਰੱਬ ਦੀ ਬੰਦਨਾ ਹੁੰਦੀ ਰਹਿੰਦੀ। ਸੁੱਖ ਦੁੱਖ ਤਾਂ ਜ਼ਿੰਦਗੀ ਦਾ ਹਿੱਸਾ ਹੈਨ। ਮੌਤ ਤਾਂ ਸਭ 'ਤੇ ਆ ਹੀ ਜਾਣੀ ਹੈ। ਫਿਰ ਜਿੰਨੀ ਕੁ ਜ਼ਿੰਦਗੀ ਹੈ, ਅਜਾਈਂ ਕਿਉਂ ਗਵਾਈਏ। ਪਰ ਮੈਂ ਕਰਾਂ ਕੀ ?

ਫਿਰ ਜਦ ਗੁਰਪੁਰਬਾਂ ਤੇ ਛੋਟੇ ਛੋਟੇ ਬੱਚੇ ਸ਼ਬਦ ਪੜ੍ਹਦੇ, ਜਨਾਨੀਆਂ ਸ਼ਬਦ ਪੜ੍ਹਦੀਆਂ, ਉਹਨਾਂ ਵਲ ਦੇਖ ਕੇ ਮੈਂ ਵੀ ਘਰ ਆ ਕੇ ਗੁਣ ਗੁਣਾਉਂਦੀ ਤਾਂ ਮੇਰਾ ਵੀ ਦਿਲ ਕਰਦਾ ਕਿ ਮੈਂ ਵੀ ਵਾਜੇ ਨਾਲ ਸ਼ਬਦ ਪੜ੍ਹਾਂ। ਜਨਾਨੀਆਂ ਨੂੰ ਪੁੱਛਦੀ ਕਿ ਉਹਨਾਂ ਵਾਜਾ ਕਿੱਥੋਂ ਸਿੱਖਿਆ ਹੈ। ਮੈਂ ਵੀ ਸਿੱਖਣਾ ਚਾਹੁੰਦੀ ਹਾਂ। ਤੇ ਮੈਂ ਵੀ ਉਹਨਾਂ ਪਾਸ ਸਿੱਖਣ



Academy of the Punjab in North America: http://www.apnaorg.com

ਲਈ ਚਲੀ ਗਈ ਪਰ ਮਨ ਨੂੰ ਬਹੁਤੀ ਤਸੱਲੀ ਨਾ ਹੋਈ। ਫਿਰ ਮੇਰੇ ਜਾਣੂ ਇਕ ਭਾਈ ਸਾਹਿਬ ਸਨ, ਉਹਨਾਂ ਨੂੰ ਕਿਹਾ ਕਿ ਤੁਹਾਡਾ ਕੋਈ ਵਾਕਿਫ ਅੱਛਾ ਗੁਰਬਾਣੀ ਸੰਗੀਤ ਟੀਚਰ ਹੈ ? ਤਾਂ ਉਹਨਾਂ ਦੱਸਿਆ ਕਿ, ਇਕ ਰਾਗੀ ਤਾਂ ਹੈ ਮੇਰਾ ਜਾਣੂ, ਉਹ ਸਿਖਾਉਣ ਦੀ ਵੀ ਸੇਵਾ ਕਰਦਾ ਹੈ, ਮੇਰਾ ਚੰਗਾ ਦੋਸਤ ਹੈ। ਫਿਰ ਉਹ ਮੈਨੂੰ ਉਹਨਾਂ ਪਾਸ ਲੈ ਗਏ ਤੇ ਕਿਹਾ ਕਿ, ਇਹ ਮੇਰੇ ਭੈਣ ਜੀ ਹੀ ਹਨ, ਕੀਰਤਨ ਸਿੱਖਣਾ ਚਾਹੁੰਦੇ ਹਨ।

ਉਹਨਾਂ ਕਿਹਾ, "ਮੇਰੇ ਪਾਸ ਇਸ ਵੇਲੇ ਕੋਈ ਔਰਤ ਇਸ ਤਰ੍ਹਾਂ ਸਿਖਣ ਵਾਲੀ ਨਹੀਂ ਹੈ" ਤੇ ਉਹਨਾਂ ਨਾਂਹ ਕਰ ਦਿੱਤੀ। ਪਰ ਮੇਰੀ ਜਿੱਦ ਤੇ ਉਤਾਵਲਾਪਨ ਦੇਖ ਕੇ ਉਹ ਸਿਖਾਉਣ ਲਈ ਰਾਜ਼ੀ ਹੋ ਗਏ।

ਉਹਨਾਂ ਪਾਸ ਹਰ ਉਮਰ ਦੇ ਬੱਚੇ ਬੁੱਢੇ ਜਾਵਨ ਮੇਲ ਮੈਂਬਰ ਹੀ ਆਉਂਦੇ ਸਨ ਤੇ ਮੈਂ ਉਹਨਾਂ ਵਿਚ ਇਕੱਲੀ ਹੀ ਇਸ ਤਰ੍ਹਾਂ ਸਾਂ। ਮੈਨੂੰ ਸ਼ਰਮ ਵੀ ਆਉਂਦੀ। ਪਹਿਲੇ ਪਹਿਲ ਮੇਰੀ ਅਵਾਜ਼ ਵੀ ਨਾ ਨਿਕਲਿਆ ਕਰੇ। ਹਰਮੋਨੀਅਮ ਦੀਆਂ ਸੁਰਾਂ ਨਾਲ ਅਵਾਜ਼ ਨਾ ਰਲਿਆ ਕਰੇ। ਕਿਤੇ ਘਟ ਸਮੇਂ ਲਈ ਨੱਪ ਦੇਵਾਂ ਤੇ ਕਿਤੇ ਜਿਆਦਾ ਸਮੇਂ ਲਈ ਨੱਪੀ ਰੱਖਾਂ, ਨਾ ਤਾਲ ਵੱਲ ਧਿਆਨ ਦੇਵਾਂ ਨਾ ਬੀਟ ਵੱਲ। ਉਹ ਕਹਿਣ, "ਕਿ ਇਹ ਤੇਰੇ ਵੱਸ ਦਾ ਰੋਗ ਨਹੀਂ ਹੈ, ਤੁਸੀਂ ਕਿਵੇਂ ਕਰੋਗੇ, ਇਸ ਉਮਰ 'ਚ ਸਿੱਖਣਾ ਮੁਸ਼ਕਲ ਹੀ ਹੈ। ਇਹ ਤਾਂ ਬਚਪਨ ਜਾਂ ਜਵਾਨੀ ਤੋਂ ਹੀ ਸ਼ੁਰੂ ਕੀਤਾ ਜਾਵੇ ਤਾਂ ਚੰਗਾ ਹੈ, ਜਲਦੀ ਸਮਝ ਪੈ ਜਾਂਦੀ ਹੈ।" ਲੇਕਿਨ ਉਹ ਜਿੰਨ੍ਹਾ ਮਨ੍ਹਾਂ ਕਰਦੇ ਮੈਂ ਉਨ੍ਹਾਂ ਹੀ ਹੋਰ ਪ੍ਰੇਰਿਤ ਹੁੰਦੀ। ਮੈਂ ਕਿਉਂ ਨਹੀਂ ਸਿਖ ਸਕਦੀ, ਮੇਰੀ ਅਵਾਜ਼ ਕਿਉਂ ਨਹੀਂ ਨਿਕਲਦੀ। ਘਰ ਆ ਕੇ ਮੈਂ ਗਲੇ ਦੀਆਂ ਗੋਲੀਆਂ ਖਾਂਦੀ, ਗਰਾਰੇ ਕਰਦੀ ਰਹਿੰਦੀ। ਸਾ..ਰੇ..ਗਾ.. ਬੋਲਦੀ ਰਹਿੰਦੀ। ਜੇ ਅਵਾਜ਼ ਨਾ ਨਿਕਲਦੀ ਤਾਂ ਨਿਰਾਸ਼ਾ ਆਣ ਘੇਰਦੀ, ਪਰ ਕਹਿੰਦੇ ਨੇ ਚਾਹ ਹੋਵੇ ਤਾਂ ਰਾਹ ਨਿਕਲ ਹੀ ਆਉਂਦਾ ਹੈ। ਮਨ ਨੂੰ ਤਕੜਿਆਂ ਕਰਦੀ।

ਫਿਰ ਮੈਂ ਕਈ ਦਿਨ ਜਾਂਦੀ ਹੀ ਨਾ ਸਿੱਖਣ ਲਈ, ਘਰ ਹੀ ਰੇਡੀਓ ਜਾਂ ਟੇਪ ਰਿਕਾਰਡਰ 'ਚ ਕੋਈ ਕੈਸੇਟ ਲਗਾ ਕੇ ਨਾਲ ਨਾਲ ਬੋਲਦੀ ਰਹਿੰਦੀ। ਉਹ ਸਮਝੇ ਕਿ ਬੱਸ ਛੱਡ ਗਈ ਹੈ ਸੰਗੀਤ। ਪਰ ਫਿਰ ਜਦ ਮੈਂ ਚਾਰ ਕੁ ਦਿਨਾਂ ਬਾਅਦ ਜਾਂਦੀ, ਹੌਲੀ ਹੌਲੀ ਬੋਲਦੀ। ਲਾਗੇ ਹੋਰ ਸਿੱਖਣ ਵਾਲੇ ਮੁਸਕੜੀਆਂ 'ਚ ਹੱਸਦੇ ਰਹਿੰਦੇ, ਮਖੌਲ ਕਰਦੇ ਰਹਿੰਦੇ। ਮੇਰਾ ਮਨ ਢੱਠਦਾ। ਮੈਂ ਰੋਣ ਵੀ ਲੱਗ ਜਾਂਦੀ, ਚਲੋ ਛੱਡੋ ਇਹ ਕੀ ਯਭ ਸਹੇੜ ਲਿਆ ਹੈ। ਹੋਰ ਕੋਈ ਕੰਮ ਕਰ ਲੈਂਦੀ ਹਾਂ, ਕੋਈ ਸਿਊਣ ਦਾ ਉਣਨ ਦਾ, ਪਰ ਉਸ ਲਈ ਮੇਰੀ ਨਜ਼ਰ ਵੀ ਤਾਂ ਘੱਟ ਗਈ ਹੈ, ਧੌਣ ਵੱਖਰੀ ਦੁਖਣ ਲਗ ਜਾਂਦੀ ਹੈ...ਨਹੀਂ...ਮੈਂ ਇਹੀ ਸਿੱਖਣਾ ਹੈ। ਪਤਾ ਨਹੀਂ ਮੇਰੇ ਤੇ ਇਕ ਪਾਗਲਪਣ ਜਿਹਾ ਸਵਾਰ ਸੀ। ਇਕ ਯੁੱਧ ਜਿਹਾ ਛਿੜਿਆ ਹੋਇਆ ਸੀ, ਮੇਰੇ ਮਨ 'ਚ। ਮਖੌਲ ਕਰਨ ਵਾਲਿਆਂ ਨੂੰ ਮੈਂ ਮਜਾ ਵੀ ਸਿਖਾਉਣਾ ਚਾਹੁੰਦੀ ਸਾਂ। ਪਰ ਇਹ ਮੇਰੇ ਲਈ ਪਹਾੜ ਦੀ ਚੜ੍ਹਾਈ ਚੜ੍ਹਨ ਵਾਲਾ ਇਕ ਅਹਿਮ ਕੰਮ ਸੀ। ਮੈਂ ਢੀਠ ਹੋ ਕੇ ਲੱਗੀ ਰਹੀ, ਸ਼ਰਮਿੰਦਗੀ ਦੇ ਘੁੱਟ ਪੀਂਦੀ ਰਹੀ ਪਰ ਮਨ ਨੂੰ ਹਾਰਨ ਨਹੀਂ ਦਿੱਤਾ। ਮੈਂ ਢੀਠ ਹੋ ਕੇ ਲੱਗੀ ਰਹੀ।"

"ਸੱਚ ਹੀ, ਬੜੀ ਜਦੋ ਜਹਿਦ ਵਾਲਾ ਸੰਘਰਸ਼ਪੂਰਕ ਯਤਨ ਸੀ ਤੁਹਾਡਾ।"

"ਹਾਂ, ਤੇ ਫਿਰ ਲਗਨ ਕਹਿ ਲਓ ਜਾਂ ਜਾਦੂ ਮੈਂ ਆਖਰ ਸਰਗਮ ਸਿਖ ਹੀ ਗਈ ਫਿਰ ਛੇ-ਸੱਤ ਸਰਗਮਾਂ ਤੇ ਫਿਰ ਉਹਨਾਂ ਇਕ ਸ਼ਬਦ ਦਿੱਤਾ। ਜਿਸ ਦਿਨ ਉਹਨਾਂ ਮੈਨੂੰ



Academy of the Punjab in North America: http://www.apnaorg.com

ਸ਼ਬਦ ਦਿਤਾ, ਉਹ ਦਿਨ ਤਾਂ ਮੇਰੇ ਲਈ ਖਾਸ ਹੀ ਖੁਸ਼ੀ ਦਾ ਦਿਨ ਸੀ । ਭਾਵੇਂ ਅਵਾਜ਼ ਮੇਰੀ ਹੌਲੀ ਹੌਲੀ ਨਿਕਲਦੀ ਪਰ ਲੈਅ ਵਿਚ ਨਿਕਲਣੀ ਸ਼ੁਰੂ ਹੋ ਗਈ । ਉਹ ਗੁਰੂ ਜੀ ਬਹੁਤ ਅੱਛੇ ਸਨ । ਉਹਨਾਂ ਮੇਰਾ ਸਿਰੜ ਦੇਖ ਲਿਆ ਸੀ । ਤੇ ਮੇਰੇ ਨਾਲ ਉਹਨਾਂ ਦੀ ਹਮਦਰਦੀ ਜਿਹੀ ਹੋ ਗਈ ਸੀ । ਹੁਣ ਉਹ ਮੇਰਾ ਹੌਂਸਲਾ ਵੀ ਵਧਾਉਂਦੇ । ਆਪਣੇ ਜੀਵਨ 'ਚੋਂ ਵੀ ਮਿਸਾਲਾਂ ਦਿੰਦੇ ਕਿ ਉਹਨਾਂ ਵੀ ਕਦੇ ਕਿਸੇ ਦੀ ਪਰਵਾਹ ਨਹੀਂ ਸੀ ਕੀਤੀ ਤੇ ਆਪਣੀ ਹੀ ਧੁਨ 'ਚ ਲੱਗੇ ਰਹੇ ਸਨ । ਪਰ ਉਹ ਤਾਂ ਬਚਪਨ ਤੋਂ ਸੰਗੀਤ ਦੇ ਰਸਤੇ 'ਤੇ ਚਲ ਪਏ ਸਨ ਤੇ ਮੈਂ ਤਾਂ ਸੱਠਾਂ ਤੋਂ ਸ਼ੁਰੂ ਕੀਤਾ ਹੈ ।

ਫਿਰ ਮੈਂ ਹੋਰ ਵੀ ਸ਼ਬਦ ਸਿਖਦੀ ਗਈ । ਮੈਂ ਖੁਦ ਹੈਰਾਨ ਸਾਂ ਕਿ ਮੇਰੀ ਅਵਾਜ਼ ਵੀ ਅੱਛੀ ਨਿਕਲਣ ਲਗ ਗਈ ਸੀ ।"

"ਤੁਸੀਂ ਤਾਂ ਮਿਸਾਲ ਕਾਇਮ ਕਰ ਦਿੱਤੀ ਹੈ । ਮਹਾਨ ਹੋ ਤੁਸੀਂ, ਸਾਬਤ ਕਰ ਦਿੱਤਾ ਕਿ ਕੁਝ ਵੀ ਸਿੱਖਣ ਲਈ ਉਮਰ ਦਾ ਬਹਾਨਾ ਨਹੀਂ ਹੋਣਾ ਚਾਹੀਦਾ । ਪਰ ਫਿਰ ਤੁਸੀਂ ਸੰਗਤਾਂ ਸਾਹਮਣੇ ਕਿਵੇਂ ਗਾਉਣਾ ਸ਼ੁਰੂ ਕਰ ਕੀਤਾ ?"

"ਇਕ ਵਾਰੀ ਸਾਡੀ ਗਲੀ 'ਚ ਜ਼ਨਾਨੀਆਂ ਦਾ ਕੀਰਤਨ ਸੀ । ਮੈਂ ਸੋਚਿਆ ਇਹੀ ਇਕ ਮੌਕਾ ਹੈ, ਇਹੀ ਇਕ ਟੈਸਟ ਹੈ, ਜੇ ਮੈਂ ਸਭ ਦੇ ਸਾਹਮਣੇ ਬੋਲ ਸਕਾਂਗੀ, ਤਾਂ ਸਮਝਾਂਗੀ ਕਿ ਮੈਂ ਕੁਝ ਸਿੱਖਿਆ ਹੈ ।" ਤੇ ਮੈਂ ਆਪਣੇ ਧਿਆਨ ਬੋਲੀ ਗਈ । ਸਭ ਨੇ ਮੇਰੀ ਸ਼ਬਦ ਗਾਵਣ ਦੀ ਤਾਰੀਫ ਕੀਤੀ । ਇਵੇਂ ਮੇਰਾ ਹੌਂਸਲਾ ਹੋਰ ਵਧ ਗਿਆ । ਬੱਸ ਫਿਰ ਕੀ ਸੀ, ਮੈਂ ਗੁਰਦੁਆਰੇ ਵੀ ਬੋਲਿਆ ਤੇ ਅੱਜ ਇਥੇ ਪ੍ਰਭੂ ਦੇ ਗੁਣ ਗੁਣਾਉਂਦਿਆਂ ਦੋ ਕੁ ਸਾਲ ਹੋ ਗਏ ਹਨ । ਇਵੇਂ ਹੀ ਬਾਕੀ ਦੀ ਜ਼ਿੰਦਗੀ ਵੀ ਪ੍ਰਭੂ ਦੇ ਗੁਣ ਗੁਣਾਉਂਦਿਆਂ ਲੰਘ ਜਾਣੀ ਹੈ । ਮੈਂ ਪਛਤਾਉਂਦੀ ਹਾਂ ਕਿ ਓਦੋਂ ਨਹੀਂ ਸਿੱਖਿਆ, ਜਦ ਮੇਰੀ ਅਵਾਜ਼ ਕੜਕਦੀ ਹੁੰਦੀ ਸੀ, ਸਿਹਤ ਚੰਗੀ ਸੀ ਤੇ ਅੱਜ ਮੈਨੂੰ ਇਸ ਹਲਕੀ ਜਿਹੀ ਅਵਾਜ਼ ਨਾਲ ਗੁਜ਼ਾਰਾ ਕਰਨਾ ਪੈ ਰਿਹਾ ਹੈ, ਨਾ ਜਾਣੇ ਇਹ ਅਵਾਜ਼ ਵੀ ਕਦ ਗੁੰਮ ਹੋ ਜਾਏ, ਗਲਾ ਤਾਂ ਖਰਾਬ ਹੀ ਰਹਿੰਦਾ ਹੈ ।"

*****



Academy of the Punjab in North America: http://www.apnaorg.com

## ਫੂਹੜੀ ਦਾ ਮੁੱਲ

ਬਸੰਤੇ ਦੇ ਲੜਕੇ ਤੇ ਨੂੰਹ ਨੇ ਅਗਾਂਹ ਵੱਧ ਚੜ੍ਹ ਕੇ ਮਾਤਮ ਨਾਲ ਸੰਬੰਧਤ ਹਰੇਕ ਰਸਮ ਨਿਪਟਾਈ ਸੀ । ਉਹ ਸਸਕਾਰ ਵਾਲੇ ਦਿਨ ਸਭ ਤੋਂ ਵਧ ਰੋਈ ਸੀ । ਕਦੇ ਜਿਠਾਣੀ ਦੇ ਗਲੇ ਲੱਗ ਕੇ ਕਦੇ ਭੂਆ ਦੇ, ਕਦੇ ਚਾਚੀ ਦੇ ਗਲ ਬਾਂਹ ਵਲ ਤੇ ਕਦੇ ਨੂੰਹਾਂ ਨਾਲ । ਇਵੇਂ ਹੀ ਉਸਦੀ ਆਪਣੀ ਧੀ ਤੇ ਲੜਕਾ ਰੋਣ ਧੋਣ ਦੀਆਂ ਰਸਮਾਂ ਪੂਰੀਆਂ ਕਰ ਰਹੇ ਸਨ । ਜਦ ਜਦ ਉਹਨਾਂ ਦੇ ਕੁੜਮਾਂ ਤੋਂ ਜਾਂ ਆਪਣੇ ਪੇਕਿਓਂ ਹੇਕਾਂ ਲਾਉਂਦੀ ਕੋਈ ਮਕਾਣ ਆਉਂਦੀ ਤਾਂ ਉਸ ਨਾਲ ਬਹਿ ਕੇ ਘੁੰਡ ਕੱਢ ਕੇ ਉਵੇਂ ਹੀ ਰੋਣਾ ਪੈਂਦਾ ਤੇ ਵਿਚ ਵਿਚ ਘੁੰਡ ਵਿਚੋਂ ਵੇਖਣਾ ਕਿ ਕੌਣ ਚੁੱਪ ਕਰਕੇ ਬੈਠੀ ਹੈ ਤੇ ਕੌਣ ਰੋ ਰਹੀ ਹੈ । ਆਮ ਤੌਰ ਤੇ ਤਾਂ ਇਹੀ ਸਮਝਿਆ ਜਾਂਦਾ ਹੈ ਕਿ ਜੋ ਜਿਆਦਾ ਉੱਚੀ ਉੱਚੀ ਰੋ ਰਿਹਾ ਹੈ, ਉਸਦਾ ਮਰਨ ਵਾਲੇ ਨਾਲ ਬਹੁਤਾ ਪਿਆਰ ਸੀ ਤੇ ਜੋ ਸਿਰਫ ਅਫਸੋਸ 'ਚ ਚੁਪ ਚਾਪ ਹੀ ਬੈਠਾ ਹੈ, ਉਸਦਾ ਘੱਟ ਸੀ ।

ਫਿਰ ਅਰਥੀ ਨੂੰ ਕੋਰੇ ਕਪੜੇ 'ਚ ਲਪੇਟ ਕੇ ਉਸਦੇ ਮੂੰਹ 'ਚ ਦੇਸੀ ਘਿਓ ਪਾ ਕੇ ਬੇੜੀ ਦੀ ਸ਼ਕਲ ਦਿੱਤੀ ਗਈ । ਚਾਰ ਚੁਫੇਰੇ ਭਕਾਨੇ, ਫਲੂਸ, ਕੁਝ ਖਿਡੌਣੇ ਤੇ ਸੰਤਰੇ, ਕੇਲੇ, ਸੇਬ ਲਗਾਏ ਗਏ ਤੇ ਸੋਨੇ ਦੀ ਨਿੱਕੀ ਜਿਹੀ ਪਉੜੀ ਬਣਾ ਕੇ ਬਿਬਾਨ ਦੇ ਬਾਹਰ ਟੰਗ ਦਿੱਤੀ ਗਈ । ਉਪਰੋਂ ਪੈਸੇ ਮਖਾਣਿਆਂ ਦੀ ਸੁੱਟ ਤੋਂ ਇਲਾਵਾ ਕੁੜਮਾਚਾਰੀ ਵਿਚ ਠੂਠੀਆਂ ਤੇ ਦਸ ਦਸ ਦੇ ਨੋਟ ਵੰਡੇ ਗਏ । ਮਖਾਣੇ ਬਦਾਮਾਂ ਆਦਿ ਨਾਲ ਝੋਲੀਆਂ ਭਰ ਦਿੱਤੀਆਂ ਗਈਆਂ । ਸਸਕਾਰ ਸੀ ਕਿ ਵਿਆਹ ?

ਤੇ ਫਿਰ ਜਿਸ ਦਿਨ ਚੌਥੇ ਤੇ ਫੁਲ ਚੁਗਣੇ ਸਨ, ਬਸੰਤੇ ਦੀ ਨੂੰਹ ਨੇ ਸਭ ਤੋਂ ਅੱਗੇ ਹੋ ਕੇ ਗਰਮ ਸਵਾਹ 'ਚ ਹੱਥ ਪਾ ਕੇ ਫੁਲ ਚੁਗੇ ਸਨ ਤੇ ਫਿਰ ਉਸਦੇ ਪੁੱਤਰ ਤੇ ਹੋਰਾਂ ਨੇ ਸਾਰੀ ਰਾਖ਼ ਇਕੱਠੀ ਕੀਤੀ ਤੇ ਇਸ ਤੋਂ ਬਾਅਦ ਗਰਮ ਗਰਮ ਫੂਹੜੀ ਉਪਰ ਪਾਣੀ ਤਰੌਂਕ ਕੇ ਪੋਚਾ ਫੇਰਿਆ ਸੀ । ਇਸ ਵੇਲੇ ਜੇ ਹੱਥ ਸੜਦੇ ਹਨ ਤਾਂ ਕੋਈ ਨਹੀਂ ਹੈ । ਇਸੇ ਵਿਚ ਹੀ ਤਾਂ ਸ਼ਾਨ ਹੈ । ਫਿਰ ਉਸ ਫੂਹੜੀ ਉਪਰ ਮੱਥਾ ਟੇਕਿਆ ਤੇ ਧਾਹ ਮਾਰ ਕੇ ਰੋਈ । ਮੱਥਾ ਤਾਂ ਸਸਕਾਰ ਵਾਲੇ ਦਿਨ ਵੀ ਅਰਥੀ ਨੂੰ ਪਰਕਰਮਾ ਕਰਕੇ ਟੇਕਿਆ ਸੀ । ਤੇ ਬਾਅਦ 'ਚ ਪੋਚੇ ਫੇਰੇ ਵਾਲੀ ਫੂਹੜੀ ਤੇ ਇਕ ਨੈਣ ਦੀ ਮਦਦ ਨਾਲ ਚਾਰ ਕਿੱਲੀਆਂ ਗੱਡ ਕੇ ਵਿਚ ਦੇਸੀ ਘਿਓ ਦਾ ਦੀਵਾ ਜਗਾ ਦਿੱਤਾ । ਉਸਦੇ ਆਲੇ ਦੁਆਲੇ ਚਾਰ ਰੋਟੀਆਂ ਤੇ ਉਪਰ ਚੌਲ ਰੱਖ ਦਿੱਤੇ । ਅਸਥੀਆਂ ਦੁੱਧ ਦੇ ਪਾਣੀ ਨਾਲ ਧੋ ਕੇ ਕੋਰੀ ਚਾਟੀ 'ਚ ਸਜਾ ਕੇ ਰੱਖ ਦਿੱਤੀਆਂ ।

ਇਵੇਂ ਭੋਗ ਦਾ ਅੰਤਮ ਦਿਨ ਵੀ ਆ ਗਿਆ । ਸਭ ਰਿਸ਼ਤੇਦਾਰ ਇਕੱਠੇ ਹੋਏ । ਕੁੜਮਾਂ ਤੋਂ ਪੁੱਤ, ਪੋਤਰੇ, ਨੂੰਹਾਂ, ਧੀਆਂ, ਮਾਮੀਆਂ, ਚਾਚੀਆਂ ਤੇ ਹੋਰ ਗਲੀ ਗੁਆਂਢ


Academy of the Punjab in North America: http://www.apnaorg.com

ਆਏ। ਭੋਗ ਪੈ ਰਿਹਾ ਸੀ। ਪਾਠੀਆਂ ਨੂੰ ਫਿਰ ਅੱਥਰੂ ਭਿੱਜੀਆਂ ਅੱਖਾਂ ਨਾਲ ਰਜਾਈ, ਤਲਾਈ, ਚਾਦਰ, ਸਰ੍ਹਾਣਾ ਆਦਿ ਗਰਮ ਬਿਸਤਰਾ ਨਵਾਂ ਬਣਾ ਕੇ ਦਿੱਤਾ ਗਿਆ। ਗਿਆਰਾਂ ਭਾਂਡੇ, ਨਵੇਂ ਬੂਟ ਤੇ ਨਾਲ ਦੋ ਸੌ ਨਕਦੀ ਦਿੱਤੇ ਗਏ। ਰੋਟੀ ਚੰਗੀ ਭਰਵੀਂ ਮਿੱਠੇ ਚੌਲ, ਦਹੀਂ, ਪੂਰੀਆਂ ਛੋਲੇ ਤੇ ਜਲੇਬ ਨਾਲ ਪਰੋਸੀ ਗਈ।

ਹੁਣ ਕਿੰਨਾ ਖਰਚਾ ਹੋ ਗਿਆ ਹੋਵੇਗਾ ਪੰਜਾਹ ਹਜ਼ਾਰ ਨਹੀਂ ਜਿਆਦਾ ਹੀ। ਜੇ ਸ਼ਾਨ ਬਣਾਉਣੀ ਹੈ ਤਾਂ ਫਿਰ ਗਿਣਤੀ ਕਾਹਦੀ। ਗਿਣਤੀ ਤਾਂ ਜਿਉਂਦੇ ਜੀਅ ਹੁੰਦੀ ਹੈ। ਬਸੰਤੇ ਦੀ ਧੀ ਇਹ ਸਭ ਦੇਖ ਰਹੀ ਸੀ, ਸੋਚ ਰਹੀ ਸੀ। ਉਹ ਅਸਲੀ ਅਰਥਾਂ 'ਚ ਰੋ ਰਹੀ ਸੀ। ਉਸਨੂੰ ਪਿਛਲੇ ਦਿਨ ਯਾਦ ਆ ਰਹੇ ਸਨ।

ਜਦ ਉਸਦਾ ਪਿਤਾ ਬਸੰਤ ਸਿੰਘ ਉਸ ਪਾਸ ਆ ਕੇ ਰੋਇਆ ਸੀ, "ਬੇਟੇ ਮੈਨੂੰ ਜਲਦੀ ਨਾਲ ਕੁਝ ਖਾਣ ਨੂੰ ਦੇਹ, ਮੈਂ ਸਵੇਰ ਦਾ ਭੁੱਖਾ ਹਾਂ। ਮੈਨੂੰ ਕਿਸੇ ਰੋਟੀ ਨਹੀਂ ਪੁੱਛੀ। ਵੱਡੀ ਨੂੰਹ ਤੇ ਘਰ ਦੇ ਸਾਰੇ ਕਿਤੇ ਵਿਆਹ ਗਏ ਹੋਏ ਨੇ। ਤੇ ਛੋਟੀ ਨੇ ਵੀ ਜੁਆਬ ਦੇ ਦਿੱਤਾ ਹੈ, ਅਖੇ ਮੈਥੋਂ ਨਹੀਂ ਹੁਣ ਪੱਕਦੀ ਰੋਟੀ, ਮੇਰੇ ਹੋਰ ਕਿੰਨੇ ਕੰਮ ਪਏ ਨੇ ਕਰਨ ਵਾਲੇ। ਆਹ ਸਵੇਰ ਦੀ ਡਬਲ ਰੋਟੀ ਪਈ ਏ, ਖਾਣੀ ਤਾਂ ਖਾ ਲੈ। ਮੈਂ ਕਿੰਨੀ ਵੇਰ ਕਿਹਾ ਕਿ ਮੈਨੂੰ ਡਬਲ ਰੋਟੀ ਚੰਗੀ ਨਹੀਂ ਲਗਦੀ, ਮੈਂ ਦਸ ਕੀ ਕਰਾਂ। ਉਹ ਤਾਂ ਮੇਰੇ ਨਾਲ ਕੁੱਤੇ ਤੋਂ ਵੀ ਭੈੜਾ ਬਾਬ ਕਰਦੀਆਂ ਨੇ।"

ਤੇ ਉਸਦੀ ਧੀ ਨੇ ਸਭ ਤੋਂ ਪਹਿਲਾਂ ਉਸਨੂੰ ਰੋਟੀ ਬਣਾ ਕੇ ਖੁਆਈ। ਤੇ ਹੁਣ ਉਹ ਸੱਚ ਹੀ ਬੋਲਣ ਜੋਗਾ ਹੋ ਗਿਆ ਸੀ। ਉਸਦੀ ਅਸਲੀ ਅਵਾਜ਼ ਨਿਕਲਣ ਲੱਗੀ ਸੀ। ਉਸਦੀ ਜਾਨ 'ਚ ਤਾਕਤ ਭਰ ਗਈ ਸੀ। ਤੇ ਫਿਰ ਉਹ ਬੋਲਣ ਲੱਗਾ, "ਇਹਨਾਂ ਦੇ ਮੁੰਡਿਆਂ ਨੂੰ ਕੋਈ ਕੰਮ ਦੱਸੋ ਤਾਂ ਪਾਸਾ ਮਾਰ ਕੇ ਲੰਘ ਜਾਂਦੇ ਨੇ ਤੇ ਵੱਡਾ ਮੁੰਡਾ, ਉਹ ਤਾਂ ਸਾਫ ਕਹਿ ਦਿੰਦਾ ਹੈ, "ਤੈਨੂੰ ਹੁਣ ਮਰ ਹੀ ਜਾਣਾ ਚਾਹੀਦਾ ਹੈ, ਮੈਂ ਤਾਂ ਆਹਨਾਂ ਕੋਈ ਪੈਂਠਾਂ ਸੱਤਰਾਂ ਤੋਂ ਉੱਪਰ ਹੋ ਗਿਆ ਉਸਨੂੰ ਜਿਊਣ ਦਾ ਕੋਈ ਹੱਕ ਨਹੀਂ ਹੈ, ਐਵੇਂ ਰੋਟੀਆਂ ਹੀ ਪਾੜਨੀਆਂ ਨੇ।" ਜੇ ਮੈਂ ਕਪੜੇ ਧੋਣ ਨੂੰ ਕਹਿਨਾਂ, "ਚੰਗੇ ਭਲੇ ਕਪੜੇ ਨੇ, ਅਜੇ ਤਾਂ ਹਫਤਾ ਹੀ ਨਹੀਂ ਹੋਇਆ, ਹੋਰ ਕੁਝ ਦਿਨ ਪਾ ਲੈ, ਤੈਨੂੰ ਹੁਣ ਸ਼ੁਕੀਨੀ ਕੀ ਕਹਿੰਦੀ ਆ।" ਤੇ ਆਪਣੇ ਕਪੜੇ ਰੋਜ਼ ਧੋਣ ਬਹਿ ਜਾਂਦੀਆਂ ਨੇ। ਮੈਂ ਤਾਂ ਆਹਨਾਂ ਇਹੋ ਜਿਹੀ ਔਲਾਦ ਨਾਲੋਂ ਓਈਂ ਠੀਕ ਸੀ।"

ਉਸਦੀ ਧੀ ਨੇ ਦਾਨਿਆਂ ਵਾਂਗ ਸਮਝਾਉਂਦਿਆਂ ਕਿਹਾ, "ਚਲੋ ਛੱਡੋ, ਤੁਸੀਂ ਆਪਣੇ ਮਨ ਨੂੰ ਨਾ ਤਾਇਆ ਕਰੋ। ਬਲੱਡ ਪ੍ਰੈਸ਼ਰ ਨਾ ਵਧਾ ਲਿਓ। ਅੱਗੇ ਦੋ ਵਾਰੀ ਹਸਪਤਾਲ ਰਹਿ ਕੇ ਆਏ ਹੋ। ਜਾਂ ਤਾਂ ਥੋਹੜਾ ਜਿਹਾ ਦਬਕਾ ਛੱਡੋ ਕਿ ਮੈਂ ਮਕਾਨ ਵੇਚਣ ਲੱਗਾਂ।"

"ਕੀ ਕਰਾਂ ਮੈਥੋਂ ਉੱਚੀ ਬੋਲਿਆ ਨੀਂ ਜਾਂਦਾ। ਮੈਂ ਇਕੱਲਾ ਤੇ ਉਹ ਕਈ ਜਣੇ। ਹਰਾਮਜ਼ਾਦੇ, ਨਾਲੇ ਮੇਰੇ ਮਕਾਨ 'ਚ ਰਹਿਣ ਡਹੇ ਨੇ ਉਤੋਂ ਰੋਹਬ ਵੀ ਪਾਉਂਦੇ ਨੇ।" ਉਸ ਪਰ੍ਹੇ ਮੂੰਹ ਕਰਕੇ ਕੜਵਾ ਜਿਹਾ ਮੂੰਹ ਕਰਕੇ ਗਾਲ੍ਹ ਕੱਢੀ। ਉਸਦੀਆਂ ਝੁਰੜੀਆਂ ਹੋਰ ਉਭਰ ਆਈਆਂ, ਗਲਾ ਖੁਸ਼ਕ ਹੋਣ ਲੱਗਾ, ਥੋਹੜਾ ਖਊਂ ਖਊਂ ਕਰਕੇ ਖੰਘਾਰ ਲੰਘਾ ਕੇ ਫਿਰ ਕਹਿਣ ਲੱਗਾ, " ਹੁਣ ਤਾਂ ਜਿਹੜੀ ਮਿਆਨੀ 'ਚ ਮੈਂ ਰਹਿੰਦਾ ਸਾਂ, ਉਹ ਵੀ ਹਥਿਆਉਣ ਨੂੰ ਫਿਰਦੇ ਨੇ ਕਿ ਕਿਹੜਾ ਵੇਲਾ ਹੋਵੇ ਇਹ ਮਰੇ ਤੇ ਖਾਲੀ ਹੋਵੇ ਤੇ



Academy of the Punjab in North America: http://www.apnaorg.com

ਸਾਭਾਏ। ਆਪਣਾ ਕਬਜ਼ਾ ਰੱਖਣ ਲਈ ਕਦੇ ਮੇਰੀ ਮਿਆਨੀ 'ਚ ਕੋਈ ਮੇਜ਼ ਰੱਖ ਦੇਣਗੇ ਜਾਂ ਟਰੰਕ ਰੱਖ ਦੇਣਗੇ ਕਿ ਭਾਈਆਂ ਜਰਾ ਕੁ ਆਹ ਆਪਣੇ ਕਮਰੇ 'ਚ ਰੱਖ ਲੈ, ਸਾਡੇ ਜਗਾਹ ਘੱਟ ਹੈ। ਤੇ ਜਦੋਂ ਅਜਿਹਾ ਕੰਮ ਕਰਨਾ ਹੋਵੇ ਤਾਂ ਮਿੱਠੇ ਮਿੱਠੇ ਬਣ ਜਾਣਗੇ ਤੇ ਪਤਾ ਨਹੀਂ ਓਦੋਂ ਮੈਨੂੰ ਵੀ ਦਯਾ ਆ ਜਾਂਦੀ ਹੈ ਤੇ ਮੈਂ ਸੋਚਦਾ ਚਲ ਆਪਣੇ ਹੀ ਬੱਚੇ ਨੇ।"

ਤੇ ਉਸਦੀ ਧੀ ਕਹਿ ਦਿੰਦੀ, "ਛੱਡੋ ਸਭ ਕੁਝ ਤੁਸੀਂ, ਮੇਰੇ ਪਾਸ ਰਹੋ।"

"ਪੁਤਰ ਤੇਰੇ ਪਾਸ ਰਹਿੰਦਾ ਮੈਂ ਚੰਗਾ ਲੱਗਦਾਂ ? ਜੀਂਦੀ ਵੱਸਦੀ ਰਹੁ, ਰੱਬ ਤੈਨੂੰ ਭਾਗ ਲਾਏ। ਜੇ ਮੈਂ ਆ ਵੀ ਜਾਵਾਂ ਤਾਂ ਉਹਨਾਂ ਨੂੰ ਤਾਂ ਮੇਰੇ ਪਿੱਛੋਂ ਮੌਜ ਲੱਗ ਜਾਣੀ ਏ। ਫਿਰ ਵੀ ਤੁਹਮਤ ਮੇਰੇ ਤੇ ਹੀ ਲਾਉਣੀ ਹੈ ਕਿ ਤੂੰ ਤਾਂ ਲੋਕਾਂ 'ਚ ਸਾਡੀ ਬੇਇਜ਼ਤੀ ਕਰਨ ਲਈ ਉਥੇ ਰਹਿਨਾਂ ਏ ਕਿ ਇਹਦੇ ਮੁੰਡੇ ਇਸਨੂੰ ਰੱਖ ਦੇ ਨਹੀਂ।"

"ਮੈਨੂੰ ਪਹਿਲੇ ਪਤਾ ਹੁੰਦਾ ਤਾਂ ਮੈਂ ਮਕਾਨ ਤੇਰੇ ਨਾਂ ਈ ਲਾ ਦੇਣਾ ਸੀ।"

ਅੱਛਾ, ਤੇ ਬਸੰਤਾ ਆਪਣੀ ਧੀ ਦੇ ਸਿਰ ਤੇ ਪਿਆਰ ਦਿੰਦਾ ਹੋਇਆ, "ਮੈਂ ਚਲਦਾਂ ਹੌਲੀ ਹੌਲੀ, ਜੋ ਕਿਸਮਤ 'ਚ ਲਿਖਿਆ, ਭੁਗਤਣਾ ਈ ਪੈਣਾ।"

ਤੇ ਇਵੇਂ ਦੀਆਂ ਸ਼ਿਕਾਇਤਾਂ ਉਹ ਅਕਸਰ ਹੀ ਲੈ ਕੇ ਆਉਂਦਾ ਰਹਿੰਦਾ। ਤੇ ਫਿਰ ਉਸ ਨੂੰ ਸਾਈਕਲ ਦੀ ਵੀ ਗੱਲ ਯਾਦ ਆਈ। ਇਕ ਸਾਈਕਲ ਸੀ ਉਸਦਾ ਆਪਣਾ ਜਿਸ ਤੇ ਕਦੇ ਕਦੇ ਉਹ ਮਿਲਣ ਜਾਂਦਾ ਜਾਂ ਕੁਝ ਬਜ਼ਾਰੋਂ ਲਿਆਉਣਾ ਹੁੰਦਾ, ਕਿਤੇ ਡਾਕਟਰ ਵੱਲ ਜਾਣਾ ਹੁੰਦਾ ਤੇ ਜਾਂ ਆਪਣੀ ਧੀ ਪਾਸ ਆਉਣਾ ਹੁੰਦਾ, ਪਰ ਉਸਦਾ ਸਾਈਕਲ ਵੀ ਪੋਤਾ ਪੋਤੀ ਨਾ ਛੱਡਦੇ। ਤੇ ਜੇ ਕਦੇ ਉਹ ਨਾਂਹ ਕਰਦਾ ਤਾਂ ਉਸਦੇ ਪੁੱਤਰ ਨੂੰਹ ਉਸਨੂੰ ਝਈਆਂ ਲੈ ਕੇ ਪੈਂਦੇ। "ਤੂੰ ਹੁਣ ਇਸ ਉਮਰੇ ਸਾਈਕਲ ਕੀ ਕਰਨਾ ? ਕਿਤੇ ਡਿੱਗ ਪਏਂਗਾ, ਐਕਸੀਡੈਂਟ ਕਰਾਏਂਗਾ। ਪੋਤੀ ਤੇਰੀ ਨੇ ਸਕੂਲ ਜਾਣਾ ਹੁੰਦਾ ਹੈ, ਜ਼ਿਆਦਾ ਜ਼ਰੂਰਤ ਤਾਂ ਉਸਨੂੰ ਹੈ।"

ਜਦ ਪੈਂਚਰ ਹੋ ਜਾਂਦਾ ਹੈ ਤਾਂ ਕਿੰਨੇ ਕਿੰਨੇ ਦਿਨ ਓਵੇਂ ਹੀ ਪਿਆ ਰਹਿੰਦਾ ਫਿਰ ਉਸਨੂੰ ਆਪ ਵਰਤਣ ਲਈ ਲਵਾਉਣਾ ਪੈਂਦਾ। ਇਵੇਂ ਹੀ ਕੋਈ ਵੀ ਉਸਦੀ ਆਪਣੀ ਚੀਜ਼ ਨਾ ਰਹਿਣ ਦਿੰਦੇ। ਹੌਲੀ ਹੌਲੀ ਸਾਰੇ ਭਾਂਡੇ, ਮੇਜ਼, ਕੁਰਸੀਆਂ ਆਪਣੇ ਕਬਜ਼ੇ 'ਚ ਕਰ ਲਏ ਸਨ। ਤੇ ਉਹ ਜਿਵੇਂ ਵਾਧੂ ਸਮਾਨ ਵਾਂਗ ਇਕ ਨੁੱਕਰੇ ਮੰਜੇ ਤੇ ਪਿਆ ਰਹਿੰਦਾ।

ਇਥੋਂ ਤੱਕ ਕਿ ਉਸਦੇ ਖੁਸ਼ੀ ਦੇ ਦੋ ਪਲ ਵੀ ਉਹਨਾਂ ਨੂੰ ਚੁਭਦੇ। ਨੂੰਹ ਪੁੱਤ ਮਸਕਰੀਆਂ ਕਰਦੇ। ਉਹ ਇਹ ਸਨ ਕਿ ਜਵਾਨੀ ਦੇ ਦਿਨਾਂ ਦੀ ਇਕ ਹਮਦਰਦ ਔਰਤ ਕਦੇ ਕਦੇ ਉਸਨੂੰ ਮਿਲਣ ਆ ਜਾਂਦੀ ਤਾਂ ਉਸ ਨਾਲ ਬੈਠ ਕੇ ਦੋ ਗੱਲਾਂ ਕਰ ਲੈਂਦਾ। ਘਰਦਿਆਂ ਨਾਲ ਉਸ ਨੇ ਏਨਾਂ ਕੁ ਹੀ ਤੁਅਰਫ ਕਰਾਇਆ ਸੀ, "ਇਹ ਤੁਹਾਡੀ ਬੀਬੀ ਦੀ ਸਹੇਲੀ ਹੈ।"

"ਖੁਸ਼ ਹੋ ਨਾ ? ਉਹ ਪੁੱਛਦੀ।"

"ਹਾਂ, ਖੁਸ਼ ਹੀ ਹਾਂ, ਤੂੰ ਆ ਜਾਂਦੀ ਹੈ ਤਾਂ ਚਿਹਰੇ ਤੇ ਕੁਝ ਰੌਣਕ ਆ ਜਾਂਦੀ ਹੈ ਤੇ ਉਸਨੂੰ ਯਾਦ ਆਏ ਉਹ ਦਿਨ ਕਿਵੇਂ ਉਹ ਚੋਰੀ ਚੋਰੀ ਮਿਲਦੇ ਹੁੰਦੇ ਸਨ। ਉਹਨਾਂ ਦਿਨਾਂ ਦਾ ਸੁਆਦ ਈ ਕੁਝ ਹੋਰ ਸੀ ਤੇ ਹੁਣ ਫਿਰ ਮੇਲ ਵੀ ਹੋਇਆ ਤਾਂ ਬੁਢਾਪੇ ਵਿਚ। ਬੱਸ



Academy of the Punjab in North America: http://www.apnaorg.com

ਸਾਡਾ ਪਿਆਰ ਇਵੇਂ ਹੀ ਰਿਹਾ ਹੈ, ਇਕ ਜੰਗਲੀ ਫੁੱਲ ਦੀ ਤਰ੍ਹਾਂ, ਜਿਸ ਨੂੰ ਕਿਸੇ ਵੇਲੇ ਵੀ ਮਿਧਿਆ ਜਾ ਸਕਦਾ ਹੈ। ਬੱਸ ਦਿਨ ਕੱਟੀ ਕਰ ਰਿਹਾਂ। ਬੁਢਿਆਂ ਦੀ ਪੁੱਛ ਪਰਤੀਤ ਓਨੀਂ ਕੁ ਹੀ ਹੁੰਦੀ ਹੈ। ਨੂੰਹ ਪੁੱਤ ਸਾਰੇ ਤਾਂ ਗਿਰਝਾਂ ਵਾਂਗ ਮੇਰੀ ਮੌਤ ਹੀ ਉਡੀਕ ਰਹੇ ਹਨ ਪਰ ਤੈਨੂੰ ਦੇਖ ਕੇ ਮੇਰਾ ਹੋਰ ਜਿਊਣ ਤੇ ਦਿਲ ਕਰਦਾ ਹੈ। ਕੀ ਪਤਾ ਸੀ ਕਿ ਤੂੰ ਸਾਡੇ ਨਾਲ ਦੀ ਗਲੀ 'ਚ ਹੀ ਰਹਿ ਰਹੀ ਸੈਂ।"

"ਬੱਸ ਘਰ ਦੇ ਕੰਮਾਂ ਕਾਰਾਂ 'ਚ ਅੰਦਰ ਹੀ ਬੈਠੇ ਰਹੀਦਾ ਹੈ।" ਤੇ ਉਹ ਆਪਣੇ ਪ੍ਰਤੀ ਦੱਸਦੀ, "ਮੇਰੇ ਵਿਆਹ ਤੋਂ ਬਾਅਦ ਜਲਦੀ ਹੀ ਅਸੀਂ ਕਲਕੱਤੇ ਚਲੇ ਗਏ ਸਾਂ, ਕਿਉਂਕਿ ਮੇਰੇ ਪਤੀ ਦੀ ਨੌਕਰੀ ਉਥੇ ਲੱਗ ਗਈ ਸੀ। ਰਿਟਾਇਰਮੈਂਟ ਨੂੰ ਦੋ ਸਾਲ ਰਹਿੰਦੇ ਸਨ ਕਿ ਦਿਲ ਦੇ ਫ਼ੇਲ ਹੋਣ ਕਾਰਨ ਅਚਾਨਕ ਉਹਨਾਂ ਦੀ ਮੌਤ ਹੋ ਗਈ ਤੇ ਫਿਰ ਅਸੀਂ ਇਥੇ ਪੰਜਾਬ ਆ ਗਏ। ਸ਼ਾਇਦ ਕੁਦਰਤ ਵੱਲੋਂ ਮਿਲਾਪ ਹੋਣਾ ਸੀ ਤੇ ਇਥੇ ਤੁਹਡੇ ਲਾਗੇ।" ਤੇ ਇਵੇਂ ਦੀਆਂ ਉਹ ਅਤੀਤ ਤੇ ਵਰਤਮਾਨ ਦੀਆਂ ਖੁਸ਼ੀ ਗ਼ਮੀਂ ਦੀਆਂ ਗੱਲਾਂ ਸਾਂਝੀਆਂ ਕਰਦੇ ਰਹਿੰਦੇ। ਪਰ ਬੱਚੇ ਮਖੌਲ ਕਰਦੇ।

"ਤੂੰ ਹੁਣ ਰੱਬ ਦਾ ਨਾਂ ਲਿਆ ਕਰ, ਤੈਨੂੰ ਹੁਣ ਜ਼ਨਾਨੀਆਂ ਨਾਲ ਗੱਲਾਂ ਕਰਨੀਆਂ ਨਹੀਂ ਸ਼ੋਭਦੀਆਂ ?"

ਅੱਜ ਉਹੀ ਮੁੰਡੇ, ਨੂੰਹਾਂ ਆਪਣੀ ਵਾਹ ਵਾਹ ਖੱਟਣ ਲਈ ਬਰਾਦਰੀ 'ਚ ਵਜੂਕਾ ਬਣਾਉਣ ਲਈ ਕਿਵੇਂ ਸਭ ਕੁਝ ਲੁਟਾ ਰਹੇ ਸਨ, ਕਿ ਇਹੀ ਤਾਂ ਲੋਕਾਂ ਦੇਖਣਾ ਹੈ, ਇਹੀ ਯਾਦ ਰੱਖਣਾ ਹੈ ਕਿ ਮੁੰਡਿਆਂ ਖਰਚੇ ਵਲੋਂ ਹੱਥ ਨਹੀਂ ਚੁੱਕਿਆ। ਅੱਜ ਉਸਦਾ ਨਾਂ ਲੈ ਕੇ ਸਭ ਰੋਟੀ ਖਾ ਰਹੇ ਹਨ ਜਿਸ ਜਿਉਂਦੇ ਜੀਅ ਕਈ ਫਾਕੇ ਕੱਟੇ ਸਨ। ਉਸਦੀ ਅਰਥੀ ਉਪਰ ਕੀਮਤੀ ਸ਼ਾਲ ਪਾਏ ਗਏ ਸਨ ਜਿਸ ਜਿਉਂਦਿਆਂ ਜੀਅ ਘਸਮੈਲੇ, ਗਲੋਂ ਲੱਥੇ ਕੱਪੜੇ ਪਾਏ ਹੰਢਾਏ ਸਨ। ਉਸਦੀ ਅਰਥੀ ਉਪਰੋਂ ਪੈਸੇ ਸੁੱਟੇ ਤੇ ਵੰਡੇ ਸਨ, ਜਿਸਦੀ ਪੈਨਸ਼ਨ ਦੇ ਪੈਸੇ ਵੀ ਪੁੱਤਰਾਂ ਦੀਅ ਅੱਖਾਂ 'ਚ ਚੁਭਦੇ ਸਨ ਕਿ ਇਹ ਕਿਉਂ ਇਸਦੇ ਪਾਸ ਹਨ, ਸਾਨੂੰ ਕਿਉਂ ਨਹੀਂ ਦੇ ਦਿੰਦਾ।

ਪੈਨਸ਼ਨ ਦੇ ਪੈਸੇ ਉਸ ਹੱਠ ਨਾਲ ਰੱਖੇ ਸਨ। "ਮੈਨੂੰ ਕਿਤੇ ਆਉਣਾ ਜਾਣਾ ਪੈਂਦਾ, ਕੋਈ ਦਵਾ ਦਾਰੂ ਲਿਆਉਣਾ ਪੈਂਦਾ, ਕਿਤੇ ਕੁਝ ਦੇਣੇ ਪੈਂਦੇ ਤੇ ਜੇ ਮੈਂ ਇਹ ਫੜਾ ਦੇਵਾਂ ਤਾਂ ਇਹਨਾਂ ਕਿਹੜੇ ਦੇਣੇ ਨੇ ਤੇ ਫਿਰ ਮੇਰਾ ਹੋਰ ਕਿਹੜਾ ਆਸਰਾ ਹੈ ? ਭਲਾ ਹੋਵੇ ਗੋਰਮਿੰਟ ਦਾ ਜੇ ਮੈਂ ਕਿਤੇ ਸਰਕਾਰੀ ਨੌਕਰੀ ਨਾ ਕੀਤੀ ਹੁੰਦੀ ਤਾਂ ਮੇਰਾ ਕੀ ਹਾਲ ਹੁੰਦਾ ? ਇਕੱਠੇ ਪੈਸੇ ਦੇਖ ਕੇ ਤਾਂ ਅਗਲੇ ਬਟੋਰਨ ਦੀ ਕਰਦੇ ਹਨ। ਬਟੋਰਨ ਵੇਲੇ ਮਿੱਠੇ ਬਣ ਜਾਣਗੇ ਓਦੋਂ ਤਾਂ ਦੁੱਧ ਦਾ ਗਲਾਸ ਲਿਆਉਣਗੇ। ਰੋਟੀ ਤਾਜ਼ੀ ਪੱਕੀ ਦੇਣਗੇ। ਇਵੇਂ ਹੀ ਮੇਰੇ ਸਾਰੇ ਪੈਸੇ ਠੱਗ ਲਏ ਹਨ। ਓਦੋਂ ਫਿਰ ਤਰਸ ਵੀ ਆ ਜਾਂਦਾ ਹੈ। ਕਰਾਂ ਕੀ ? ਆਖਰ ਤਾਂ ਮੇਰੇ ਹੀ ਬੱਚੇ ਨੇ। ਕਹਿ ਕੇ ਸਬਰ ਕਰ ਲਈਦਾ ਹੈ ਪਰ ਜਦ ਵਢੂੰ ਵਢੂੰ ਕਰਦੇ ਨੇ ਤਾਂ ਸਾਰੀ ਜ਼ਿੰਦਗੀ ਹੀ ਨਕਾਰੀ ਲੱਗਦੀ ਹੈ। ਜੇ ਜਰਾ ਕੁ ਕਹੋ ਕਿ ਦਾਲ 'ਚ ਲੂਣ ਜਿਆਦਾ ਹੈ ਜਾਂ ਰੋਟੀ ਸੁੱਕੀ ਹੈ ਜਾਂ ਰਾਜਮਾਂਹ ਹਜ਼ਮ ਨਹੀਂ ਹੁੰਦੇ, ਕੋਈ ਹੋਰ ਚੀਜ਼ ਬਣਾ ਦਿਓ ਤਾਂ ਕਹਿਣਗੇ, ਰੱਬ ਦਾ ਨਾਂ ਲੈ ਕੇ ਜੋ ਮਿਲਦਾ, ਖਾਈ ਜਾਹ ਅਸੀਂ ਵਿਹਲੇ ਨਹੀਂ ਬੈਠੇ ਕੁਝ ਸਪੈਸ਼ਲ ਬਣਾਉਣ ਲਈ।"


Academy of the Punjab in North America: http://www.apnaorg.com

ਤੇ ਉਸਦੀ ਧੀ ਵੀ ਰੋਟੀ ਖਾਂਦੀ ਖਾਂਦੀ ਰੁਕ ਗਈ ਜਿਵੇਂ ਉਸਦੇ ਸੰਘੋਂ ਵੀ ਬੁਰਕੀ ਨਾ ਉਤਰ ਰਹੀ ਹੋਵੇ । ਲਾਗਿਓਂ ਦੋ ਜ਼ਨਾਨੀਆਂ ਨੇ ਕਿਹਾ, "ਖਾ ਲੈ ਧੀਏ, ਮਾਪੇ ਤਾਂ ਧੀਆਂ ਲਈ ਓਦੋਂ ਈ ਪਰਾਏ ਹੋ ਜਾਂਦੇ ਨੇ ਜਦ ਉਹ ਵਿਆਹੀਆਂ ਜਾਂਦੀਆਂ ਨੇ ।"

ਲਾਗਿਓਂ ਹੋਰ ਜ਼ਨਾਨੀ ਨੇ ਕਿਹਾ, "ਮਾਪਿਆਂ ਵਰਗੀ ਨਹੀਂ ਕੋਈ ਚੀਜ਼ । ਸਹੁਰੇ ਭਾਵੇਂ ਕਿੰਨਾ ਕਰਨ ਮਾਪੇ, ਮਾਪੇ ਹੀ ਹੁੰਦੇ ਨੇ ।"

"ਤਾਂ ਕੀ ਪੁੱਤਰਾਂ ਲਈ ਮਾਪੇ ਨਹੀਂ ਹੁੰਦੇ ।" ਇਹ ਸੋਚਦਿਆਂ ਉਸਦੀ ਭੁੱਬ ਨਿਕਲ ਗਈ । ਆਪਣੇ ਬਾਪ ਕਰਕੇ ਤਾਂ ਉਹ ਇਸ ਪਰਾਏ ਹੋ ਗਏ ਘਰ 'ਚ ਆਉਂਦੀ ਜਾਂਦੀ ਸੀ । ਪਰ ਹੁਣ ਤਾਂ ਉਸਦਾ ਇਹ ਵੀ ਘਰ ਛੁੱਟ ਗਿਆ । ਉਸ ਲਈ ਪੇਕਾ ਘਰ ਤਾਂ ਅਸਲ ਮਾਅਨਿਆਂ 'ਚ ਅੱਜ ਹੀ ਪਰਾਇਆ ਹੋ ਗਿਆ ਸੀ ।

*****


Academy of the Punjab in North America: http://www.apnaorg.com

## ਇਸ਼ਕ ਡਾਢਾ

ਉਹ ਬਾਈ ਸਾਲਾਂ ਬਾਅਦ ਮਿਲੀ ਸੀ। ਮੇਕ ਅੱਪ, ਸੱਜ-ਧੱਜ ਉਵੇਂ ਹੀ। ਪਰ ਉਸਦਾ ਕੁਝ ਖੋਇਆ ਖੋਇਆ, ਗੁਆਚਾ ਗੁਆਚਾ ਲੱਗਦਾ। ਉਹ ਜਲਦੀ ਖਿੱਝ ਵੀ ਜਾਂਦੀ। ਆਪ ਹੀ ਤਾਂ ਉਸ ਆਪਣੇ ਪੈਰ ਕੁਹਾੜਾ ਮਾਰਿਆ ਸੀ।

ਓਦੋਂ ਉਹ ਕਿੰਨੀ ਸ਼ੋਖ ਹੁੰਦੀ ਸੀ ਤੇ ਸੁਹਣੀ ਵੀ ਰੱਜ ਕੇ, ਜਿਵੇਂ ਰੱਬ ਨੇ ਕਿਸੇ ਅਨੰਤ ਖੁਸ਼ੀ ਤੇ ਮਸਤੀ 'ਚ ਆ ਕੇ ਦੋਹੀਂ ਹੱਥੀਂ ਸਾਰਾ ਸੁਹੱਪਣ ਉਸ ਤੇ ਲੁਟਾ ਦਿੱਤਾ ਹੋਵੇ। ਸਮੁੰਦਰੀ ਲਹਿਰਾਂ ਦੀ ਤਰ੍ਹਾਂ ਲਿਸ਼ਕਦੇ ਸੰਘਣੇ ਘੁੰਗਰਾਲੇ ਵਾਲ। ਪਹਾੜਾਂ ਉਪਰ ਪਈ ਬਰਫ ਵਾਂਗ ਗੋਰਾ ਚਿੱਟਾ ਰੰਗ, ਗੁਲਾਈਆਂ 'ਚ ਨੈਣ ਨਕਸ਼। ਰੇਸ਼ਮ ਵਾਂਗ ਨਰਮ ਹੱਥਾਂ ਦੀਆਂ ਪਤਲੀਆਂ ਉਂਗਲਾਂ ਤੇ ਪਤਲਾ ਲੱਕ। ਜਿਥੋਂ ਦੀ ਮਸਤਾਨੀ ਚਾਲ 'ਚ ਲੰਘਦੀ ਲੋਕ ਦੇਖਦੇ ਹੀ ਰਹਿ ਜਾਂਦੇ।

ਉਹ ਆਪਣੀ ਖੂਬਸੂਰਤੀ ਬਾਰੇ ਖੁਦ ਵੀ ਸੁਚੇਤ ਸੀ। ਉਹ ਆਪਣੇ ਆਪ ਨੂੰ ਹਮੇਸ਼ਾਂ ਸਜਾ ਕੇ ਰੱਖਦੀ। ਕਈ ਤਰ੍ਹਾਂ ਦੀ ਉਸ ਪਾਸ ਨੇਲ ਪਾਲਿਸ਼ ਸੀ, ਉਹ ਰੰਗ ਬਦਲ ਬਦਲ ਕੇ ਨੇਲ ਪਾਲਿਸ਼ ਲਾ ਲਾ ਦੇਖਦੀ। ਨਹੁੰ ਵਧਾਉਂਦੀ, ਗੋਲਾਈ 'ਚ ਰੱਖਣ ਲਈ ਨਹੁੰਆਂ ਨੂੰ ਕਿੰਨੀ ਕਿੰਨੀ ਦੇਰ ਰਗੜਦੀ ਰਹਿੰਦੀ। ਹੱਥਾਂ ਨੂੰ ਪੁੱਠੇ ਸਿੱਧੇ ਕਰ ਕੇ ਦੇਖਦੀ। ਉਹ ਐਸਾ ਕੋਈ ਕੰਮ ਨਾ ਕਰਦੀ ਜਿਸ ਨਾਲ ਉਸਦੇ ਹੱਥ ਖ਼ਰਾਬ ਹੁੰਦੇ ਹੋਣ। ਜੋ ਵੀ ਉਸਦੇ ਹੱਥਾਂ ਨੂੰ ਛੂੰਹਦਾ, "ਹਾਇ ! ਏਨੇ ਨਰਮ ਹੱਥ, ਮੱਖਣ ਦੀ ਤਰ੍ਹਾਂ ਇਹ ਕਹਿਣੋ ਨਾ ਰਹਿ ਸਕਦਾ। ਉਹ ਹਰ ਤਰ੍ਹਾਂ ਦਾ ਫੈਸ਼ਨ ਕਰਦੀ, ਜਿਵੇਂ ਦਾ ਵੀ ਫਿਲਮਾਂ 'ਚ ਦੇਖਦੀ। ਫਿਰ ਉਵੇਂ ਹੀ ਮਟਕ ਮਟਕ ਚਾਲ ਚਲਦੀ।

"ਵਾਹ ਤੂੰ ਤਾਂ ਹੇਮਾ ਮਾਲਿਨੀ ਲੱਗਦੀ ਏਂ।" ਜਦ ਉਸਨੂੰ ਕੋਈ ਕਹਿੰਦਾ ਤਾਂ ਉਹ ਹੋਰ ਫੁਲ ਜਾਂਦੀ। "ਕੀ ?" ਉਸਦਾ ਦੁਬਾਰਾ ਸੁਣਨ ਤੇ ਦਿਲ ਕਰਦਾ। ਉਹ ਪਿਕਚਰਾਂ ਬਹੁਤ ਦੇਖਦੀ। ਫਿਲਮੀ ਐਕਟ੍ਰੈਸਾਂ ਦੀ ਹਰ ਅਦਾ ਨੋਟ ਕਰਦੀ ਤੇ ਫਿਰ ਆਪਣੇ ਤੇ ਢੁਕਾਉਂਦੀ। ਉਸ ਨੂੰ ਲੱਗਦਾ ਜਿਵੇਂ ਉਹ ਬਣੀ ਹੀ ਫਿਲਮਾਂ ਲਈ ਹੈ। ਉਸਨੇ ਤਾਂ ਫਿਲਮ ਇੰਡਸਟਰੀ ਵਿਚ ਤਹਿਲਕਾ ਮਚਾ ਦੇਣਾ ਹੈ। ਉਸਦੇ ਸੁਹੱਪਣ ਨੂੰ ਲੋਗ ਦੇਖ ਦੇਖ ਅਸ਼ ਅਸ਼ ਕਰ ਉੱਠਣਗੇ। "ਇਹ ਕੀ ਹੀਰੋਇਨਾਂ ਹਨ, ਇਹਨਾਂ ਤੋਂ ਕਈ ਗੁਣਾਂ ਵਧ ਤਾਂ ਮੈਂ ਕਰ ਸਕਦੀ ਹਾਂ।" ਅਕਸਰ ਕਹਿੰਦੀ।

ਉਹ ਚਾਹੁੰਦੀ ਕਿ ਦੂਸਰੇ ਉਸਦੀ ਤਾਰੀਫ ਹੀ ਕਰਦੇ ਰਹਿਣ। ਜੇ ਕੋਈ ਉਸਨੂੰ ਨਾ ਸਲਾਹੁੰਦਾ ਤਾਂ ਆਪ ਕਹਿਣ ਲੱਗ ਜਾਂਦੀ, "ਤੁਹਾਨੂੰ ਮੇਰੀਆਂ ਅੱਖਾਂ ਕਿਵੇਂ ਦੀਆਂ ਲਗਦੀਆਂ ਨੇ। ਕਈ ਕਹਿੰਦੇ ਨੇ ਕਿ ਮੇਰੀਆਂ ਅੱਖਾਂ ਬੜੀਆਂ ਮੋਟੀਆਂ ਨੇ।" ਤਾਂ ਉਹ ਅੱਗੋਂ ਕਹਿੰਦਾ, "ਨਹੀਂ ਨਹੀਂ ਕੌਣ ਕਹਿੰਦਾ ਹੈ ? ਅੱਖਾਂ ਤਾਂ ਬਹੁਤ ਸੁਹਣੀਆਂ ਨ

Academy of the Punjab in North America: http://www.apnaorg.com

ਤੇਰੀਆਂ।" ਤਾਂ ਉਹ ਖੁਸ਼ ਹੋ ਜਾਂਦੀ।

ਉਹ ਘਰ ਆ ਕੇ ਆਪਣੀ ਮਾਂ ਨੂੰ ਵੀ ਇਹੋ ਗਲ ਸੁਣਾਉਂਦੀ, ਕਿ ਫਲਾਣਾ ਕਹਿੰਦਾ ਕਿ ਤੇਰਾ ਨੱਕ ਬੜਾ ਸੁਹਣਾ ਹੈ, ਕੋਈ ਕਹਿੰਦਾ ਤੇਰੇ ਹੱਥ ਚੰਗੇ ਨੇ, ਤੇ ਕੋਈ ਆਖਦਾ ਤੇਰੇ ਬੁੱਲ ਬੜੇ ਪਿਆਰੇ ਨੇ ਆਦਿ।

ਉਸਦੀ ਮਾਂ ਕਈ ਵਾਰ ਝਿੜਕ ਦਿੰਦੀ। "ਐਵੇਂ ਨਹੀਂ ਬਹੁਤੀ ਵਡਿਆਈ ਕਰੀ ਜਾਈਦੀ ਤੇ ਨਾ ਮੁੰਡਿਆਂ ਸਾਹਮਣੇ ਬਹੁਤਾ ਹੱਸੀਦਾ ਹੀ ਹੈ।" ਭਾਵੇਂ ਵਿਚੋਂ ਉਸਦੀ ਮਾਂ ਖੁਸ਼ ਹੁੰਦੀ ਕਿ ਉਸਦੀ ਧੀ ਦੀ ਸੁੰਦਰਤਾ ਨੂੰ ਸਭ ਲੋਕ ਸਲਾਹੁੰਦੇ ਹਨ ਪਰ ਉਹ ਇਹ ਜਰੂਰ ਚਾਹੁੰਦੀ ਕਿ ਉਸਦੀ ਧੀ ਪੜ੍ਹ ਲਿਖ ਕੇ ਕਿਸੇ ਉੱਚੇ ਰੁਤਬੇ ਆਦਰਯੋਗ ਰੁਤਬੇ ਤੇ ਪਹੁੰਚੇ। ਪ੍ਰੰਤੂ ਨਿਰਾ ਚਾਹੁਣ ਨਾਲ ਤਾਂ ਕੋਈ ਕਿਤੇ ਨ੍ਹੀਂ ਪਹੁੰਚ ਜਾਂਦਾ। ਉਸ ਦੀ ਧੀ ਦਾ ਉਲਾਰ ਤਾਂ ਫਿਲਮਾਂ ਵੱਲ ਹੀ ਹੁੰਦਾ ਗਿਆ। ਉਹ ਬੀ. ਏ. ਵੀ ਉਸ ਡਾਂਸ ਤੇ ਮਿਊਜਿਕ ਵਿਸ਼ਿਆਂ ਨਾਲ ਹੀ ਕੀਤੀ।

ਫਿਲਮੀ ਮੈਗਜ਼ੀਨ ਤਾਂ ਉਹ ਪੜ੍ਹਦੀ ਹੀ ਰਹਿੰਦੀ ਸੀ। ਇਕੇਰਾਂ ਫਿਲਮਾਂ 'ਚ ਐਕਟਿੰਗ ਕਰਨ ਦੀ ਟ੍ਰੇਨਿੰਗ ਲਈ ਇਸ਼ਤਿਹਾਰ ਨਿਕਲਿਆ ਤਾਂ ਉਸ ਵੇਲਾ ਨਹੀਂ ਦੇਖਿਆ। ਫਾਰਮ ਭਰ ਕੇ ਭੇਜ ਦਿੱਤਾ। ਤੇ ਫਿਰ ਉਸ ਨੇ ਪੂਨੇ ਤੋਂ ਇਕ ਸਾਲ ਡਾਂਸ ਤੇ ਐਕਟਿੰਗ ਦੀ ਟ੍ਰੇਨਿੰਗ ਲਈ। ਫਿਰ ਜਿੱਥੇ ਵੀ ਕੋਈ ਵਾਕਫ ਮਿਲਦਾ, ਉਸ ਰਾਹੀਂ ਕਿਸੇ ਡਾਇਰੈਕਟਰ ਜਾਂ ਪ੍ਰੋਡਿਊਸਰ ਨੂੰ ਮਿਲਦੀ। ਉਹ ਕਿਸੇ ਸ਼ੂਟਿੰਗ ਦੇਖਣ ਲਈ ਜਾਂਦੀ, ਕਿਸੇ ਪਾਰਟੀ ਤੇ ਜਾਂਦੀ। ਹੁਣ ਤੱਕ ਕਈਆਂ ਦੀ ਨਜਰ 'ਚ ਵੀ ਆ ਗਈ ਸੀ। ਨਵਾਂ ਕਰੈਕਟਰ ਦੇਖ ਕੇ ਕਈਆਂ ਦੇ ਮਨ 'ਚ ਚੰਗੇ ਮਾੜੈ ਸੁਪਨੇ ਉੱਗਣੇ ਸ਼ੁਰੂ ਹੋ ਗਏ।

"ਕੁੜੀ ਦੇਖਣ ਨੂੰ ਤਾਂ ਚੰਗੀ ਹੈ, ਹਿਪਸ ਜਰਾ ਕੁ ਭਾਰੇ ਨੇ, ਐਕਟਿੰਗ ਦਾ ਤਜਰਬਾ ਵੀ ਨਹੀਂ ਹੈ, ਫਿਲਮ ਫਲਾਪ ਨਾ ਹੋ ਜਾਏ, ਕੁੜੀ ਪੰਜਾਬੀ ਫਿਲਮਾਂ 'ਚ ਬਹੁਤ ਜਚੇਗੀ, ਕਿੰਨਾ ਮਸੂਮ ਤੇ ਭੋਲਾ ਚਿਹਰਾ ਹੈ, ਜੇ ਮੇਰੇ ਲੜਕੇ ਨਾਲ ਸ਼ਾਦੀ ਹੋ ਜਾਏ ਤਾਂ, 'ਸ਼ਹਿਜਾਦੀ' ਫਿਲਮ ਲਈ ਅਜਿਹੀ ਲੜਕੀ ਚਾਹੀਦੀ ਸੀ ਆਦਿ ਤੇ ਇਕ ਡਾਇਰੈਕਟਰ ਨੇ ਸੋਚਿਆ ਕਿ ਫਿਲਮ ਲਈ ਨਵਾਂ ਆਕਰਸ਼ਕ ਚਿਹਰਾ ਚਾਹੀਦਾ ਹੈ। ਇਹਨਾਂ ਪਾਸੋਂ ਹੀ ਪੈਸੇ ਲੈ ਕੇ ਫਿਲਮ ਬਣਾਉਂਦਾ ਹਾਂ।"

ਤੇ ਉਹ ਪੱਲਿਓਂ ਪੈਸੇ ਦੇ ਕੇ ਥੋਹੜੇ ਜਿਹੇ ਰੋਲ ਲਈ ਮੰਨ ਗਈ। ਇਕ ਵਾਰ ਫਿਲਮਾਂ 'ਚ ਪੈਰ ਅੜ ਜਾਏ ਨਾਲੇ ਕੁਝ ਤਜਰਬਾ ਹੋ ਜਾਏਗਾ। ਆਵਾਂਗੀ ਤਾਂ ਮੈਂ ਹੀਰੋਇਨ ਬਣ ਕੇ ਹੀ। ਜਿਥੋਂ ਦੀ ਲੰਘਿਆ ਕਰਾਂਗੀ, ਆਲੇ ਦੁਆਲੇ ਭੀੜ ਲਗ ਜਾਇਆ ਕਰੇਗੀ। ਹਾਇ ! ਕਿੰਨਾ ਮਜ਼ਾ ਆਏਗਾ ਰੁਮਾਂਟਿਕ ਸੀਨ ਕਰਕੇ ਤੇ ਉਹ ਮਸਤੀ 'ਚ ਆ ਕੇ ਡਾਂਸ ਕਰਨ ਲੱਗ ਜਾਂਦੀ। ਉਸ ਪੰਜਾਬੀ ਫਿਲਮਾਂ ਦੇ ਦੋ ਪ੍ਰੋਡਿਊਸਰਾਂ ਨੂੰ ਠੁਕਰਾ ਦਿੱਤਾ ਕਿਉਂ ਜੋ ਉਸ ਸੁਣਿਆ ਸੀ ਕਿ ਜੋ ਇਕੇਰਾਂ ਪੰਜਾਬੀ ਫਿਲਮਾਂ 'ਚ ਚਲਾ ਜਾਏ ਤਾਂ ਉਹ ਮੁੜ ਹਿੰਦੀ ਫਿਲਮਾਂ 'ਚ ਨਹੀਂ ਚੱਲ ਸਕਦਾ। ਮੈਂ ਤਾਂ ਹੇਮਾ ਮਾਲਿਨੀ ਤੇ ਸ੍ਰੀ ਦੇਵੀ ਨੂੰ ਪਛਾੜਨਾ ਹੈ ਆਦਿ ਖਿਆਲੀ ਪਲਾਓ ਨਾਲ ਹੀ ਉਹ ਖੀਵੀ ਹੋ ਹੋ ਜਾਂਦੀ।

ਇਕੇਰਾਂ ਕਿਸੇ ਪਾਰਟੀ 'ਚ ਇਕ ਲੜਕੇ ਨੇ ਉਸ ਨੂੰ ਬੜਾ ਪ੍ਰਭਾਵਤ ਕੀਤਾ। ਰੰਗ ਭਾਵੇਂ ਉਸਦਾ ਸਾਂਵਲਾ ਸੀ ਪਰ ਉਸਦੇ ਨਕਸ਼ ਨੈਣ, ਉਸਦੀ ਮੁਸਕਾਣ, ਉਸਦਾ ਸਭ ਨੂੰ ਪਿਆਰ ਸਤਿਕਾਰ ਨਾਲ ਮਿਲਣਾ, ਹਲੀਮੀ ਤੇ ਮਿਠਾਸ ਨਾਲ ਬੋਲਣਾ, ਉਸਦਾ ਫੱਬਵਾਂ


Academy of the Punjab in North America: http://www.apnaorg.com

ਲਿਬਾਸ ਆਦਿ ਸਭ ਉਸਦੀ ਸ਼ਖਸ਼ੀਅਤ ਨੂੰ ਚਾਰ ਚੰਨ ਲਾ ਰਹੇ ਸਨ ।

"ਹੈਲੋ" ਲੜਕੇ ਨੇ ਉਸ ਵਲ ਵੀ ਹੱਥ ਵਧਾਇਆ । "ਆਪ ਯਹਾਂ ਨਈ ਨਈ ਆਈ ਲੱਗਤੀ ਹੈਂ, ਬਹੁਤ ਅੱਛੀ ਲਗ ਰਹੀ ਹੈਂ ? ਕਹਾਂ ਸੇ ਆਈ ਹੈਂ, ਪੰਜਾਬੀ ਲਗਤੀ ਹੈਂ ।" ਉਹ ਇਕੋ ਵਾਰੀ ਕਿੰਨੇ ਸੁਆਲ ਕਰ ਗਿਆ ।

ਖੈਰ ਉਸਨੂੰ ਬਹੁਤ ਹੀ ਅੱਛਾ ਲੱਗਾ ਤੇ ਉਸ ਹਾਂ 'ਚ ਜੁਆਬ ਦਿੱਤਾ । ਬਿਲਕੁਲ ਠੀਕ ਹੈ ਅੰਦਾਜ਼ਾ ਤੁਹਾਡਾ । ਅਸੀਂ ਅੰਮ੍ਰਿਤਸਰੋਂ ਆਏ ਹਾਂ, ਫਿਲਮਾਂ ਦਾ ਸ਼ੌਂਕ ਹੀ ਇਥੇ ਲੈ ਆਇਆ ਮੈਨੂੰ ।

"ਹਾਂ ਐਸੇ ਬਹੁਤ ਆਤੇ ਹੈਂ ਹਮਾਰੇ ਪਾਸ, ਲੇਕਿਨ ਕਾਮਯਾਬ ਕੋਈ ਕੋਈ ਹੋਤਾ ਹੈ ਮੈਂ ਆਪ ਕੀ ਮਦਦ ਕਰ ਸਕਤਾ ਹੂੰ, ਅਗਰ ਚਾਹੋ ਤੋ ਜ਼ਰੂਰ ਬਤਾਨਾ ।"

"ਅੱਛਾ, ਮੈਂ ਪਾਪਾ ਕੇ ਸਾਥ ਸੈੱਟ ਤਿਆਰ ਕਰਨੇ ਕੇ ਲੀਏ ਜਾਨਾ ਹੈ ।"

"ਆਪ ਕਾ ਨਾਮ ਕਿਆ ਹੈ ?"

"ਦੀਪਾ"

ਤੇ ਉਹ ਹਵਾ ਦੇ ਬੁਲ੍ਹੇ ਵਾਂਗ ਆਇਆ ਤੇ ਚਲਾ ਗਿਆ । ਇਕ ਮਹਿਕ ਜਿਹੀ ਛੱਡ ਗਿਆ ਜੋ ਦੇਰ ਚਿਰ ਤੱਕ ਆਉਂਦੀ ਰਹੀ । ਕਿੰਨਾ ਹੈਂਡਸਮ ਤੇ ਸਮਾਰਟ ਲੜਕਾ ਹੈ ।

ਦੀਪਾ ਨੂੰ ਫਿਲਮ 'ਚ ਰੋਲ ਛੋਟਾ ਜਿਹਾ ਮਿਲਿਆ ਪਰ ਬਦਕਿਸਮਤੀ ਨੂੰ ਇਹ ਪਿਕਚਰ ਬਹੁਤੀ ਚਲ ਨਾ ਸਕੀ । ਜਿੰਨੇ ਪੈਸੇ ਲਾਏ ਉਹ ਵੀ ਨਾ ਮਿਲੇ । ਦੀਪਾ ਨੂੰ ਵੈਸੇ ਕੁਝ ਚਾਨਣ ਵੀ ਹੋ ਗਿਆ ਸੀ, ਕਿ ਫਿਲਮਾਂ 'ਚ ਥਾਂ ਬਣਾਉਣੀ ਕੋਈ ਸੌਖਾ ਕੰਮ ਨਹੀਂ ਹੈ । ਰਾਤ ਦਿਨ ਮਿਹਨਤ ਕਰਨੀ ਪੈਂਦੀ ਹੈ । ਡਾਇਰੈਕਟਰ ਲੋਕ ਕਈ ਵਾਰ ਐਵੇਂ ਹੀ ਕਿਸੇ ਕੰਮ 'ਚ ਨੁਕਸ ਕੱਢ ਦਿੰਦੇ ਹਨ ਤੇ ਕਈ ਵਾਰ ਸਰੀਰਕ ਲਾਭ ਵੀ ਉਠਾਉਂਦੇ ਨੇ । ਦੀਪਾ ਨੂੰ ਕਈ ਪਿਕਚਰਾਂ ਦੀ ਪੇਸ਼ਕਸ਼ ਤਾਂ ਆਉਣ ਲੱਗੀ ਪਰ ਬਹੁਤੇ ਉਸਨੂੰ ਅੱਧ ਨੰਗੇ ਗਲੈਮਰ ਸੀਨ ਦੇਣ ਲਈ ਹੀ ਕਹਿੰਦੇ । ਉਹ ਬੜੀ ਸ਼ਸ਼ੋਪੰਜ 'ਚ ਪੈ ਗਈ ।

ਇਕੇਰਾਂ ਕਿਸੇ ਨਾਲ ਸ਼ੂਟਿੰਗ ਤੇ ਗਈ ਤਾਂ ਉਥੇ ਉਸਨੂੰ ਓਹੀ ਸਮਾਰਟ ਲੜਕਾ ਮਿਲਿਆ ।

"ਹੈਲੋ ਦੀਪਾ, ਕੈਸੀ ਹੋ ?"

ਦੀਪਾ ਸਿਰਫ ਮੁਸਕਰਾ ਹੀ ਸਕੀ, ਹੈਰਾਨੀ ਦੀ ਮੂਰਤ ਬਣੀ ਰਹੀ ਕਿ ਉਹ ਤਾਂ ਉਸੇ ਨੂੰ ਹੀ ਯਾਦ ਕਰ ਰਹੀ ਸੀ ਤੇ ਉਹ ਸਾਹਮਣੇ ਆ ਗਿਆ ।

"ਆਪ ਭੀ ਫਿਲਮੋਂ ਮੇਂ ਕਾਮ ਕਰਤੇ ਹੋ ?" ਦੀਪਾ ਨੇ ਪੁੱਛਿਆ ।

"ਕਰਤਾ ਹੂੰ ਲੇਕਿਨ ਸਕਰੀਨ ਪਰ ਨਹੀਂ ਆਤਾ । ਮੇਰੇ ਪਿਤਾ ਡਾਇਰੈਕਟਰ ਹੈਂ, ਮੈਂ ਉਨ ਕੇ ਸਾਥ ਹੀ ਕਾਮ ਕਰਤਾ ਹੂੰ । ਵੈਸੇ ਮੁਝੇ ਯਹ ਲਾਈਨ ਇਤਨੀ ਅੱਛੀ ਨਹੀਂ ਲੱਗਤੀ । ਸਭ ਬਨਾਵਟ ਹੋਤੀ ਹੈ । ਲੜਕਾ ਲੜਕੀ ਇਧਰ ਉਧਰ ਘੁਮਤੇ ਹੈਂ, ਫਿਰ ਸ਼ਾਦੀ ਮੇਂ ਰੁਕਾਵਟ, ਫਿਰ ਲੜਾਈ ਤੋ ਫਿਰ ਸ਼ਾਦੀ ਯਾ ਮੌਤ । ਬਸ ਯਹੀ ਹੋਤਾ ਹੈ ਹਰ ਫਿਲਮ ਮੇਂ ।"

"ਹਾਂ, ਹੈ ਇਸੀ ਤਰ੍ਹਾਂ ।"

"ਹੈਲੋ ਧਰਮਿੰਦਰ", ਲਾਗਿਓਂ ਲੰਘ ਰਹੇ ਧਰਮਿੰਦਰ ਨੂੰ ਘੁੱਟ ਕੇ ਮਿਲਿਆ ।


Academy of the Punjab in North America: http://www.apnaorg.com

"ਐਸਾ ਨਹੀਂ ਹੈ, ਮੇਰੇ ਸੇ ਤੋ ਸਭ ਅੱਛੇ ਬੋਲਤੇ ਹੈਂ । ਜ਼ਰੂਰੀ ਨਹੀਂ ਹੈ ਕਿ ਫਿਲਮੋਂ ਕਾ ਕਾਮ ਸਭ ਸੇ ਅੱਛਾ ਹੈ । ਦੂਸਰੇ ਕਾਮ ਜੈਸੇ ਇੰਜੀਨੀਅਰਿੰਗ, ਡਾਕਟਰੀ, ਪਾਇਲਟ ਯਾ ਬਿਜ਼ਨਸਮੈਨ ਸਭੀ ਇਤਨੇ ਇੰਟੈਲੀਜੈਂਟ ਔਰ ਅੱਛੇ ਹੋਤੇ ਹੈ, ਸਿਰਫ ਸਕਰੀਨ ਮੇਂ ਨਹੀਂ ਆਤੇ । ਪਿਕਚਰੇਂ ਬਨਾਨਾ ਭੀ ਏਕ ਬਿਜ਼ਨੈੱਸ ਹੀ ਤੋ ਹੈ ।"

ਫਿਰ ਇਕੇਰਾਂ ਉਸਦੇ ਹੋਰ ਦੋਸਤ ਮਿਲੇ, ਉਸ ਨਾਲ ਉਹ ਬੰਗਲਾ ਬੋਲ ਰਿਹਾ ਸੀ, " ਗਤੋਕਾਲ ਆਪਨੀ ਕੋਥਾਏ ਗਿਏ ਸ਼ਿਲੇ, ਆਪਨਾ ਕੇ ਆਬਾਰ ਦੇਖੇ ਖ਼ੁਸ਼ੀ ਹੋਲਾਮ ।"

"ਆਪ ਨੇ ਬੰਗਲਾ ਭੀ ਸਿਖੀ ਹੈ ?" ਦੀਪਾ ਨੇ ਹੈਰਾਨ ਹੁੰਦੇ ਹੋਏ ਕਿਹਾ ।

"ਅਰੇ ਯਹ ਤੋ ਹਾਮਰੀ ਮਾਤਰੀ ਭਾਸ਼ਾ ਹੈ । ਯੇਹ ਬੋਲ ਕਰ ਤੋ ਬਹੁਤ ਮਜ਼ਾ ਆਤਾ ਹੈ, ਤਸੱਲੀ ਹੋਤੀ ਹੈ ।"

"ਅੱਛਾ, ਤਾਂ ਤੁਸੀਂ ਬੰਗਾਲੀ ਹੋ ?"

"ਬੇਸ਼ੱਕ, ਹਮ ਕਲਕੱਤੇ ਕੇ ਰਹਿਨੇ ਵਾਲੇ ਥੇ ।"

"ਪਰ ਤੁਸੀਂ ਤਾਂ ਹਿੰਦੀ ਵੀ ਇਨੀਂ ਸਰਲ ਬੋਲਦੇ ਹੋ, ਬਲਕਿ ਇੰਗਲਿਸ਼ ਤੇ ਮਰਾਠੀ ਵੀ ।"

"ਹਾਂ, ਬੰਬੇ ਆ ਗਏ ਤੋ ਯੇਹ ਸਭ ਹੋਤਾ ਹੀ ਹੈ । ਮੇਰੇ ਪਿਤਾ ਕੋ ਸ਼ੌਂਕ ਥਾ ਫਿਲਮੇਂ ਬਨਾਨੇ ਕਾ, ਬਸ ਯਹਾਂ ਕੇ ਹੀ ਹੋ ਕਰ ਰਹਿ ਗਏ ।"

"ਕਿਆ ਨਾਮ ਹੈ ਉਹਨਾਂ ਦਾ ?"

"ਗਿਰਿਸ਼ਮੁਕਰ ਜੀ"

"ਉਹ ! ਇਹ ਤਾਂ ਬੜਾਂ ਮਸ਼ਹੂਰ ਨਾਮ ਹੈ । ਤਾਂ ਆਪ ਉਹਨਾਂ ਦੇ ਬੇਟੇ ਹੋ ।" ਦੀਪਾ ਇਕ ਦਮ ਜਜ਼ਬਾਤੀ ਹੋ ਗਈ ਤੇ ਕੁਝ ਸ਼ਰਮਾ ਕੇ ਚੁੱਪ ਹੋ ਗਈ ।

ਦੀਪਾ ਸੋਚ ਸੋਚ ਹੈਰਾਨ ਹੋ ਰਹੀ ਸੀ ਕਿ ਉਸ ਦਾ ਮੇਲ ਕਿੰਨੀ ਵੱਡੀ ਸ਼ਖਸ਼ੀਅਤ ਨਾਲ ਹੋਇਆ ਹੈ । ਸੱਚ ਕਿੰਨਾ ਦਿਲਕਸ਼ ਤੇ ਦਿਲਖੁਸ਼ ਹੈ । ਆਉਂਦਾ ਹੈ ਤਾਂ ਕੋਈ ਧੂਹ ਜਿਹੀ ਪਾ ਕੇ ਚਲਾ ਜਾਂਦਾ ਹੈ । ਦਿਲ ਕਰਦਾ ਹੈ ਕਿ ਉਸ ਪਾਸ ਹੀ ਬੈਠੀ ਰਹਾਂ ਤੇ ਉਹ ਗੱਲਾਂ ਕਰੀ ਜਾਏ । ਵੈਸੇ ਉਹ ਆਪਣੀ ਕਿਸੇ ਪਿਕਚਰ 'ਚ ਮੈਨੂੰ ਹੀਰੋਇਨ ਦਾ ਰੋਲ ਵੀ ਦਵਾ ਸਕਦਾ ਹੈ । ਬੜੀ ਅਜੀਬ ਗਲ ਹੈ ਕਿ ਉਸ ਨੂੰ ਫਿਲਮਾਂ 'ਚ ਐਕਟਿੰਗ ਕਰਨ ਦਾ ਸ਼ੌਂਕ ਨਹੀਂ ਹੈ । ਭਲਾ ਜੇ ਉਸ ਨੂੰ ਕਹਿ ਕੇ ਦੇਖਾਂ ।

ਦੀਪਾ ਉਸ ਵਲ ਜਾ ਰਹੀ ਸੀ ਕਿ ਅੱਗੋਂ ਰਸਤੇ 'ਚ ਉਹ ਆਉਂਦਾ ਦਿਸਿਆ ।

"ਮੈਂ ਨੇ ਆਪ ਸੇ ਏਕ ਬਾਤ ਕਰਨੀ ਥੀ ।"

"ਮੈਂ ਭੀ ਕੁਝ ਕਹਿਣ ਲਈ ਆ ਰਹੀ ਸਾਂ ।"

"ਤੋ ਪਹਿਲੇ ਆਪ ਕਹਿ ਲੇਂ ।"

"ਨਹੀਂ, ਪਹਿਲੇ ਆਪ ।"

"ਲੇਡੀਜ਼ ਫਸਟ"

"ਅੱਛਾ ਬਾਬਾ, ਮੈਂ ਹੀ ਸਹੀ । ਮੈਂ ਚਾਹੁੰਦੀ ਹਾਂ..."

"ਹਾਂ ਕਹੋ..."

"ਮੈਂ ਦਰਅਸਲ ਹੀਰੋਇਨ ਬਣਨਾ ਚਾਹੁੰਦੀ ਹਾਂ । ਇਹ ਸੁਣ ਕੇ ਰਾਹੁਲ ਦਾ ਮੂੰਹ ਲਟਕ ਗਿਆ ।


Academy of the Punjab in North America http://www.apnaorg.com

"ਆਪ ਚੁੱਪ ਕਿਉਂ ਹੋ ਗਏ। ਏਨਾਂ ਚੁੱਪ ਤਾਂ ਮੈਂ ਆਪਨੂੰ ਕਦੇ ਵੀ ਨਹੀਂ ਦੇਖਿਆ" ਦੀਪਾ ਨੇ ਉਤਸੁਕ ਹੁੰਦਿਆਂ ਪੁੱਛਿਆ।

ਥੋਹੜੀ ਦੇਰ ਸੋਚ ਕੇ ਪਿਆਰ ਅਫਸੋਸ ਦੇ ਮਿਲਵੇਂ ਭਾਵਾਂ 'ਚ ਰਾਹੁਲ ਕਹਿਨ ਲੱਗਾ, "ਦੇਖ ਦੀਪਾ" ਉਸਦਾ ਹੱਥ ਆਪਣੇ ਹੱਥਾਂ ਵਿਚ ਘੁੱਟ ਕੇ।

"ਤੂੰ ਪਹਿਲੇ ਦਿਨ ਤੋਂ ਹੀ ਮੇਰੇ ਦਿਲ ਨੂੰ ਛੂਹ ਗਈ। ਓਦੋਂ ਤੋਂ ਹੀ ਤੈਨੂੰ ਚਾਹੁਣ ਲੱਗਾ ਹਾਂ ਤੇ ਮਨ 'ਚ ਫੈਸਲਾ ਕਰ ਲਿਆ ਸੀ ਕਿ ਸ਼ਾਦੀ ਕਰਾਂਗਾ ਤਾਂ ਤੇਰੇ ਸਾਥ ਹੀ, ਅਗਰ ਤੁਮ ਚਾਹੋ ਤੋ।"

ਦੀਪਾ ਦੇ ਮੂੰਹ ਤੇ ਚੜ੍ਹਦੇ ਸੂਰਜ ਦੀ ਲਾਲੀ ਭਾਅ ਮਾਰਨ ਲੱਗੀ। ਉਹ ਹੋਰ ਨਿੱਖਰ ਗਈ, "ਤੁਸੀਂ ਤਾਂ ਮੇਰੇ ਮਨ ਦੀ ਬੁੱਝ ਲਈ, ਪਰ ਇਹ ਨਹੀਂ ਹੋ ਸਕਦਾ। ਤੁਸੀਂ ਬੰਗਾਲੀ ਅਸੀਂ ਪੰਜਾਬੀ।"

"ਤੋ ਕਿਆ ਹੂਆ। ਬੋਲੀ, ਰਸਮ, ਰਿਵਾਜ ਇਹ ਸਭ ਤਾਂ ਬਾਹਰੀ ਚੀਜ਼ਾਂ ਹਨ। ਪਿਆਰ ਇਹ ਕੁਝ ਨਹੀਂ ਦੇਖਦਾ। ਇਨਸਾਨ ਤਾਂ ਅਸੀਂ ਉਹੀ ਹਾਂ। ਕਿਸ਼ਤੀ ਤੋ ਏਕ ਹੈ ਪਿਆਰ ਕੀ ਕਿਸ਼ਤੀ। ਕਿਸ਼ਤੀ ਮਜ਼ਬੂਤ ਹੋ ਤੋ ਲਹਿਰੇਂ ਭੀ ਝੁਕ ਜਾਤੀ ਹੈ।"

"ਫਿਰ ਭੀ...."

ਤੇ ਓਹੀ ਗਲ ਹੋਈ ਦੀਪਾ ਦੇ ਘਰ ਦੇ, ਖਾਸ ਕਰਕੇ ਉਸਦੀ ਮਾਂ ਨੇ ਇਸਦਾ ਬਹੁਤ ਹੀ ਵਿਰੋਧ ਕੀਤਾ, "ਕਿ ਸਾਰੇ ਰਿਸ਼ਤੇਦਾਰ ਤੇ ਹੋਰ ਕੀ ਕਹਿਣਗੇ ਕਿ ਕੁੜੀ ਲਈ ਆਪਣੀ ਬਰਾਦਰੀ 'ਚ ਰਿਸ਼ਤੇ ਮੁੱਕ ਗਏ। ਮੈਂ ਤਾਂ ਚਾਹੁੰਦੀ ਸਾਂ ਕਿ ਤੇਰੇ ਲਈ ਕੋਈ ਗੋਰਾ ਸੁਨੱਖਾ ਵਰ ਲੱਭਾਂਗੀ ਪਰ ਤੇਰਾ ਦਿਮਾਗ ਤਾਂ ਹਮੇਸ਼ਾਂ ਭੈੜੀਆਂ ਗਲਤ ਗੱਲਾਂ ਤੇ ਹੀ ਡੁਲ੍ਹ ਜਾਂਦਾ ਹੈ। ਤੇਰੀ ਖਾਤਿਰ ਅਸੀਂ ਇੱਥੇ ਬੰਬਈ ਆਏ ਕਿ ਚਲੋ, ਤੇਰਾ ਸ਼ੌਂਕ ਪੂਰਾ ਹੋ ਜਾਏਗਾ ਪਰ ਤੂੰ ਤਾਂ...."

"ਮੰਮੀ ਉਹ ਕੋਈ ਮਾੜੇ ਮੋਟੇ ਵਿਅਕਤੀ ਨਹੀਂ ਹਨ। ਫਿਲਮ ਇੰਡਸਟਰੀ ਦੇ ਮੰਨੇ ਪ੍ਰਮੰਨੇ ਡਾਇਰੈਕਟਰ ਹਨ। ਕਈ ਐਕਟਰ ਐਕਟ੍ਰੈਸਾਂ ਦੀ ਜਿੰਦਗੀ ਬਣਾ ਦਿੱਤੀ ਹੈ ਉਹਨਾਂ ਨੇ। ਹੋਰ ਕੰਮਾਂ ਵਾਲੇ ਵੀ ਗੁਣ ਗਾਉਂਦੇ ਹਨ ਉਹਨਾਂ ਦੇ।"

"ਅੱਛਾ, ਅੱਛਾ ਤੇਰੀ ਜਿੰਦਗੀ ਬਣੂ ਤਾਂ ਦੇਖਾਂਗੇ।"

ਤੇ ਦੀਪਾ ਉਸ ਨਾਲ ਕਦੇ ਕਿਸੇ ਪਾਰਟੀ ਜਾਂ ਸ਼ੂਟਿੰਗ ਦੇਖਣ ਜਾਂ ਕਿਸੇ ਹੋਰ ਥਾਂ ਘੁੰਮਣ ਚਲੀ ਜਾਂਦੀ। ਇਸ ਦੌਰਾਨ ਉਸਨੂੰ ਫਿਲਮੀ ਦੁਨੀਆਂ ਦੀ ਕਾਫੀ ਵਾਕਬੀ ਹੋ ਗਈ। ਬਾਹਰੋਂ ਦਿਸਣ ਵਾਲੀ ਚਕਾਚੌਂਧ ਵਾਲੀ ਤੇ ਸ਼ਾਨੋ ਸ਼ੌਕਤ ਵਾਲੀ ਦੁਨੀਆ ਅੰਦਰੋਂ ਭ੍ਰਿਸ਼ਟ, ਬਿਮਾਰ ਤੇ ਕਮਾਈ ਦਾ ਜ਼ਰੀਆ ਹੀ ਲੱਗੀ।

ਦੀਪਾ ਤੇ ਉਹ ਕਾਫੀ ਘੁਲ ਮਿਲ ਗਏ ਸਨ। ਪਰ ਦੀਪਾ ਦੀ ਚਾਹ ਸੀ ਕਿ ਉਹ ਇਕ ਵਾਰ ਪਰਦੇ ਉਪਰ ਹੀਰੋਇਨ ਬਣ ਕੇ ਆਵੇ। ਬੱਸ ਇੱਥੇ ਆ ਕੇ ਉਹਨਾਂ ਦੀ ਬਹਿਸ ਸ਼ੁਰੂ ਹੋ ਜਾਂਦੀ ਤੇ ਪਿਆਰ ਰੁਕ ਜਾਂਦਾ। ਰਾਹੁਲ ਕਹਿੰਦਾ ਫਿਲਮ ਲਾਇਨ ਤੇਰੇ ਜੈਸੀਆਂ ਲੜਕੀਆਂ ਲਈ ਠੀਕ ਨਹੀਂ ਹੈ। ਵੈਸੇ ਵੀ ਭਾਰੇ ਹਿਪਸ ਵਾਲੀ ਹੀਰੋਇਨ ਪਰਦੇ ਉਪਰ ਏਨੀ ਨਹੀਂ ਜਚੇਗੀ।

ਦੇਖ ਦੀਪਾ, ਉਸਦੇ ਮੋਢੇ ਦੁਆਲੇ ਬਾਹਾਂ ਵਲਾ ਕੇ ਰਾਹੁਲ ਕਹਿਣ ਲੱਗਾ, "ਮੈਂਨੇ ਤੁਝੇ ਦਿਲ ਸੇ ਚਾਹਾ ਹੈ। ਔਰ ਆਪਸੇ ਸ਼ਾਦੀ ਕਰਨਾ ਚਾਹਤਾ ਹੂੰ। ਹਮਾਰੇ ਘਰ ਕਾ



Academy of the Punjab in North America: http://www.apnaorg.com

ਅਸੂਲ ਹੈ ਕਿ ਹਮਾਰੇ ਘਰ ਕੀ ਲੜਕੀ ਯਾ ਬਹੂ ਫਿਲਮੋਂ ਮੇਂ ਕਾਮ ਨਹੀਂ ਕਰ ਸਕਤੀ। ਯੇਹ ਹਮਾਰੇ ਘਰ ਕੀ ਇਜ਼ਤ ਕਾ ਸਵਾਲ ਹੈ। ਫਿਲਮੋਂ ਮੇਂ ਕਾਮ ਕਰਨੇ ਵਾਲੇ ਤੋ ਹਮਾਰੇ ਨੌਕਰੋਂ ਕੀ ਤਰ੍ਹਾਂ ਹੈਂ। ਮੈਂ ਚਾਹਤਾ ਹੂੰ ਕਿ ਤੂੰ ਇਸ ਘਰ ਦੀ ਮਹਾਰਾਣੀ ਬਣ ਕੇ ਰਹੇ ਨਾ ਕਦੇ ਕਿਸੀ ਕੀ ਬਾਹੋਂ ਮੇਂ ਤੋ ਕਭੀ ਕਿਸੀ ਕੀ ਬਾਹੋਂ ਮੇਂ ਰੁਮਾਂਸ ਕਰਤੀ ਫਿਰੇਂ।"

ਦੀਪਾ ਖਾਮੋਸ਼ ਸੀ।

"ਦੇਖ, ਮੈਂ ਤੇਰੇ ਸਾਥ ਕੋਈ ਜਬਰਦਸਤੀ ਨਹੀਂ ਕਰਨੀ ਚਾਹਤਾ। ਅਪਨਾ ਫੈਸਲਾ ਤੁਮ ਖੁਦ ਕਰ ਸਕਤੀ ਹੋ। ਮੇਰੀ ਤਰਫ ਸੇ ਅਜ਼ਾਦ ਹੋ ਕਿ ਅਗਰ ਮੇਰੇ ਸੇ ਸ਼ਾਦੀ ਕਰਨੀ ਚਾਹਤੀ ਹੋ ਤੋ ਫਿਲਮ ਛੋੜਨੀ ਪੜੇਗੀ। ਨਹੀਂ ਤੋ ਦੋਸਤੀ ਤੋ ਹੈ ਹੀ।"

ਦੀਪਾ ਉਸ ਨੂੰ ਕਿਸੇ ਵੀ ਕੀਮਤ ਤੇ ਛੱਡਣਾ ਨਹੀਂ ਸੀ ਚਾਹੁੰਦੀ। ਉਸ ਲਈ ਇਹੀ ਫ਼ਖ਼ਰ ਵਾਲੀ ਗੱਲ ਸੀ ਕਿ ਉਹ ਏਨੇਂ ਵੱਡੇ ਡਾਇਰੈਕਟਰ ਦੀ ਨੂੰਹ ਬਣੇਗੀ। ਉਹ ਸਭ ਕਲਾਕਾਰਾਂ ਨੂੰ ਮਿਲਿਆ ਕਰੇਗੀ, ਉਹਨਾਂ ਦੀ ਅਗਵਾਈ ਕਰੇਗੀ। ਸਭ ਉਸਦਾ ਆਦਰ ਕਰਨਗੇ।

ਤੇ ਦੀਪਾ ਨੇ ਰਾਹੁਲ ਦੇ ਪਿਆਰ ਅੱਗੇ ਆਪਣੇ ਫਿਲਮੀ ਉਮੰਗਾਂ ਦੇ ਹਥਿਆਰ ਸੁੱਟ ਦਿੱਤੇ।

*****



Academy of the Punjab in North America: http://www.apnaorg.com

# ਕਾਨੂੰਨ ਦੀ ਦੀਵਾਰ

ਟੈਂਪੂ ਦੀ ਆਵਾਜ਼ ਸੁਣਦਿਆਂ ਹੀ ਗੁਰਮੀਤ ਨੇ ਬਾਹਰ ਜਾ ਕੇ ਆਪਣੇ ਕੇ. ਜੀ. 'ਚ ਪੜ੍ਹਦੇ ਕੁਮਲਾਏ ਜਿਹੇ ਬੱਚੇ ਨੂੰ ਉਸਦੇ ਆਪਣੇ ਭਾਰ ਤੋਂ ਵੀ ਭਾਰੇ ਬਸਤੇ ਨੂੰ ਉਤਾਰਿਆ। ਲਾਡ ਪਿਆਰ ਕਰਨ ਤੋਂ ਬਾਅਦ ਅਜੇ ਉਸ ਨੂੰ ਕੁਝ ਖੁਆ ਪਿਆ ਰਿਹਾ ਸੀ ਤਾਂ ਬਾਹਰੋਂ ਕਿਸੇ ਦਰਵਾਜ਼ਾ ਖਟਖਟਾਇਆ। ਗੁਰਮੀਤ ਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਦੇ ਲਿਬਾਸ 'ਚ ਖੜੀ ਇਕ ਲੜਕੀ ਨੇ ਸਤਿ ਸ੍ਰੀ ਅਕਾਲ ਬੁਲਾਈ ਤੇ ਪੁੱਛਣ ਲੱਗੀ-

"ਸਰ ਮੈਂ ਟਿਊਸ਼ਨ ਪੜ੍ਹਨੀ ਚਾਹੁੰਦੀ ਹਾਂ।"

"ਕਿਸ ਕਲਾਸ ਦੀ ?"

"ਬੀ. ਏ. ਫਸਟ ਯੀਅਰ ਦੇ ਪੇਪਰ ਦਿੱਤੇ ਸਨ ਮੇਰੀ ਇੰਗਲਿਸ਼ 'ਚ ਕੰਪਾਰਟਮੈਂਟ ਆ ਗਈ ਹੈ।"

"ਹਾਂ, ਆ ਜਾਇਆ ਕਰੋ।"

ਹਾਲਾਂ ਕਿ ਗੁਰਮੀਤ ਪਾਸ ਬਹੁਤਾ ਟਾਈਮ ਨਹੀਂ ਸੀ ਪਰ ਫਿਰ ਵੀ ਉਹ ਉਸਨੂੰ ਨਾਂਹ ਨਾ ਕਰ ਸਕਿਆ। ਤੇ ਉਹ ਸਾਊ ਧੀਰੀ ਜਿਹੀ, ਗੁਰਮੀਤ ਪਾਸ ਰੋਜ਼ ਪੜ੍ਹਨ ਲਈ ਆਉਂਦੀ ਤੇ ਇਕ ਦਿਨ ਉਸ ਡਰਦੇ ਡਰਦੇ ਪੁੱਛਿਆ, "ਸਰ, ਇਹ ਬੱਚਾ ਤੁਹਾਨੂੰ ਬੜਾ ਪਿਆਰ ਕਰਦਾ ਹੈ...ਸਰ, ਇਹ ਤੁਹਾਡਾ...?"

"ਹਾਂ"

"ਜਾਓ ਬੇਟੇ, ਆਪਣੇ ਖਿਲਾਉਣਿਆਂ ਨਾਲ ਖੇਡੋ ਜਾਂ ਉਹ ਸਾਈਕਲ ਚਲਾ ਲਓ, ਮੈਂ ਥੋੜ੍ਹਾ ਕੁ ਪੜ੍ਹਾ ਲਵਾਂ" ਉਹ ਲਾਗੇ ਖਲੋਤੇ ਬੱਚੇ ਦੀਆਂ ਗੱਲਾਂ ਤੇ ਪਿਆਰ ਕਰਨ ਲੱਗਾ।

"ਹਾਂ, ਮੈਂ ਤੁਹਾਨੂੰ ਜਿਆਦਾ ਜ਼ਰੂਰੀ ਪ੍ਰਸ਼ਨਾਂ ਉਪਰ ਨਿਸ਼ਾਨੀ ਲਗਾ ਦਿੰਦਾ ਹਾਂ, ਤੁਸੀਂ ਇਹ ਮੈਨੂੰ ਯਾਦ ਕਰਕੇ ਲਿਖ ਕੇ ਦਿਆ ਕਰੋ। ਕੋਈ ਮੁਸ਼ਕਲ ਪਵੇ ਤਾਂ ਪੁੱਛਣ 'ਚ ਸੰਕੋਚ ਨਹੀਂ ਕਰਨਾ।"

"ਅੱਛਾ ਸਰ...ਸਰ, ਇਹ ਬੱਚਾ ਤੁਹਾਡੇ ਪਾਸ ਇਕੱਲਾ ਰਹਿ ਲੈਂਦਾ ਹੈ ਤੇ ਸਰ, ਇਸਦੇ ਮੰਮੀ..." ਉਸ ਝਕਦੇ ਝਕਦੇ ਪੁੱਛਿਆ।

"ਮੰਮੀ, ਤਿੰਨ ਸਾਲ ਹੋ ਗਏ, ਮੈਨੂੰ ਛੱਡ ਕੇ ਚਲੀ ਗਈ ਹੈ।" ਗੁਰਮੀਤ ਨੇ ਬਹੁਤੀ ਲੰਬੀ ਚੌੜੀ ਕਹਾਣੀ ਨਾ ਸੁਣਾ ਕੇ, ਇਕ ਲਾਈਨ 'ਚ ਅਸਲੀਅਤ ਦੱਸ ਦਿੱਤੀ।

"ਉਹ ! ਸੌਰੀ ਸਰ" ਤੇ ਸੁੱਖੀ ਨੇ ਬੱਚੇ ਨੂੰ ਵੀ ਬਾਏ ਕੀਤਾ ਤੇ ਚਲੀ ਗਈ

ਭਲਾ ਬੱਚੇ ਨੂੰ ਵੀ ਛੱਡਿਆ ਜਾਂਦਾ, ਕਿਵੇਂ ਛੱਡ ਕੇ ਚਲੀ ਗਈ। ਕੀ ਤਕਲੀਫ ਸੀ ਉਸਨੂੰ ਸਰ ਤਾਂ ਐਨੇ ਚੰਗੇ ਲੱਗਦੇ ਨੇ। ਕਈਆਂ ਨੂੰ ਪਤਾ ਨਹੀਂ ਚੰਗਿਆਈ ਹੀ ਨਹੀਂ ਸੁਖਾਉਂਦੀ। ਮੈਨੂੰ ਤਾਂ ਅਜ ਤੱਕ ਕਿਸੇ ਨੇ ਇਵੇਂ ਨਹੀਂ ਪੜ੍ਹਾਇਆ। ਐਸੇ ਤਰੀਕੇ ਨਾਲ

Academy of the Punjab in North America: http://www.apnaorg.com

ਸਮਝਾਉਂਦੇ ਨੇ ਕਿ ਭੁੱਲਦਾ ਹੀ ਨਹੀਂ ਹੈ । ਸਿਲੇਬਸ ਤੋਂ ਇਲਾਵਾ ਵੀ ਹੋਰ ਕਿੰਨੀਆਂ ਚੰਗੀਆਂ ਗੱਲਾਂ ਕਰਦੇ ਨੇ ਕਿ ਦਿਲ ਕਰਦਾ ਗੱਲਾਂ ਹੀ ਸੁਣੀ ਜਾਈਏ...ਇਹ ਤਾਂ ਮੇਰੇ ਵਾਲੀ ਹੀ ਹਾਲਤ ਹੈ ਉਹਨਾਂ ਦੀ...ਘਰ ਜਾ ਕੇ ਉਹ ਇਹੀ ਸੋਚੀ ਗਈ, ਹੈਰਾਨ ਹੋਈ ਗਈ ਤੇ ਤੂੰ ਵੀ ਤਾਂ ਆਪਣੇ ਪਤੀ ਨੂੰ ਛੱਡ ਕੇ ਆਈ ਹੈਂ...ਉਸਦੇ ਮਨ ਨੇ ਉਸਨੂੰ ਸਵਾਲ ਕੀਤਾ । ਹਾਂ, ਪਰ ਮੈਂ ਆਪਣੇ ਬੱਚੇ ਨੂੰ ਥੋੜ੍ਹੀ ਛੱਡ ਕੇ ਆਈ ਹਾਂ...ਦਲਬੀਰ ਤਾਂ ਮੈਨੂੰ ਹਰ ਗਲ ਤੇ ਐਵੇਂ ਹੀ ਝਿੜਕਣ ਮਾਰਨ ਕੁੱਟਣ ਲੱਗ ਜਾਂਦਾ ਸੀ, ਉਸ ਦਾ ਮਤਲਬ ਹੈ ਕਿ ਉਹ ਕਹੇ ਮੈਂ ਖਲੋਵਾਂ, ਕੀ ਮੇਰੀ ਕੋਈ ਆਪਣੀ ਹੈਸੀਅਤ ਨਹੀਂ ਹੈ, ਨਾਲੇ ਸਾਰਾ ਦਿਨ ਕੰਮ ਕਰਦੀ ਰਹਾਂ ਤੇ ਨਾਲੇ ਬੇਇਜ਼ਤੀ ਕਰਵਾਉਂਦੀ ਰਹਾਂ । ਸਹੁਰਾ ਮੇਰਾ ਸਭ ਕੁਝ ਸਮਝਦਾ ਹੋਇਆ ਵੀ ਬੇਬਸ ਹੈ, ਉਸਦੀ ਘਰ 'ਚ ਤਾਂ ਜ਼ੀਰੋ ਕਦਰ ਹੈ, ਨਾ ਉਸਦਾ ਲੜਕਾ ਹੀ ਆਖੇ ਲੱਗਦਾ ਹੈ ਤੇ ਉਸਦੀ ਮਾਂ ਹੀ ਕੋਈ ਗਲ ਸੁਣਦੀ ਹੈ । ਚਲੋ, ਸੱਸ ਸਹੁਰੇ ਨੇ ਤਾਂ ਲੜ ਝਗੜ ਕੇ ਕੱਟ ਲਈ ਪਰ ਦਲਬੀਰ ਨੂੰ ਤਾਂ ਸੋਚਣਾ ਚਾਹੀਦਾ ਹੈ ਕਿ ਉਸਦੀ ਵੀ ਆਪਣੀ ਜ਼ਿੰਦਗੀ ਹੈ, ਪਰਿਵਾਰ ਹੈ ਕਿਹਾ ਕਿ ਵੱਖਰੇ ਹੋ ਜਾਈਦਾ ਉਹ ਵੀ ਨਹੀਂ । ਮੈਂ ਤਾਂ ਨਹੀਂ ਅਜਿਹੇ ਆਦਮੀ ਨਾਲ ਕੱਟ ਸਕਦੀ । ਘਰ ਜਿਵੇਂ ਕੋਈ ਭੂਤਾਂ ਦਾ ਵਾੜਾ ਹੁੰਦਾ ਹੈ । ਸਭ ਇਕ ਦੂਸਰੇ ਨਾਲ ਲੜਦੇ ਹਨ । ਮੇਰਾ ਤਾਂ ਉਥੇ ਦਮ ਘੁੱਟਦਾ ਹੈ । ਫਿਰ ਉਤੋਂ ਸ਼ਰਾਬ ਪੀ ਕੇ ਘਰ ਆ ਵੜਦਾ ਹੈ, ਮੁੰਡਿਆਂ ਨਾਲ ਉਸਦੀ ਦੋਸਤੀ ਹੈ ਤੇ ਮੇਰ ਫਜ਼ੂਲ ਰੋਹਬ ਪਾਉਂਦਾ ਰਹਿੰਦਾ ਹੈ ।

ਪਰ ਸਰ ਤਾਂ ਅੱਛੇ ਪੜ੍ਹੇ ਲਿਖੇ ਇਨਸਾਨ ਨੇ ਤੇ ਇਹਨਾਂ ਨਾਲ ਇਹ ਕਿਵੇਂ ? ਦਰਅਸਲ ਸਾਰੇ ਆਦਮੀ ਮਾੜੇ ਨਹੀਂ ਹੁੰਦੇ ਤੇ ਸਾਰੀਆ ਔਰਤਾਂ ਚੰਗੀਆਂ ਨਹੀਂ ਹੁੰਦੀਆਂ, ਉਹ ਔਰਤ ਹੀ ਨਿਰਮੋਹੀ ਤਾਂ ਮਮਤਾ ਤੋਂ ਸੱਖਣੀ ਹੋਵੇਗੀ ਜਿਹੜੀ ਸੁੱਤੇ ਬੱਚੇ ਨੂੰ ਛੱਡ ਕੇ ਚੋਰੀ ਜਾ ਸਕਦੀ ਹੈ ।

"ਹੈਲੋ, ਸੋਨੂੰ ਆਓ ਮੇਰੇ ਪਾਸ ਦੇਖੋ, ਮੈਂ ਤੁਹਾਡੇ ਲਈ ਕੀ ਲੈ ਕੇ ਆਈ ਹਾਂ, ਲੈ ਲਓ ।" ਸੋਨੂੰ ਨੇ ਚੌਕਲੇਟ ਫੜ੍ਹ ਲਈ, "ਗੁੱਡ ਬੇਬੀ ।"

ਗੁਰਮੀਤ, ਸੁੱਖੀ ਨੂੰ ਪੜ੍ਹਾਉਣ ਲੱਗਿਆ ਸੀ ਤਾਂ ਬਾਹਰੋਂ ਉਸ ਦੇ ਕੁਝ ਦੋਸਤ ਮਿਲਣ ਆ ਗਏ । ਪੰਜ ਦਸ ਮਿੰਟ ਉਹਨਾਂ ਨਾਲ ਗੱਲਾਂ ਕਰਕੇ ਗੁਰਮੀਤ ਚਾਹ ਬਣਾਉਣ ਲਈ ਰਸੋਈ 'ਚ ਗਿਆ ਤਾਂ ਸੁੱਖੀ ਮਗਰੇ ਚਲੀ ਗਈ ।

"ਲਿਆਓ ਸਰ, ਚਾਹ ਮੈਂ ਬਣਾ ਦਿੰਦੀ ਹਾਂ ।"

ਤੇ ਜਿੰਨਾ ਚਿਰ ਉਹ ਚਾਹ ਪੀਂਦੇ ਰਹੇ ਤੇ ਗੱਲਾਂ ਕਰਦੇ ਰਹੇ, ਸੁੱਖੀ ਨੇ ਰਸੋਈ 'ਚ ਇਧਰ ਉਧਰ ਖਿਲਰਿਆ ਸਮਾਨ ਸਾਂਭ ਦਿੱਤਾ, ਜੂਠੇ ਭਾਂਡੇ ਸਫ ਕਰ ਦਿੱਤੇ । ਕੋਈ ਪੌਣੇ ਘੰਟੇ ਕੁ ਬਾਅਦ ਜਦ ਪ੍ਰਾਹੁਣੇ ਚਲੇ ਗਏ ਤਾਂ ਗੁਰਮੀਤ ਕਾਹਲੀ ਨਾਲ ਸੁੱਖੀ ਨੂੰ ਪੜ੍ਹਾਉਣ ਲੱਗਾ, "ਸੌਰੀ ਸੁੱਖੀ, ਤੁਹਾਨੂੰ ਏਨਾਂ ਚਿਰ ਬੈਠਣਾ ਪਿਆ ।"

ਤੇ ਸੁੱਖੀ ਦੇ ਜਾਣ ਤੋਂ ਬਾਅਦ ਗੁਰਮੀਤ ਜਦ ਰਸੋਈ ਵਲ ਗਿਆ, "ਵਾਹ ! ਕਮਾਲ ਹੋਈ ਪਈ ਏ ਇਥੇ ਤਾਂ ।"

ਜਦ ਵੀ ਸੁੱਖੀ ਪੜ੍ਹਣ ਆਉਂਦੀ ਤਾਂ ਘਰ ਦਾ ਕੁਝ ਸਵਾਰ ਜਾਂਦੀ, ਬੱਚੇ ਨਾਲ ਖੇਡਦੀ ਤੇ ਕਦੇ ਕਦੇ ਸਬਜ਼ੀ ਬਣਾ ਜਾਂਦੀ ।

ਗੁਰਮੀਤ ਨੂੰ ਇਹ ਸਭ ਕੁਝ ਅੱਛਾ ਲੱਗਦਾ ਪਰ ਉਹ ਉਪਰੋਂ ਉਪਰੋਂ ਕਹਿੰਦਾ


Academy of the Punjab in North America: http://www.apnaorg.com

ਰਹਿੰਦਾ, "ਸੁੱਖੀ ਤੂੰ ਇਹ ਸਭ ਨਾ ਕਰਿਆ ਕਰ । ਤੇਰੇ ਪੇਪਰਾਂ 'ਚ ਇਕ ਮਹੀਨਾ ਰਹਿ ਗਿਆ ਹੈ । ਤੂੰ ਆਪਣਾ ਪੜ੍ਹਿਆ ਕਰ । ਇਥੇ ਤਾਂ ਇਵੇਂ ਦਾ ਇਵੇਂ ਹੀ ਰਹਿਣਾ ਹੈ । ਤੂੰ ਇਧਰ ਦਾ ਫਿਕਰ ਨਾ ਕਰਿਆ ਕਰ ।" ਕਦੇ ਉਹ ਸੋਚਦਾ, ਕਿਉਂ ਨਾ ਸੁੱਖੀ ਨੂੰ ਆਪਣੀ ਜੀਵਨ ਸਾਥਣ ਬਣਾਂ ਲਵਾਂ ਪਰ ਕਿਵੇਂ ? ਇਧਰੋਂ ਤਲਾਕ ਮਿਲੇ ਤਾਂ ਹੀ ਨਾ ਰੰਜਨਾ ਕਿੰਨੀ ਬੇਦਰਦ ਨਿਕਲੀ । ਕੀ ਪਤਾ ਸੀ ਕਿ ਉਸਦੇ ਹੋਰ ਵੀ ਆਸ਼ਕ ਨੇ । ਮੈਂ ਤਾਂ ਉਸਦੇ ਸੁੱਹਪਣ ਤੇ ਹੀ ਡੁੱਲ੍ਹ ਗਿਆ ਸਾਂ । ਕੀਟਸ, ਰੂਸੋ, ਸ਼ਾਅ, ਯੀਟ ਆਦਿ ਮਹਾਨ ਲੇਖਕ ਐਵੇਂ ਤਾਂ ਨਹੀਂ ਕਹਿ ਗਏ ਕਿ 'ਸੁੰਦਰਤਾ ਧੋਖੇ ਵਾਲੀ ਚੀਜ਼ ਹੈ' ਕਿੰਨੀ ਸਚਾਈ ਹੈ ਉਹਨਾਂ ਦੀਆਂ ਗੱਲਾਂ 'ਚ । ਜ਼ਿੰਦਗੀ ਨਿਭਾਉਣ ਲਈ ਸੁਹਿਰਦ ਦਿਲ ਤੇ ਮਿਹਨਤੀ ਸੁਭਾਅ ਦੀ ਲੋੜ ਹੈ, ਨਾ ਕਿ ਗੋਰੀ ਚਿੱਟੀ ਚਮੜੀ ਦੀ । ਰੰਜਨਾ ਕੋਈ ਘਰੇਲੂ ਸੁਚੱਜੀ ਔਰਤ ਨਹੀਂ ਸੀ, ਉਸਦੇ ਤਾਂ ਇਹੀ ਸ਼ੌਂਕ ਸਨ ਕਿ ਨਹੁੰ ਵਧਾ ਕੇ ਨੇਲ ਪਾਲਿਸ਼ ਲਾ ਕੇ, ਮੇਕਅੱਪ ਕਰਕੇ, ਵੰਨ ਸੁਵੰਨੇ ਫੈਸ਼ਨੇਬਲ ਕੱਪੜੇ ਪਾ ਕੇ ਸੱਜ ਧੱਜ ਕੇ ਬੈਠੇ ਰਹਿਣਾ ਤੇ ਹੁਕਮ ਚਲਾਉਂਦੇ ਰਹਿਣਾ । ਉਹ ਘੰਟਿਆਂ ਬੱਧੀ ਸ਼ੀਸ਼ੇ ਅੱਗੇ ਬੈਠੀ ਅਦਾਵਾਂ ਕਰਦੀ ਰਹਿੰਦੀ ਜਿਵੇਂ ਉਸਦੀ ਕੋਈ ਸ਼ੂਟਿੰਗ ਹੋਣੀ ਹੋਵੇ । ਬੱਸ ਉਹ ਆਪਣੇ ਆਪ ਨੂੰ ਹੀ ਪਿਆਰ ਕਰਦੀ ਸੀ, ਆਪਣੀਆਂ ਹੀ ਸਿਫਤਾਂ ਕਰਦੀ ਰਹਿੰਦੀ ਸੀ, ਉਸ ਕਦੇ ਇਸ ਤੋਂ ਅੱਗੇ ਸੋਚਣ ਦੀ ਕੋਸ਼ਿਸ਼ ਹੀ ਨਹੀਂ ਕੀਤੀ । ਜ਼ਮੀਨ ਅਸਮਾਨ ਦਾ ਫਰਕ ਹੈ, ਰੰਜਨਾ ਤੇ ਸੁੱਖੀ ਵਿਚ । ਪਤਾ ਨਹੀਂ ਕਿਹੜੀ ਨਹਿਸ਼ ਘੜੀ ਮੇਰਾ ਰੰਜਨਾ ਨਾਲ ਰਿਸ਼ਤਾ ਗੰਢਿਆ ਗਿਆ ਤੇ ਉਹ ਮੱਥੇ 'ਤੇ ਹੱਥ ਮਾਰ ਕੇ ਰਹਿ ਗਿਆ ।

ਗੁਰਮੀਤ ਦਾ ਕੰਮ ਕਰਕੇ ਸੁੱਖੀ ਨੂੰ ਸੜਦੀ ਧੁੱਪ 'ਚ ਰੁਖ ਦੀ ਠੰਡੀ ਛਾਂ ਜੈਸਾ ਸਕੂਨ ਜਿਹਾ ਮਿਲਦਾ । ਕਿਸੇ ਸਾਜ਼ ਦੀ ਤਾਰ 'ਚੋਂ ਨਿਕਲਦੀ, ਰੂਹ ਨੂੰ ਤਰਿਪਤ ਕਰਦੀ ਗੁਰਮੀਤ ਦੀ ਮਿੱਠੀ ਬੋਲੀ, ਉਸਦੇ ਉੱਠਣ ਬੈਠਣ ਮਿਲਣ ਤੇ ਲੁਭਾਉਂਦੇ ਅੰਦਾਜ਼ ਉਸ ਦੇ ਉੱਚੇ ਸੁੱਚੇ ਵਿਚਾਰ ਸੁੱਖੀ ਦੇ ਮਨ ਨੂੰ ਛੂਹ ਜਾਂਦੇ ਤੇ ਉਹ ਖੀਵੀ ਹੋ ਉੱਠਦੀ । ਉਹ ਮਨ ਹੀ ਮਨ ਉਸ ਨੂੰ ਪਿਆਰ ਕਰਨ ਲੱਗੀ । ਉਸ ਦਾ ਦਿੱਤਾ ਕੰਮ ਉਹ ਸਭ ਤੋਂ ਪਹਿਲੇ ਯਾਦ ਕਰ ਲੈਂਦੀ । ਪਰ ਫਿਰ ਉਸ ਦੇ ਮਨ ਅੰਦਰੋਂ ਆਵਾਜ਼ ਆਉਂਦੀ, "ਠਹਿਰ, ਤੂੰ ਐਵੇਂ ਬਹੁਤਾ ਅਗਾਂਹ ਨਾ ਵਧੀ ਜਾਹ, ਆਪਣੀ ਔਕਾਤ ਵੀ ਦੇਖ । ਤੂੰ ਨੀਵੀਂ ਜਾਤ ਦੀ ਕੁੜ ਤੇ ਉੱਚੀ ਜਾਤ ਵਾਲੇ ਭਲਾ ਤੇਰਾ ਉਹਨਾਂ ਦਾ ਕੀ ਮੇਲ, ਹਾਂ ਹਾਂ, ਸੱਚਮੁੱਚ ਮੈਂ ਵੀ ਐਵੇਂ ਜਜ਼ਬਾਤਾਂ 'ਚ ਵਹਿ ਜਾਂਦੀ ਹਾਂ । ਜੇ ਸਰ ਨੂੰ ਪਤਾ ਲੱਗ ਗਿਆ ਤਾਂ ਮੈਂ ਉਨ੍ਹਾਂ ਦੀਆਂ ਨਜ਼ਰਾਂ ਤੋਂ ਗਿਰ ਜਾਵਾਂਗੀ । ਨਾਲੇ ਅਜੇ ਕਿਹੜਾ ਮੇਰਾ ਤਲਾਕ ਹੋ ਗਿਆ ਹੈ । ਅਜੇ ਤਾਂ ਰੋੜੇ ਹੀ ਹਨ, ਕੰਡੇ ਹੀ ਕੰਡੇ, ਕੰਧਾਂ ਹੀ ਕੰਧਾਂ । ਤੇ ਉਹ ਨਿਰਾਸ਼ ਹੋ ਕੇ ਬੈਠ ਗਈ । ਅੱਜ ਉਸਦਾ ਪੜ੍ਹਣ ਜਾਣ ਤੇ ਵੀ ਦਿਲ ਨਾ ਕੀਤਾ ।

ਉਧਰ ਗੁਰਮੀਤ ਬੇਚੈਨੀ ਨਾਲ ਸੁੱਖੀ ਦੀ ਉਡੀਕ ਕਰਦਾ ਰਿਹਾ । ਪੜ੍ਹਾਉਣ ਸਮੇਂ ਤਾਂ ਟਾਈਮ ਦਾ ਪਤਾ ਹੀ ਨਾ ਚਲਦਾ ਪਰ ਹੁਣ ਵਕਤ ਏਨਾਂ ਭਾਰਾ ਕਿ ਮਸੀਂ ਤੁਰਦਾ । ਵੈਸੇ ਉਹ ਆਈ ਕਿਉਂ ਨਹੀਂ ? ਇਹ ਪ੍ਰਸ਼ਨ ਉਸ ਨੇ ਆਪਣੇ ਆਪ ਨੂੰ ਕੋਈ ਪੰਜਾਹ ਵੇਰੀ ਪੁੱਛਿਆ । ਸੋਨੂੰ ਨੇ ਵੀ ਤਿੰਨ ਚਾਰ ਵਾਰ ਪੁੱਛਿਆ, "ਪਾਪਾ, ਉਹ ਆਂਟੀ ਅੱਜ ਪੜ੍ਹਣ ਕਿਉਂ ਨਹੀਂ ਆਏ, ਬਹੁਤ ਈ ਅੱਛੇ ਨੇ" ਤੇ ਇਹ ਸੁਣ ਕੇ ਗੁਰਮੀਤ ਖੁਸ਼ ਹੋ ਜਾਂਦਾ, "ਅੱਛਾ ਐਂਤਕੀ ਆਏ ਤਾਂ ਤੂੰ ਕਹੀਂ ਕਿ ਆਂਟੀ, ਤੁਸੀਂ ਮੈਨੂੰ ਬਹੁਤ ਹੀ ਚੰਗੇ

Academy of the Punjab in North America: http://www.apnaorg.com

ਲਗਦੇ ਹੋ।" ਤੇ ਉਹ ਉਸ ਬਾਰੇ ਈ ਸੋਚੀ ਜਾਂਦਾ।

ਹੋਰ ਵੀ ਵਿਦਿਆਰਥਣਾਂ ਆਉਂਦੀਆਂ ਨੇ ਪੜ੍ਹਣ ਵਾਲੀਆਂ, ਪਰ ਇਸੇ 'ਚ ਹੀ ਏਨੀ ਦਿਲਚਸਪੀ ਕਿਉਂ ਪਰ ਤੂੰ ਤਾਂ ਸ਼ਾਦੀ ਸ਼ੁਦਾ ਏਂ ਤੇਰਾ ਬੱਚਾ ਵੀ ਹੈ, ਉਹ ਤੈਨੂੰ ਕਿਵੇਂ ਹਾਂ ਕਰੇਗੀ ? ਤੇ ਉਹ ਮਸੋਸਿਆ ਜਿਹਾ ਹੋ ਕੇ ਬੈਠ ਗਿਆ।

ਦੋ ਕੁ ਦਿਨਾਂ ਬਾਅਦ ਸੁੱਖੀ ਆਈ ਤੇ ਉਹ ਪੜ੍ਹਾਉਣ ਲੱਗਦਾ ਹੈ ਪਰ ਕਿਤਾਬ ਫੋਲ ਫਾਲ ਕੇ ਫਿਰ ਰੱਖ ਦਿੰਦਾ ਹੈ। "ਹਾਂ ਪਿਛਲੇ ਹੀ ਪ੍ਰਸ਼ਨ ਲਿਖ ਕੇ ਦਿਖਾ ਦੇਹ, ਕੋਈ ਗਲਤੀ ਨਾ ਰਹਿ ਜਾਏ।"

ਤੇ ਸੁੱਖੀ ਲਿਖਣ ਲੱਗ ਗਈ, ਹਾਲਾਂ ਕਿ ਪੂਰਾ ਯਾਦ ਨਹੀਂ ਸੀ। ਸਰ ਪੈੱਨ ਨਹੀਂ ਚਲਦਾ, ਪਤਾ ਨਹੀਂ ਸਿਆਹੀ...ਤੇ ਗੁਰਮੀਤ ਨੇ ਆਪਣਾ ਪੈੱਨ ਜੇਬ੍ਹ 'ਚੋਂ ਕੱਢ ਕੇ ਦੇ ਦਿੱਤਾ...

"ਸਰ ਮੈਂ ਲਿਖ ਕੇ ਦੇ ਜਾਵਾਂਗੀ।"

"ਨਹੀਂ ਨਹੀਂ ਤੂੰ ਰੱਖ, ਤੇਰੇ ਨਾਲੋਂ ਭਲਾ ਪੈੱਨ ਚੰਗਾ।"

ਪਰ ਅੱਜ ਨਾ ਸੁੱਖੀ ਦਾ ਲਿਖਣ ਤੇ ਅਤੇ ਨਾ ਗੁਰਮੀਤ ਦਾ ਪੜ੍ਹਾਉਣ ਤੇ ਹੀ ਦਿਲ ਕਰ ਰਿਹਾ ਸੀ। ਉਹ ਦੋਵੇਂ ਇਕ ਦੂਜੇ ਨੂੰ ਚੋਰ ਨਿਗਾਹਾਂ ਨਾਲ ਦੇਖਦੇ। ਸੁੱਖੀ ਨਿੰਮੋਝੂਣੀ ਜਿਹੀ ਹੋਈ, ਜਿਵੇਂ ਕੋਈ ਅਪਰਾਧ ਕੀਤਾ ਹੋਵੇ, ਕਦੇ ਵਰਕਾ ਮਰੋੜਦੀ, ਕਦੇ ਆਪਣੀਆਂ ਉਂਗਲਾਂ ਘੁੱਟਦੀ।

"ਕੀ ਗੱਲ ਏ ਸੁੱਖੀ, ਤੂੰ ਏਨਾਂ ਘਬਰਾ ਕਿਉਂ ਰਹੀ ਏਂ ?"

"ਸਰ ਅੱਜ ਕੁਝ ਤਬੀਅਤ ਠੀਕ ਨਹੀਂ ਹੈ।"

ਤੇ ਫਿਰ ਥੋੜ੍ਹੀ ਦੇਰ ਚੁੱਪ ਛਾਈ ਰਹੀ, ਜਿਵੇਂ ਦੋਵੇਂ ਆਪੋ ਆਪਣਿਆਂ ਸੁਪਨਿਆਂ ਦਾ ਹੱਲ ਸੋਚ ਰਹੇ ਹੋਣ। ਅਖੀਰ ਗੁਰਮੀਤ ਨੇ ਸੁੱਖੀ ਦੇ ਮੋਢੇ ਤੇ ਹੱਥ ਰੱਖ ਕੇ ਚੁੱਪ ਤੋੜੀ।

"ਸੁੱਖੀ ਤੂੰ ਫਿਰ ਘਰ ਜਾ ਕੇ ਆਰਾਮ ਕਰ, ਫਿਰ ਲਿਖ ਲਵੀਂ।"

ਪਰ ਗੁਰਮੀਤ ਇਹ ਨਹੀਂ ਸੀ ਚਾਹੁੰਦਾ ਕਿ ਸੁੱਖੀ ਸੱਚੀ ਹੀ ਉੱਠ ਕੇ ਘਰ ਚਲੀ ਜਾਏ। ਸੁੱਖੀ ਉੱਠਣ ਲੱਗੀ ਤਾਂ ਗੁਰਮੀਤ ਨੇ ਉਸਦਾ ਹੱਥ ਫੜ ਲਿਆ।

"ਸੁੱਖੀ ਮੈਂ ਚਾਹੁੰਦਾ ਹਾਂ ਤੂੰ ਚਾਹਵੇਂ ਤਾਂ" ਫਿਰ ਥੋੜ੍ਹੀ ਝਿਜਕਾਹਟ ਤੋਂ ਬਾਅਦ "ਕੀ ਅਸੀਂ ਸ਼ਾਦੀ ਕਰ ਸਕਦੇ ਹਾਂ ?"

ਇਨੇ ਚਿਰ ' ਸੁੱਖੀ ਨੇ ਆਪਣਾ ਹੌਂਸਲਾ ਇਕੱਠਾ ਕਰ ਲਿਆ ਸੀ।

"ਸਰ, ਇਹ..." ਤੇ ਉਸ ਨੀਵੀਂ ਪਾ ਲਈ।

"ਹਾਂ, ਹਾਂ, ਬੋਲ ਨਾ, ਜੋ ਵੀ ਤੂੰ ਕਹੇਂਗੀ, ਓਹੀ ਫੈਸਲਾ ਹੋਵੇਗਾ।"

"ਸਰ, ਇਹ ਮੇਰੀ ਖੁਸ਼ਕਿਸਮਤੀ ਹੈ ਕਿ ਤੁਹਾਡੇ ਜੈਸੇ ਇਨਸਾਨ ਨੇ ਮੈਨੂੰ ਇਸ ਯੋਗ ਸਮਝਿਆ ਮੈਂ ਕਿੰਨੀ ਭਾਗਸ਼ਾਲੀ ਹਾਂ ਲੇਕਿਨ..."

"ਲੇਕਿਨ ? ਲੇਕਿਨ ਕੀ ?"

ਤੇ ਸੁੱਖੀ ਦੀਆਂ ਅੱਖਾਂ ਨਮ ਹੋ ਗਈਆਂ, "ਸਰ...ਸਰ ਇਹ ਨਹੀਂ ਹੋ ਸਕਦਾ। ਇਹ ਕਿਵੇਂ ਹੋ ਸਕਦਾ ਹੈ, ਅਸੀਂ ਨੀਵੀਂ ਜਾਤ ਦੇ ਹਾਂ। ਮੈਂ ਨੌਕਰਾਣੀ ਬਣ ਕੇ ਤੁਹਾਡੇ ਘਰ ਦਾ ਸਾਰਾ ਕੰਮ ਕਰ ਸਕਦੀ ਹਾਂ। ਪਰ ਇਵੇਂ ਨਹੀਂ, ਮੇਰੀ ਮਾਂ ਵੀ ਲੋਕਾਂ ਦੇ ਘਰੀਂ


Academy of the Punjab in North America: http://www.apnaorg.com

ਭਾਂਡੇ ਸਫਾਈਆਂ ਆਦਿ ਦਾ ਕੰਮ ਕਰਕੇ ਘਰ ਦਾ ਗੁਜ਼ਾਰਾ ਕਰਦੀ ਰਹੀ ਹੈ ਪਰ ਸੋਚਦੀ ਹਾਂ ਕਿ ਕੁਝ ਪੜ੍ਹ ਲਿਖ ਕੇ ਕੋਈ ਹੋਰ ਨੌਕਰੀ ਕਰ ਸਕਾਂ ਤੇ ਵੈਸੇ ਵੀ ਸਰ ਜਿਥੇ ਮੈਂ ਵਿਆਹੀ ਸਾਂ, ਮੇਰਾ ਪਤੀ ਨਸ਼ੇ ਕਰਦਾ ਸੀ ਤੇ ਮੈਨੂੰ ਮਾਰਦਾ ਕੁੱਟਦਾ ਰਹਿੰਦਾ ਸੀ। ਮੈਂ ਉਥੇ ਨਹੀਂ ਜਾਣਾ ਚਾਹੁੰਦੀ, ਹੋਰ ਨਰਕ ਨਹੀਂ ਹੰਢਾਉਣਾ ਚਾਹੁੰਦੀ" ਤੇ ਉਹ ਸਿਸਕਣ ਲੱਗ ਗਈ। ਬੇਬਸੀ ਤੇ ਲਾਚਾਰੀ ਬੇਤਹਾਸ਼ਾ ਹੰਝੂਆਂ ਦਾ ਰੂਪ ਲੈ ਕੇ ਵੱਗਦੀ ਰਹੀ।

ਗੁਰਮੀਤ ਨੇ ਉਸਦਾ ਸਿਰ ਪਲੋਸਿਆ। ਫਿਰ ਉਸਨੂੰ ਆਪਣੀਆਂ ਦੋਹਾਂ ਬਾਹਾਂ 'ਚ ਲਿਆ, "ਬੱਸ ਸੁੱਖੀ, ਬੱਸ...ਆਪਾਂ ਦੋਵੇਂ ਇੱਕੋ ਹੀ ਕਿਸ਼ਤੀ 'ਚ ਸਵਾਰ ਹਾਂ। ਤੇਰਾ ਦੁੱਖ ਤਾਂ ਮੇਰੇ ਦੁੱਖ ਤੋਂ ਵੀ ਬੋਝਲ ਏ। ਮੈਂ ਤਾਂ ਸਮਝਿਆ ਸੀ ਕਿ ਮੈਂ ਹੀ ਔਖਾ ਹਾਂ ਪਰ ਤੂੰ ਏਨਾ ਚਿਰ ਇਸ ਬਾਰੇ ਕਦੇ ਕੋਈ ਗੱਲ ਹੀ ਨਹੀਂ ਕੀਤੀ, ਮੈਂ ਵੀ ਤਾਂ ਕਦੇ ਤੇਰੇ ਬਾਰੇ ਪੁੱਛਿਆ। ਪਰ ਤੂੰ ਇਹ ਸਭ ਮੇਰੇ ਪਾਸੋਂ ਕਿਉਂ ਲੁਕਾਇਆ।"

"ਸੌਰੀ ਸਰ, ਮੈਂ ਤੁਹਾਨੂੰ ਤਕਲੀਫ ਦਿੱਤੀ।"

"ਹੈਂਅ ਝੱਲੀ, ਤੂੰ ਕੀ ਤਕਲੀਫ ਦਿੱਤੀ। ਤੂੰ ਤਾਂ ਸਗੋਂ ਮੇਰੇ ਹੋਰ ਵੀ ਨੇੜੇ ਆ ਗਈ ਏਂ। ਅਸੀਂ ਦੁੱਖ ਸੁੱਖ ਦੋਵੇਂ ਵੰਡ ਲਵਾਂਗੇ। ਅੱਛਾ, ਫਿਰ ਮੇਰੀ ਗੱਲ ਦਾ ਜੁਆਬ ਤਾਂ ਦੇਹ ਕਿ ਤੂੰ ਸ਼ਾਦੀ ਲਈ ਤਿਆਰ ਹੈਂ ?"

"ਸਰ, ਮੈਂ ਕੀ ਕਹਾਂ।" ਉਸ ਅੱਖਾਂ ਨੀਵੀਆਂ ਰੱਖੀਆਂ। ਸੁੱਖੀ ਦੇ ਮਨ ਦਾ ਤੂਫਾਨ ਭਾਵੇਂ ਠੱਲ੍ਹ ਚੁੱਕਾ ਸੀ ਪਰ ਬੱਦਲ ਅੱਜੇ ਵੀ ਛਾਏ ਹੋਏ ਸਨ।

"ਸਰ, ਸਾਡੀ ਜਾਤੀ ਨੀਵੀਂ....."

"ਓਹੋ, ਛੱਡ ਇਹ ਗੱਲਾਂ ਮੁੜ ਕੇ ਨਾ ਨਾਂ ਲਵੀਂ ਨੀਵੀਂ ਜਾਤ ਦਾ। ਮੇਰੀ ਨਜ਼ਰ 'ਚ ਇਨਸਾਨੀ ਗੁਣਾਂ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਕੀ ਇਨਸਾਨ ਦੇ ਜਦ ਅੱਥਰੂ ਡਿੱਗਦੇ ਨੇ ਕਿਸੇ ਅੱਗੇ ਤਾਂ ਉਹ ਜਾਤ ਪੁੱਛ ਕੇ ਡਿੱਗਦੇ ਨੇ ? ਕੀ ਕੋਈ ਕਿਸੇ ਨੂੰ ਚੰਗਾ ਲੱਗਦਾ ਹੈ ਤਾਂ ਉਹ ਪਹਿਲੇ ਜਾਤ ਦਾ ਪਤਾ ਕਰਦਾ ਏ, ਕੋਈ ਮਰ ਰਿਹਾ ਏ ਸੰਕਟ 'ਚ, ਐਕਸੀਡੈਂਟ ਹੁੰਦਾ ਹੈ ਤਾਂ ਉਥੇ ਪਹਿਲੇ ਜਾਨ ਹੁੰਦੀ ਏ ਨਾ ਕਿ ਜਾਤ। ਕੀ ਉੱਚੀ ਨੀਵੀਂ ਜਾਤ ਵਾਲਿਆਂ ਦੇ ਖ਼ੂਨ ਦਾ ਰੰਗ ਵੱਖਰੇ ਵੱਖਰੇ ਰੰਗ ਦਾ ਹੁੰਦਾ ਹੈ ? ਇਨਸਾਨੀ ਵਲਵਲਿਆਂ ਜਜ਼ਬਾਤਾਂ ਨੇ ਕਦੇ ਜਾਤਾਂ ਨੂੰ ਸਵੀਕਾਰ ਨਹੀਂ ਕੀਤਾ ਹੁੰਦਾ। ਇਹ ਤਾਂ ਕੁਝ ਸਵਾਰਥੀ ਲੋਕਾਂ ਦੀਆਂ ਪਾਈਆਂ ਵੰਡੀਆਂ ਹਨ। ਸਭ ਤੋਂ ਨੀਵੀਂ ਜਾਤ ਉਸਦੀ ਹੁੰਦੀ ਹੈ, ਜੋ ਦੂਸਰਿਆਂ ਨੂੰ ਧੋਖਾ ਦਿੰਦਾ ਹੈ। ਆਪਣੇ ਹੀ ਪੇਟੋਂ ਪੈਦਾ ਹੋਈ ਕੋਮਲ ਸੰਤਾਨ ਨੂੰ ਦੁਰਕਾਰਦਾ ਹੈ। ਮੇਰੀ ਨਜ਼ਰ 'ਚ ਤਾਂ ਤੂੰ ਬਹੁਤ ਉੱਚੀ ਏਂ। ਆਪ ਏਨੇ ਸੰਕਟ 'ਚ ਗੁਜ਼ਰ ਰਹੀ ਹੈ। ਤਾਂ ਫਿਰ ਵੀ ਤੂੰ ਪੜ੍ਹ ਰਹੀ ਹੈ। ਆਪ ਬਾਰਿਸ਼ 'ਚ ਭਿੱਜ ਕੇ ਦੂਸਰੇ 'ਤੇ ਠੰਡੇ ਮਿੱਠੇ ਸੁਭਾਅ ਦੀ ਛੱਤਰੀ ਤਾਣ ਰਹੀ ਹੈ।

ਇਨਸਾਨੀ ਗੁਣਾਂ ਔਗੁਣਾਂ ਕਾਰਨ ਹੀ ਇਨਸਾਨ ਉੱਚਾ ਨੀਵਾਂ ਹੁੰਦਾ ਹੈ, ਨਾ ਕਿ ਜਾਤਾਂ ਦਾ ਲੇਬਲ ਲਗਾ ਕੇ। ਅਜੀਬ ਮਿਆਰ ਹੈ ਜੋ ਵਾਤਾਵਰਣ ਨੂੰ ਸਾਫ ਕਰਨ ਵਿਚ ਰੁਝੇ ਹੋਏ ਹਨ, ਉਹਨਾਂ ਨੂੰ ਨੀਵੀਂ ਜਾਤ ਦੇ ਕਿਹਾ ਜਾਂਦਾ ਹੈ ਅਤੇ ਜੋ ਹਵਾ ਪਾਣੀ ਦੀ ਅਲੂਦਗੀ ਤੇ ਪ੍ਰਦੂਸ਼ਣ ਵਿਚ ਸਭ ਤੋਂ ਅੱਗੇ ਹਨ ਉਹਨਾਂ ਨੂੰ ਉੱਚੀ ਜਾਤ। ਮੈਨੂੰ ਨਹੀਂ ਮਨਜ਼ੂਰ ਇਹ ਮਿਆਰ।"


Academy of the Punjab in North America: http://www.apnaorg.com

ਤੇ ਉਹਨਾਂ ਦੇ ਪਿਆਰ-ਭਿੱਜੇ ਮਨ ਜਾਤ ਪਾਤ ਦੇ ਕਰੜੇ ਬੰਧਨਾਂ ਤੋਂ ਤਾਂ ਨਿਜਾਤ ਪਾ ਚੁੱਕੇ ਸਨ। ਪਰ ਦੰਪਤੀ ਕਾਨੂੰਨ ਦੀ ਪਹਾੜ ਜਿੱਡੀ ਦੀਵਾਰ ਉਹਨਾਂ ਦੇ ਰਸਤੇ 'ਚ ਅਜੇ ਸੱਪ ਦੇ ਫੰਨ ਵਾਂਗ ਖੜ੍ਹੀ ਹੈ। ਦੋਨੋਂ ਹੀ ਆਪੋ ਆਪਣੇ ਗਲ ਪਏ ਸਾਥੀਆਂ ਨੂੰ ਦਿਲੋਂ ਤਲਾਕ ਦੇ ਚੁੱਕੇ ਸਨ। ਪਰ ਅਦਾਲਤਾਂ, ਤਰੀਕਾਂ ਅਗਾਂਹ ਪਾ ਪਾ ਕੇ ਉਹਨਾਂ ਦਾ ਧਨ ਤੇ ਸਮਾਂ ਬਰਬਾਦ ਕਰ ਰਹੀਆਂ ਸਨ।

*****



Academy of the Punjab in North America: http://www.apnaorg.com

# ਖੰਡਰ

ਸਭ ਤੋਂ ਪਹਿਲਾਂ ਜਦੋਂ ਮੈਂ ਉਸਨੂੰ ਮਿਲੀ ਸਾਂ ਤਾਂ ਉਸਦੀ ਆਵਾਜ਼ ਬੜੀ ਮਿੱਠੀ ਤੇ ਸੁਰੀਲੀ ਲੱਗੀ ਸੀ, ਲਤਾ ਦੇ ਗਾਣਿਆਂ ਦੀ ਤਰ੍ਹਾਂ । ਤੇ ਫਿਰ ਮੈਂ ਜਿੰਨ੍ਹੀ ਵਾਰ ਵੀ ਉਸਨੂੰ ਮਿਲੀ, ਉਸਦੇ ਲੰਬੇ ਪਤਲੇ, ਥੋਹੜੇ ਕੁ ਕੁੱਬ ਨਿਕਲੇ, ਝੁਰੜੀਆਂ ਭਰੇ ਬੁੱਢੇ ਵਜੂਦ ਵਿਚੋਂ ਉਸਦੀ ਆਵਾਜ਼ ਹੀ ਦਿਲ ਨੂੰ ਮੋਹ ਜਾਂਦੀ ਜਿਵੇਂ ਵੀਰਾਨੇ 'ਚ ਖੁਸ਼ਬੂਦਾਰ ਫੁੱਲ । ਉਹ ਮੈਨੂੰ ਕਹਿੰਦੀ, "ਬੇਟੀ ਰਾਮੋ, ਆਹ ਲੈ ਮੰਜੀ 'ਤੇ ਬਹਿ ਜਾਹ ਤੇ ਮੰਜੀ ਡਾਹੁੰਦੀ ਹੋਈ ਨਾਲ ਹੀ ਆਪਣੀ ਨੂੰਹ ਨੂੰ ਹੁਕਮ ਕਰ ਦਿੰਦੀ, "ਕੁੜੇ ਚਾਹ ਬਣਾ ਕੇ ਲਿਆ ਆਪਣੀ ਭੈਣ ਲਈ ।"

"ਹੋਰ ਬਾਲ ਬੱਚਾ ਰਾਜੀ, ਨਿੱਕਾ ਰਾਜੀ, ਵੱਡਾ ਰਾਜੀ ? ਉਰ੍ਹੇ ਹੋ ਕੇ ਬਹਿ ਜਾਹ, ਪਰ੍ਹੇ ਪੈਂਦ ਤੇ ਬੈਠੀ ਏਂ ।" ਮੰਜੀ ਵੀ ਕੱਸਣ ਵਾਲੀ ਹੋਈ ਆ....ਮਗਰਲੇ ਸ਼ਬਦ ਹੌਲੀ ਜਿਹੇ ਉਸ ਆਪਣੇ ਆਪ ਨੂੰ ਕਹੇ ।

ਪਿੰਡ 'ਚ ਆਪਣਾ ਮਕਾਨ ਖਾਲੀ ਹੋਣ ਕਾਰਨ ਉਹ ਸਾਡੇ ਮਕਾਨ 'ਚ ਰਹਿੰਦੇ ਸਨ । ਉਹਨਾਂ ਨੂੰ ਰਹਿਣ ਲਈ ਮਕਾਨ ਦੀ ਲੋੜ ਸੀ ਤੇ ਸਾਨੂੰ ਮਕਾਨ ਦੀ ਦੇਖ ਭਾਲ ਲਈ ਕੋਈ ਚਾਹੀਦਾ ਸੀ । ਅਸੀਂ ਕਦੇ ਕਦੇ ਆਉਂਦੇ । ਆਪਣੇ ਪੇਕਿਆਂ ਦੇ ਮਕਾਨ ਦਾ ਆਪਣਾ ਹੀ ਲੁਤਫ ਹੁੰਦਾ ਹੈ । ਜਿਥੇ ਹੱਸੇ, ਖੇਡੇ, ਜਵਾਨ ਹੋਏ, ਖੜਮਸਤੀਆਂ ਕੀਤੀਆਂ । ਇਥੋਂ ਦੀਆਂ ਗਲੀਆਂ, ਇਥੋਂ ਦੇ ਖੇਤ, ਹਲ ਵਾਹੁੰਦੇ, ਖੂਹ ਗੇੜਦੇ ਲੋਗ, ਸਭ ਆਪਣੇ ਹੀ ਲੱਗਦੇ । ਇਥੇ ਆ ਕੇ ਆਪਣੇ ਗੁਜਰ ਚੁੱਕੇ ਮਾਪਿਆਂ ਦੀ ਯਾਦ ਤਾਂ ਆਉਂਦੀ ਹੀ, ਲੇਕਿਨ ਜਦੋਂ ਵੀ ਅਸੀਂ ਇਥੇ ਰਹਿ ਰਹੇ ਮਾਸੀ ਸੰਤੀ ਤੇ ਮਾਸੜ ਚਾਨਣ ਸਿੰਘ ਨੂੰ ਮਿਲਦੇ, ਉਹ ਹੂ-ਬ-ਹੂ ਮੇਰੇ ਮਾਂ ਬਾਪ ਵਾਂਗ ਹੀ ਲੱਗਦੇ, ਜਿਵੇਂ ਉਹ ਮੁੜ ਜਿੰਦਾ ਹੋ ਕੇ ਇਥੇ ਆ ਗਏ ਹੋਣ । ਮਾਸੀ ਸੰਤੀ ਝਾੜੂ ਬਹਾਰੀ ਦੇ ਕੇ ਰੱਖਦੀ । ਦੇਖ ਕੇ ਖੁਸ਼ੀ ਹੁੰਦੀ ਕਿ ਮਕਾਨ ਵੀ ਸਾਂਭਿਆ ਰਹੇਗਾ ਤੇ ਆਉਂਦਿਆਂ ਨੂੰ ਅੱਗੋਂ ਕੋਈ ਹੱਸ ਕੇ ਵੀ ਮਿਲਿਆ ਕਰੇਗਾ । ਵੈਸੇ ਪਿੰਡ ਵੀ ਕਿਹੜਾ ਰੋਜ਼ ਜਾਇਆ ਜਾਂਦਾ ਹੈ । ਕਦੇ ਤਿੰਨੀ ਮਹੀਨੀਂ ਤੇ ਕਦੇ ਸਾਲ ਹੀ ਲੰਘ ਜਾਂਦਾ ।

ਇਕੇਰਾਂ ਮੈਂ ਉਸ ਨੂੰ ਉੱਪਰ ਢੱਠੀ ਮਮਟੀ ਵੱਲ ਦੇਖਦਿਆਂ ਪੁੱਛਿਆ, "ਮਾਸੀ, ਉਹ ਉਪਰਲੀ ਮਮਟੀ ਨੂੰ ਕੀ ਹੋਇਆ ?"

"ਪੁੱਤ, ਪਿਛਲੀ ਨੇਰ੍ਹੀ ਨਾਲ ਈ ਡਿੱਗ ਪਈ ।"

ਤੇ ਮੈਨੂੰ ਲੱਗਾ ਜਿਵੇਂ ਕਿਸੇ ਰਾਜੇ ਦੇ ਸਿਰ ਤੋਂ ਉਪਰਲਾ ਕਰਾਊਨ ਹੀ ਕੋਈ ਉਡਾ ਕੇ ਲੈ ਗਿਆ ਹੋਵੇ ਤੇ ਹੁਣ ਸਿਰ ਦਾ ਗੰਜਾਪਨ ਹੀ ਦਿਸ ਰਿਹਾ ਹੋਵੇ ।


Academy of the Punjab in North America: http://www.apnaorg.com

"ਤੇ ਉਹ ਕੰਧ ਤੋਂ ਇੱਟਾਂ ਕਿੱਧਰ ਗਈਆਂ ?"

"ਉਹ ਰੋੜੇ ਕਿਆਂ ਦਾ ਮੁੰਡਾ ਖਸਮਾਂ ਨੂੰ ਖਾਣਾ, ਦਾਦੇ ਮਘੌਣਾ ਕਿਤੇ ਲਾਹ ਕੇ ਲੈ ਗਿਆ । ਮੈਂ ਤਾਂ ਉਹਦੀ ਬੜੀ ਆਹ ਪਾਹ ਕੀਤੀ ਸੀ ।"

ਤੇ ਮੈਨੂੰ ਉਸਦੀ ਮਿੱਠੀ ਆਵਾਜ਼ ਪਿੱਛੇ ਉਸਦੀ ਗਲਬਾਤ ਦਾ ਕਸੈਲਾ ਜਿਹਾ ਲਹਿਜਾ ਵੀ ਦਿੱਸਣ ਲੱਗਾ । ਇਹ ਵੀ ਤਾਂ ਹੋ ਸਕਦਾ ਕਿ ਪਿੰਡ ਵਾਲਿਆਂ ਦੀ ਬੋਲੀ ਦਾ ਸਟਾਈਲ ਹੀ ਐਸਾ ਹੋਵੇ ।

ਫਿਰ ਜਦ ਪਿੰਡ ਜਾਣ ਦਾ ਮੌਕਾ ਬਣਿਆ ਤਾਂ ਪੌੜੀਆਂ ਦਾ ਤੇ ਡਿਓੜੀ ਦਾ ਦਰਵਾਜਾ ਹੀ ਗਾਇਬ ਸੀ । ਸੁਫੇ ਦੀਆਂ ਅਲਮਾਰੀਆਂ 'ਚੋਂ ਮੇਰੇ ਪਿਤਾ ਦੀਆਂ ਰੱਖੀਆਂ ਫਾਈਲਾਂ, ਕਿਤਾਬਾਂ ਤੇ ਹੋਰ ਸਮਾਨ ਕੱਢ ਕੇ ਇਕ ਨੁੱਕਰੇ ਸੁੱਟਿਆ ਹੋਇਆ ਸੀ ਤੇ ਅਲਮਾਰੀਆਂ 'ਚ ਆਪਣਾ ਮਾੜਾ ਜਿਹਾ ਸਮਾਨ ਰੱਖਿਆ ਹੋਇਆ ਸੀ ।

ਮੈਂ ਪੁੱਛਿਆ ਤਾਂ, "ਪੁੱਤ ਤੁਸੀਂ ਆਪਣਾ ਸਮਾਨ ਰੱਖ ਲਓ ਜਿਥੇ ਰੱਖਣਾ, ਸਾਨੂੰ ਅਲਮਾਰੀਆਂ ਚਾਹੀਦੀਆਂ ਸਨ ।"

"ਪਰ ਸਾਥੋਂ ਪੁੱਛ ਤਾਂ ਲੈਂਦੇ ? ਅਸੀਂ ਆਪ ਹੀ ਖਾਲੀ ਕਰ ਦਿੰਦੇ । ਇੰਜ ਆਪਣੇ ਆਪ ਤਾਂ ਸਾਡੇ ਸਮਾਨ ਨੂੰ ਹੱਥ ਲਾਉਣ ਦਾ ਤੁਹਾਨੂੰ ਕੋਈ ਹੱਕ ਨਹੀਂ ਹੈ ।"

"ਰਾਮੋ ਬੇਟਾ, ਤੂੰ ਗੁੱਸੇ ਕਾਹਨੂੰ ਹੁੰਨੀ ਏਂ, ਅਸੀਂ ਤੁਹਾਡਾ ਸਮਾਨ ਜਿਉਂ ਦਾ ਤਿਉਂ ਰੱਖ ਦਿੱਤਾ, ਕੋਈ ਇਕ ਕਾਗਜ਼ ਇਧਰ ਓਧਰ ਨਹੀਂ ਹੋਣ ਦਿੱਤਾ ।"

ਪਰ ਜੋ ਵੀ ਹੈ, ਹੁਣ ਉਸਦੀ ਅਵਾਜ਼ 'ਚ ਓਨੀਂ ਕਸ਼ਿਸ਼ ਨਹੀਂ ਸੀ ਰਹਿ ਗਈ । ਹੌਲੀ ਹੌਲੀ ਉਹ ਬੁਰੀ ਲੱਗਣ ਲਗੀ, ਬਲਕਿ ਉਸ ਨਾਲ ਨਫਰਤ ਹੋਣ ਲੱਗੀ । ਉਹ ਇਕ ਚਲਾਕ ਬਿੱਲੀ ਵਾਂਗ ਜਾਪੀ ਜੋ ਹੁਣੇ ਹੀ ਕਿਸੇ ਦੀ ਪਾਲੀ ਕੁੱਕੜੀ ਖਾ ਕੇ ਤੇ ਸੁਰੀਲੀ ਅਵਾਜ਼ 'ਚ 'ਮਿਆਓ' ਕਰਨ ਲਗ ਪਈ ਹੋਵੇ । ਜਿਵੇਂ ਕੁਛ ਹੋਇਆ ਹੀ ਨਹੀਂ ਹੁੰਦਾ । ਪਰ ਬਿੱਲੀ ਦਾ ਕੀ ਕਸੂਰ ? ਉਸਦਾ ਤਾਂ ਖਾਜਾ ਹੀ ਇਹ ਹੈ । ਉਹ ਤਾਂ ਇਕ ਜਾਨਵਰ ਹੈ, ਉਸ ਕਿਹੜੀ ਕੋਈ ਰੋਟੀ ਪਕਾਉਣੀ ਹੈ ਜਾਂ ਸਬਜ਼ੀ ਬਣਾ ਕੇ ਖਾਣੀ ਹੈ ? ਜੋ ਵੀ ਲੱਭੇ ਚੂਹਾ, ਕੁੱਕੜੀ,. ਦੁੱਧ ਆਦਿ ਇਹਨਾਂ ਨਾਲ ਹੀ ਖਾ ਕੇ ਜੀਵਿਤ ਰਹਿਣਾ ਹੈ । ਪਰ ਇਨਸਾਨ ਪਾਸ ਤਾਂ ਸੋਚ ਸਮਝ ਹੈ, ਦਿਮਾਗ ਹੈ, ਅਕਲ ਹੈ । ਲੇਕਿਨ ਬੇਈਮਾਨੀ, ਲੋਭ ਲਾਲਚ ਵੀ ਹੈ, ਉਹ ਕਈ ਚਿਹਰੇ ਲਗਾ ਸਕਦਾ ਹੈ, ਡਰਾਮੇ ਕਰ ਸਕਦਾ ਹੈ ।

ਤੇ ਫਿਰ ਜਾਂਦਿਆਂ ਨੂੰ ਕਦੇ ਕੋਈ ਬੂਹਾ ਲੱਥਾ ਹੁੰਦਾ, ਕੋਈ ਬਾਰੀ ਨਾ ਦਿੱਸਦੀ, ਕੁਛ ਸਮਾਨ ਗਾਇਬ ਹੁੰਦਾ । ਹੁਣ ਉਹ ਜਾਂਦਿਆਂ ਨੂੰ ਚਾਹ ਪਾਣੀ ਵੀ ਨਾ ਪੁੱਛਦੀ । ਮੁੰਡਾ ਉਸਦਾ ਸ਼ਰਾਬ ਤੇ ਹੋਰ ਨਸ਼ਿਆਂ 'ਚ ਧੁੱਤ ਹੁੰਦਾ ।

"ਇਹਦੇ ਨਾਲ ਵੀ ਵਿਚਾਰੇ ਨਾਲ ਮਾੜੀ ਹੋਈ । ਵਹੁਟੀ ਇਹਦੀ ਸਾਰਾ ਸਮਾਨ ਚੁੱਕ ਕੇ ਲੈ ਗਈ । ਤੇ ਬੱਚੇ ਵੀ ਆਪਣੇ ਨਾਲ ਹੀ ਲੈ ਗਈ ਏ । ਇਹ ਫੌਜ 'ਚ ਸੀ । ਇਹਦੀ ਹੁਣ ਨੌਕਰੀ ਵੀ ਨਹੀਂ ਰਹੀ । ਮੁਕੱਦਮਾ ਚਲਦਾ ਪਿਆ ਕਚਹਿਰੀ 'ਚ ਖਰਚਾ ਮੰਗਦੇ ਕੁੜੀ ਵਾਲੇ ।" "ਅਸੀਂ ਤਾਂ ਕਿਹਾ ਕਿ ਮੁੰਡਾ ਕੰਮ ਨਹੀਂ ਕਰਦਾ, ਤੁਹਾਨੂੰ ਖਰਚਾ ਕਿਥੋਂ ਦੇਈਏ ।" ਮਾਸੜ ਵੀ ਲਾਗਿਓਂ ਕਹਿੰਦਾ ।


Academy of the Punjab in North America: http://www.apnaorg.com

ਮੈਨੂੰ ਤਰਸ ਵੀ ਆਉਂਦਾ ਪਰ ਮੈਂ ਬਹੁਤਾ ਜ਼ਾਹਿਰ ਨਾ ਕਰਦੀ ਤੇ ਅਸੀਂ ਉਹਨਾਂ ਨੂੰ ਕਿਹਾ, "ਕਿ ਇਥੇ ਮੇਰੀ ਭੈਣ ਨੇ ਰਹਿਣ ਆਉਣਾ ਹੈ, ਸੋ ਹੁਣ ਤੁਸੀਂ ਸਾਡਾ ਮਕਾਨ ਖਾਲੀ ਕਰ ਦਿਓ।"

"ਪੁੱਤ ਕੋਈ ਨਹੀਂ, ਮਕਾਨ ਤੁਹਾਡਾ ਹੀ ਹੈ, ਜਦੋਂ ਕਹੋ ਪਰ ਸਾਨੂੰ ਘੱਟੋ ਘੱਟ ਛੇ ਮਹੀਨੇ ਤਾਂ ਚਾਹੀਦੇ ਨੇ ਤਾਂ ਜੋ ਅਸੀਂ ਆਪਣਾ ਕੋਈ ਬੰਦੋਬਸਤ ਕਰ ਲਈਏ।"

"ਚਲੋ, ਠੀਕ ਹੈ, ਚੰਗਾ ਮਾਸੀ।" ਡਿਉੜੀ 'ਚ ਢਿੱਲੀ ਜਿਹੀ ਮੰਜੀ 'ਤੇ ਬੈਠੀ ਸੰਤੀ ਵਲ ਦੇਖਦਿਆਂ ਅਸੀਂ ਬਾਹਰ ਨਿਕਲ ਗਏ।

ਗਰਮੀਆਂ ਲੰਘ ਗਈਆਂ, ਫਿਰ ਬਰਸਾਤਾਂ ਤੇ ਫਿਰ ਅੱਧਾ ਸਿਆਲ ਵੀ ਬੀਤ ਗਿਆ। ਹੁਣ ਤਾਂ ਛੇਆਂ 'ਤੇ ਚਾਰ ਮਹੀਨੇ ਉਪਰ ਹੋ ਗਏ ਸਨ ਤੇ ਅਸੀਂ ਪਿੰਡ ਵਲ ਨੂੰ ਚਲ ਪਏ। ਆਪਣੇ ਪਿਆਰੇ ਖੁਰਦ ਬੁਰਦ ਹੋ ਰਹੇ ਮਕਾਨ ਦੇ ਦਰਸ਼ਨਾਂ ਲਈ। ਹੁਣ ਤਾਂ ਉਸ ਆਪਣਾ ਹੋਰ ਕਿਤੇ ਬੰਦੋਬਸਤ ਕਰ ਲਿਆ ਹੋਵੇਗਾ। ਨਹੀਂ ਤਾਂ ਇਹਨਾਂ ਮਕਾਨ ਹੀ ਵੇਚ ਵੇਚ ਖਾਈ ਜਾਣਾ ਹੈ। ਹੂੰਅ ! ਉਪਰੋਂ ਕਿਵੇਂ ਪੁੱਤ ਪੁੱਤ, ਧੀਏ ਧੀਏ ਕਰਦੇ ਨੇ ਤੇ ਵਿਚੋਂ...।

ਹਰੇ ਭਰੇ ਖੇਤਾਂ 'ਚੋਂ ਲੰਘਦੇ ਹੋਏ ਆਪਣੇ ਮਕਾਨ 'ਚ ਪਹੁੰਚੇ। ਮਕਾਨ, ਜਿਸਦੀ ਕਦੇ ਸ਼ਾਨ ਸੀ ਸਾਰੇ ਪਿੰਡ 'ਚ। ਦੂਰੋਂ ਹੀ ਚੁਬਾਰੇ ਉੱਪਰ ਉੱਚੀ ਜਿਹੀ ਮਮਟੀ ਦਿਸਦੀ ਸੀ ਤੇ ਧੁਰ ਉਪਰਲੀ ਛੱਤ 'ਤੇ ਮੋਰਪੰਖੀਏ ਰੰਗ ਦੇ ਚਾਰ ਗਮਲੇ ਛੱਤ ਦੀਆਂ ਚਾਰੇ ਨੁੱਕਰਾਂ 'ਤੇ ਸੱਜੇ ਦਿਖਾਈ ਦਿੰਦੇ ਤੇ ਫਿਰ ਚੁਬਾਰੇ ਦੇ ਬਾਹਰ ਵਰਾਂਡੇ ਵਾਲਾ ਬਨੇਰਾ ਤੇ ਉਸਦੇ ਹੇਠਾਂ ਲੱਕੜੀ ਦੀਆਂ ਪਤਲੀਆਂ ਪਤਲੀਆਂ ਲਰਾਂ ਦੀ ਝਾਲਰ ਜਿਹੀ ਲਮਕਦੀ ਦਿਸਦੀ, ਕਿੰਨੀ ਮਿਹਨਤ ਨਾਲ ਬਣਾਈ ਜਾਪਦੀ ਸੀ। ਫਿਰ ਬਾਹਰਲਾ ਬੂਹਾ ਵੜਦਿਆਂ ਹੀ ਲੰਬੀ ਚੌੜੀ ਹਵੇਲੀ ਜਿਸ ਵਿਚ ਧ੍ਰੇਕ, ਨਿੰਮ, ਤੂਤ ਤੇ ਸਫੈਦੇ ਦੇ ਉੱਚੇ ਉੱਚੇ ਰੁੱਖ ਅਤੇ ਡਿਓੜੀ ਦੇ ਦਰਵਾਜੇ ਨਾਲ ਨਾਲ ਹੀ ਅਸੀਂ ਗੈਂਦੇ ਅਤੇ ਗੁਲਾਬ ਦੇ ਫੁੱਲਾਂ ਦੇ ਬੂਟਿਆਂ ਦੀ ਖੁਸ਼ਬੋ ਨਾਲ ਸੁਗੰਧਿਤ ਤੇ ਸੱਜੀ ਹਵੇਲੀ ਵਿਚੋਂ ਲੰਘ ਕੇ ਲੰਬੀ ਚੌੜੀ ਡਿਓੜੀ ਵਿਚ ਪਹੁੰਚਦੇ ਸੀ। ਡਿਓੜੀ ਦੇ ਅੰਦਰਲੇ ਤੇ ਬਾਹਰਲੇ ਦਰਵਾਜ਼ਿਆਂ ਉਪਰ ਪਿੱਤਲ ਦੇ ਚੱਕੇ ਜਿਹੇ ਗੋਲ ਲਾਟੂਆਂ ਵਾਂਗ ਸਜਾਏ ਹੁੰਦੇ, ਜਿਨ੍ਹਾਂ ਨੂੰ ਅਸੀਂ ਆਮ ਤੌਰ 'ਤੇ ਘੁੰਮਾਉਂਦੇ ਰਹਿੰਦੇ ਸਾਂ। ਡਿਓੜੀ 'ਚ ਪਿੱਤਲ ਦੀਆਂ ਸੀਖਾਂ ਵਾਲੀਆਂ ਦੋ ਬਾਰੀਆਂ ਸਨ ਜੋ ਇਕ ਹਵੇਲੀ ਦੇ ਸੱਜੇ ਪਾਸੇ ਖੁਲ੍ਹਦੀ ਤੇ ਦੂਜੀ ਸਾਹਮਣੇ ਪਾਸੇ ਨੂੰ ਸੀ।

ਡਿਓੜੀ ਨਾਲ ਹੀ ਅੱਗੇ ਇਕ ਬੈਠਕ ਤੇ ਇਕ ਹੋਰ ਨਾਲ ਵਾਲਾ ਕਮਰਾ। ਇਹਨਾਂ ਨਾਲ ਵੀ ਸੀਖਾਂ ਵਾਲੀਆਂ ਬਾਰੀਆਂ ਸਨ। ਫਿਰ ਸੱਜੇ ਹੱਥ ਨੂੰ ਇਕ ਖੁਲ੍ਹਾ ਵਿਹੜਾ ਜਿਸਦੇ ਸਾਹਮਣੇ ਹੀ ਪੰਜ ਕੁ ਇੰਚ ਉੱਚਾ ਥੜ੍ਹਾ ਜਿਸਨੂੰ ਰਸੋਈ ਦੇ ਤੌਰ ਤੇ ਵਰਤਿਆ ਜਾਂਦਾ। ਰਸੋਈ ਦੇ ਉਲਟ ਪਾਸੇ ਖੁਲਾ ਜਿਹਾ ਗੁਸਲਖਾਨਾ ਬਣਿਆ ਸੀ। ਜਿਸ ਵਿਚ ਉੱਚਾ ਜਿਹਾ ਪਿੱਤਲ ਦਾ ਫੁਹਾਰਾ ਲੱਗਾ ਹੁੰਦਾ ਤੇ ਨਾਲ ਹੀ ਇਕ ਪਾਇਪ ਨਾਲ ਜੋੜਦਾ ਨਲਕੇ ਦੀ ਲੰਬਾਈ ਜਿੰਨਾ ਉੱਚਾ ਜਿਹਾ ਇਕ ਚੁਬੱਚਾ ਬਣਿਆ ਹੋਇਆ ਸੀ। ਜਿਸਨੂੰ ਭਰ ਕੇ ਉਸ ਵਿਚ ਨਹਾਉਂਦੇ ਰਹਿੰਦੇ, ਬੈਠੇ ਰਹਿੰਦੇ। ਇਹ ਸਾਰੇ ਪਿੰਡ 'ਚ



Academy of the Punjab in North America: http://www.apnaorg.com

ਆਪਣੀ ਕਿਸਮ ਦਾ ਆਪ ਹੀ ਇਕ ਨਮੂਨੇ ਦਾ ਗੁਸਲਖਾਨਾ ਸੀ। ਇਸ ਤੋਂ ਅੱਗੇ ਸੱਜੇ ਖੱਬੇ ਦੋ ਰਸੋਈਆਂ ਸਨ। ਮੀਂਹ ਕਣੀ ਜਾਂ ਧੁੱਪ ਵਿਚ ਇਥੇ ਹੀ ਰੋਟੀ ਪੱਕਦੀ। ਇੱਥੇ ਫੱਟਿਆਂ ਦੀ ਅਲਮਾਰੀ ਤੋਂ ਇਲਾਵਾ ਸੀਮਿੰਟ ਦੀ ਉੱਚੀ ਜਿਹੀ ਘੜੇਸਣੀ ਬਣੀ ਹੁੰਦੀ ਸੀ, ਘੜੇ ਰੱਖਣ ਲਈ।

ਅੱਗੇ ਲੰਬਾ ਸਾਰਾ ਸੁਫਾ ਜਿਸ ਵਿਚ ਚਾਰ ਅਲਮਾਰੀਆਂ ਸਨ ਜਿਨ੍ਹਾਂ ਨੂੰ ਛੋਟੇ ਸ਼ੀਸ਼ਿਆਂ ਵਾਲੇ ਬੂਹੇ ਲੱਗੇ ਸਨ। ਸੁਫੇ ਦਾ ਵਿਚਕਾਰਲਾ ਵੱਡਾ ਦਰਵਾਜ਼ਾ ਤਾਂ ਖਾਸ ਹੀ ਸੀ। ਇਸਦੇ ਸਾਗਵਾਨ ਦੇ ਚੌਖਟੇ ਉਪਰ ਲੱਕੜੀ ਦੀ ਮੀਨਾਕਾਰੀ ਕੀਤੀ ਹੋਈ ਸ਼ੋਭ ਰਹੀ ਸੀ। ਦਰਵਾਜਿਆਂ ਉਪਰ ਫੁੱਲ ਬੂਟਿਆਂ ਦੀਆਂ ਵੇਲਾਂ ਗੋਲ ਚੌਰਸ ਡੀਜ਼ਾਇਨ, ਦੋ ਇੰਚ ਮੋਟਾ ਦਰਵਾਜਾ ਜਿਵੇਂ ਕਿਸੇ ਗੁਰਦੁਆਰੇ ਦਾ ਹੋਵੇ। ਹੇਠਾਂ ਮੋਟੀ ਤੇ ਚੌੜੀ ਸਰਦਲ ਫਿਰ ਪੌੜੀਆਂ। ਆਮ ਤੌਰ ਤੇ ਅਸੀਂ ਰੋਟੀ ਇਥੇ ਹੀ ਬੈਠ ਕੇ ਖਾਂਦੇ। ਸੁਫੇ ਪਿੱਛੇ ਫਿਰ ਦੋ ਕੋਠੜੀਆਂ ਸਨ।

ਫਿਰ ਪੌੜੀਆਂ ਚੜ੍ਹ ਕੇ ਉਪਰ ਚਬਾਰੇ 'ਚ ਖੁਲ੍ਹਾ ਬਰਾਂਡਾ ਤੇ ਪਿੱਛੇ ਦੋ ਖੁਲ੍ਹੇ ਹਵਾਦਾਰ ਕਮਰੇ। ਚੁਬਾਰੇ 'ਚ ਇਕ ਥਾਂ ਕੰਧ 'ਚ ਗਡਿਆ ਸ਼ੀਸ਼ਾ ਸੀ ਜਿਸਦੇ ਹੇਠ ਚੌੜਾ ਜਿਹਾ ਦਰਾਜ਼ ਜੋ ਦਰਵਾਜ਼ੇ ਦਾ ਵੀ ਕੰਮ ਕਰਦਾ ਤੇ ਮੇਜ਼ ਦਾ ਵੀ। ਇਹ ਵੀ ਖਾਸ ਹੀ ਕਿਸਮ ਦਾ ਸੀ। ਭਾਪਾ ਜੀ ਦੱਸਦੇ ਹੁੰਦੇ ਸਨ ਕਿ ਇਹ ਉਹਨਾਂ ਨੇ ਬਰ੍ਹਮਾਂ ਤੋਂ ਕਿਸੇ ਅੰਗਰੇਜ਼ ਪਾਸੋਂ ਲਿਆ ਸੀ। ਉੱਪਰ ਮਮਟੀ ਹੇਠ ਫਿਰ ਦੋ ਨਿੱਕੀਆਂ ਨਿੱਕੀਆਂ ਕੋਠੜੀਆਂ। ਉਥੋਂ ਤੋਂ ਛੱਤ ਉਪਰ ਖਲੋ ਕੇ ਦੂਰ ਦੂਰ ਤੱਕ ਖਿਲਰੇ ਲਹਿ ਲਹਾਉਂਦੇ ਖੇਤ ਅਤੇ ਸਾਰੇ ਪਿੰਡ ਦੇ ਮਕਾਨ ਦਿੱਸਦੇ। ਕੋਈ ਟਾਵਾਂ ਟਾਵਾਂ ਹੀ ਚੁਬਾਰੇ ਵਾਲਾ ਸੀ ਬਹੁਤੇ ਮਕਾਨ ਹੇਠਾਂ ਹੀ ਖੁਲ੍ਹੇ, ਕੱਚੇ ਕੋਈ ਲੋਹ ਉਪਰ ਰੋਟੀਆਂ ਪਕਾਉਂਦੀ ਦਿੱਸਦੀ, ਕੋਈ ਬਿਨਾਂ ਚਾਰ ਦਵਾਰੀ ਦੇ ਖੁਲ੍ਹੇ ਨਲਕੇ ਹੇਠ ਨਹਾ ਰਹੀ ਨਜ਼ਰ ਆਉਂਦੀ ਜਾਂ ਚੌਂਕੀ ਪੀੜੀ 'ਤੇ ਬੈਠ ਕੇ ਕਸੀਦਾ ਕੱਢਦੀਆਂ, ਚਰਖਾ ਕੱਤਦੀਆਂ ਜਾਪਦੀਆਂ, ਕਿਤੇ ਖੂਹ ਚਲ ਰਿਹਾ ਹੁੰਦਾ, ਕਿਤੇ ਹਲ ਵਗ ਰਿਹਾ ਹੁੰਦਾ ਤੇ ਕੋਈ ਟੋਕੇ ਨਾਲ ਪੱਠੇ ਕੁਤਰ ਰਿਹਾ ਹੁੰਦਾ।

ਤੇ ਹੁਣ ਸਭ ਪਾਸੇ ਵੀਰਾਨਗੀ ਸੀ ਬੁੱਢਾ ਹੋ ਚੁੱਕਾ ਆਪਣੀ ਉਮਰ ਦੇ ਆਖਰੀ ਦਿਨ ਗਿਣਦਾ ਮਕਾਨ ਲੱਗਦਾ।

ਅਲਾਣੀ ਮੰਜੀ 'ਤੇ ਲੇਟੀ ਮਾਸੀ ਸਾਨੂੰ ਦੇਖ ਕੇ ਇਕ ਹੱਥ ਲੱਕ 'ਤੇ ਰੱਖ ਕੇ 'ਹਾਇ' ਕਰਦੀ ਉੱਠੀ। ਸਰਸਰੀ ਸਤਿ ਸ੍ਰੀ ਅਕਾਲ ਤੋਂ ਬਾਅਦ ਅੰਦਰ ਲੰਘ ਕੇ ਬੂਹੇ ਵਗੈਰਾ ਖੋਲ੍ਹੇ ਤੇ ਘੱਟੇ ਮਿੱਟੀ, ਭੂੰਡਾਂ, ਕਬੂਤਰਾਂ ਤੇ ਮੱਕੜੀਆਂ ਦੇ ਜਾਲਿਆਂ ਨੇ ਸਵਾਗਤ ਕੀਤਾ।

"ਅੱਛਾ ਫਿਰ ਮਾਸੜ ਜੀ, ਹੁਣ ਸਾਨੂੰ ਕਬਜਾ ਦੇ ਦਿਓ।"

"ਦੇਖ ਪੁੱਤ, ਮੈਂ ਮੁੱਕਰਿਆਂ ਨਹੀਂ, ਇਕ ਤਾਂ ਇਹ ਸਰਦੀ ਮੁੱਕ ਲਵੇ ਤੇ ਦੂਜੇ ਆਹ ਬੁੱਢੀ ਕਿਸੇ ਪਾਸੇ ਲੱਗ ਲਵੇ, ਇਹਤੋਂ ਤੁਰਿਆ ਫਿਰਿਆ ਨਹੀਂ ਜਾਂਦਾ ਤੇ ਮੈਂ ਇਹਨੂੰ ਇਵੇਂ ਕਿਥੇ ਲੈ ਕੇ ਜਾਵਾਂ। ਸਾਨੂੰ ਚਾਰ ਕੁ ਮਹੀਨੇ ਹੋਰ ਦੇ ਦਿਓ, ਮਕਾਨ ਤੁਹਾਡਾ ਈ ਆ।"


Academy of the Punjab in North America: http://www.apnaorg.com

ਤੇ ਜਾਂਦੀ ਵਾਰੀ ਫਿਰ ਮੰਜੇ 'ਤੇ ਬੈਠੀ ਮਾਸੀ ਰੋਣੀ ਜਿਹੀ ਅਵਾਜ਼ 'ਚ ਬੋਲੀ ਗਈ, "ਪੁੱਤ ਮੇਰੇ ਗੋਡੇ ਬੜੇ ਦੁੱਖਦੇ ਆ ਕੋਈ ਦਵਾਈ ਤਾਂ ਦਸ ਜਾਹ।"

"ਡਾਕਟਰ ਨੂੰ ਦਿਖਾਓ।" ਅਸਾਂ ਕਿਹਾ।

"ਇਹ ਮੈਨੂੰ ਖੜਦੇ ਨਹੀਂ ਡਾਕਟਰ ਵਲ, ਕਲ੍ਹ ਦਾ ਮੇਰਾ ਲੱਕ ਨੀਂ ਸਿੱਧਾ ਹੁੰਦਾ, ਇਹਨਾਂ ਮੇਰੇ ਸੋਟੀਆਂ ਮਾਰੀਆਂ...ਹਾਇ..."

"ਐਵੇਂ ਪਖੰਡ ਤੇ ਡਰਾਮੇ ਕਰਦੀ ਆ, ਸੋਟੀਆਂ ਮਾਰੀਆਂ"

ਪਤਾ ਨਹੀਂ ਹੁਣ ਉਸਦੀ ਹਰ ਗੱਲ ਝੂਠੀ ਲਗਦੀ।

ਤੇ ਇਵੇਂ ਹੀ ਜਦ ਵੀ ਗਏ ਮਾਸੜ ਚੰਨਣ ਸਿੰਘ ਹਰ ਵਾਰੀ ਕੋਈ ਨਾ ਕੋਈ ਬਹਾਨਾ ਕਰ ਦਿੰਦਾ, ਕਦੇ ਦੋ ਮਹੀਨੇ ਤੇ ਕਦੇ ਇਕ ਮਹੀਨੇ ਦੀ ਮੋਹਲਤ ਹੋਰ ਲੈ ਲੈਂਦਾ ਤੇ ਮਕਾਨ ਖਾਲੀ ਕਰਨ ਦਾ ਨਾਂ ਨਾ ਲੈਂਦਾ ਤੇ ਮਾਸੀ ਹਰ ਵਾਰੀ, ਲੰਮੀ ਪਈ ਜਾਂ ਬੈਠੀ ਕੋਈ ਨਾ ਕੋਈ ਸ਼ਿਕਾਇਤ ਕਰਦੀ ਰਹਿੰਦੀ। ਹਰ ਵਾਰੀ ਹੀ ਨਿੱਘਰਦੀ ਜਾਂਦੀ, ਉਸਦੀਆਂ ਝੁਰੜੀਆਂ ਹੋਰ ਗੂਹੜੀਆਂ ਤੇ ਰੰਗ ਬੱਗਾ ਜਿਹਾ ਜਿਵੇਂ ਸਾਹਸਤ ਨਾ ਹੁੰਦਾ ਤੇ ਇਕ ਵਾਰੀ ਬੜੀ ਕਰੁਣਾਮਈ ਤੇ ਧੀਮੀ ਅਵਾਜ਼ 'ਚ ਤਰਲਾ ਜਿਹਾ ਲੈ ਕੇ ਕਹਿਣ ਲੱਗੀ, "ਪੁੱਤ, ਮੈਨੂੰ ਇਹਨਾਂ ਮਾਰ ਦੇਣਾ, ਮੈਨੂੰ ਇਥੋਂ ਲੈ ਜਾਓ।"

"ਭਲਾ ਉਹਨਾਂ ਤੈਨੂੰ ਮਾਰ ਕੇ ਕੀ ਲੈਣਾ ?" ਮੈਂ ਮਨ 'ਚ ਸੋਚਿਆ ਇਹ ਸਾਨੂੰ ਖਰਾਬ ਕਰਨ ਦਾ ਹੀ ਫਲ ਮਿਲ ਰਿਹਾ ਹੈ। ਤੁਹਾਨੂੰ ਰੱਬ ਇਵੇਂ ਹੀ ਬਰਬਾਦ ਕਰੇ। ਪਰ ਸ਼ੱਕ ਵੀ ਪੈਦਾ ਹੋਣ ਲੱਗਾ ਕੀ ਪਤਾ ਮਾਸੀ ਸੱਚ ਹੀ ਬੋਲਦੀ ਹੋਵੇ, ਸੱਚੀਂ ਔਖੀ ਹੋਵੇ, ਇਹ ਕਮੀਨੇ ਸ਼ਰਾਬੀ ਬੰਦੇ ਇਸ ਨੂੰ ਮਾਰਦੇ ਵੀ ਹੋਣ ਕਿ ਇਹ ਮਰ ਜਾਏ ਤੇ ਮੈਂ ਇੱਕਲਾ ਜਿਧਰ ਮਰਜ਼ੀ ਜਾ ਆ ਸਕਾਂ। ਉਸਦਾ ਘਰਵਾਲਾ ਸੋਚਦਾ ਹੋਵੇ। ਆਪਣੀ ਘਰਵਾਲੀ ਨੂੰ ਹੌਲੀ ਹੌਲੀ ਕਦੇ ਠੁੱਡ ਮਾਰ ਦਿੱਤਾ ਤੇ ਕਦੇ ਡਾਂਗ ਮਾਰ ਦਿੱਤੀ ਲੋਗ ਸਮਝਣ ਕਿ ਬਿਮਾਰ ਹੋ ਕੇ ਮਰੀ ਹੈ। ਨਹੀਂ ਤਾਂ ਉਹ ਐਵੇਂ ਨਾ ਕਹਿੰਦਾ ਕਿ ਬੁੱਢੀ ਕਿਸੇ ਪਾਸੇ ਲੱਗ ਜਾਵੇ।

ਤੇ ਮੈਨੂੰ ਮਾਸੀ ਸੰਤੀ 'ਤੇ ਤਰਸ ਆਉਣ ਲੱਗਾ, ਮਨ 'ਚ ਆਇਆ ਵੀ ਕਿ ਮੈਂ ਇਸਨੂੰ ਆਪਣੇ ਘਰ ਲੈ ਜਾਵਾਂ। ਇਕੇਰਾਂ ਉਸ ਮੈਨੂੰ ਇਹ ਵੀ ਪੁੱਛਿਆ ਸੀ।

"ਪੁੱਤ ਰਾਮੋ, ਕੁਛ ਹੈਗਾ ਖਾਣ ਲਈ, ਕੋਈ ਬਿਸਕੁਟ ਜਾਂ ਕੋਈ ਕੇਲਾ।" ਉਸ ਵਕਤ ਮੇਰੇ ਪਾਸ ਕੁਛ ਨਹੀਂ ਸੀ ਤੇ ਮੈਨੂੰ ਜਾਪਿਆ, ਪਤਾ ਨਹੀਂ ਇਸਨੂੰ ਹੁਣ ਕੁਝ ਖਾਣ ਲਈ ਵੀ ਦਿੰਦੇ ਹਨ ਜਾਂ ਨਹੀਂ। ਖੌਰੇ ਇਹ ਸਵੇਰ ਦੀ ਭੁੱਖੀ ਹੋਵੇ। ਮੇਰਾ ਉਸ ਵੇਲੇ ਤ੍ਰਾਹ ਜਿਹਾ ਨਿਕਲ ਗਿਆ। ਤੇ ਮੈਂ ਉਸਦੇ ਹੱਥ ਕੁਝ ਪੈਸੇ ਦੇ ਕੇ ਆ ਗਈ।

ਤੇ ਸਾਰਾ ਰਸਤਾ ਸੋਚਦੀ ਰਹੀ ਕਿ ਇਹ ਕਿਹੋ ਜਿਹੇ ਭੁੱਖੇ ਤੇ ਲਾਲਚੀ ਬੰਦੇ ਸਾਡੇ ਮਕਾਨ 'ਚ ਵੜ ਗਏ ਹਨ। ਜੋ ਮਕਾਨ ਨੂੰ ਵੀ ਖਾਈ ਜਾ ਰਹੇ ਹਨ ਤੇ ਇਸ ਬੁੱਢੀ ਔਰਤ ਨੂੰ ਵੀ, ਜੋ ਤਿਲ ਤਿਲ ਮਰਨ 'ਤੇ ਮਜਬੂਰ ਹੋ ਰਹੀ ਸੀ। ਇਕ ਪਾਸੇ ਅਜਿਹੇ ਆਦਮੀ ਹਨ ਜਿਨ੍ਹਾਂ ਅਨੇਕਾਂ ਕਾਢਾਂ, ਖੋਜਾਂ ਨਾਲ ਦੁਨੀਆਂ ਨੂੰ ਹਰ ਸੁੱਖ ਅਰਾਮ ਦੇ ਰਹੇ ਹਨ ਤੇ ਦੂਜੇ ਪਾਸੇ ਅਜਿਹੇ ਮਰਦ ਹਨ ਜੋ ਆਪਣੀ ਹੀ ਅਰਧਾਂਗਣੀ ਨੂੰ ਮੌਤ ਦੇ ਖੂਹ 'ਚ ਧਕੇਲ ਰਹੇ ਹਨ। ਜਿਵੇਂ ਔਰਤਾਂ ਨੂੰ ਮਾਰਨਾ ਕੁੱਟਣਾ ਇਕ ਫੈਸ਼ਨ ਹੋਵੇ, ਮਰਦਊਪੁਣਾ ਹੋਵੇ।


Academy of the Punjab in North America: http://www.apnaorg.com

ਤੇ ਫਿਰ ਅਗਲੀ ਵੇਰ ਆਏ ਤਾਂ ਸੰਤੀ ਦੀ ਲੋਥ ਜ਼ਮੀਨ 'ਤੇ ਰੱਖੀ ਹੋਈ ਸੀ । ਲੋਕ ਆ ਜਾ ਰਹੇ ਸਨ ਤੇ ਚੰਨਣ ਸਿੰਘ ਤੇ ਉਸਦਾ ਲੜਕਾ ਸੱਥ 'ਚ ਬੈਠੇ, "ਬਿਮਾਰ ਸੀ, ਵਿਚਾਰੀ ਚੱਲ ਵਸੀ" ਤੇ ਆਪਣੀਆਂ ਅੱਖਾਂ ਪੂੰਝਣ ਲਗ ਗਏ ਤੇ ਅਸੀਂ ਵੀ ਦੋ ਕੁ ਹਮਦਰਦੀ ਦੇ ਬੋਲ ਸੁੱਟ ਕੇ ਵਾਪਸ ਹੋ ਗਏ । ਅਜਿਹੇ ਮੌਕੇ ਕੋਈ ਵੀ ਗਲ ਕਰਨੀ ਵਾਜਬ ਨਹੀਂ ਸੀ ਲੱਗਦੀ, ਸਭ ਕੁਛ ਖੰਡਰ ਹੋ ਚੁੱਕਾ ਸੀ ।

*****



Academy of the Punjab in North America: http://www.apnaorg.com

## ਆਸਾਂ ਦਾ ਫਲ

ਕਿੰਨੀ ਪਿਆਰੀ ਬੇਟੀ ਹੈ ਸਾਡੀ। ਦਿਮਾਗ ਵੀ ਇਸਦਾ ਇੰਨਾ ਤੇਜ਼ ਹੈ ਕਿ ਇਕ ਵਾਰ ਕਹੀ ਗਲ ਨੂੰ ਭੁਲਦੀ ਨਹੀਂ ਹੈ। ਹਰ ਗਲ ਨੂੰ ਏਨੀ ਜਲਦੀ ਫੜਦੀ ਹੈ ਕਿ ਹੈਰਾਨ ਰਹਿ ਜਾਈਦਾ ਹੈ। ਹੁਣ ਡਰਾਈਂਗ 'ਚ ਹਾਥੀ ਸਿਰਫ ਇਕੋ ਵਾਰ ਹੀ ਵਾਹੁਣਾ ਦੱਸਿਆ ਸੀ ਤੇ ਕਿੰਨਾਂ ਸੁਹਣਾ ਵਾਹ ਲੈਂਦੀ ਹੈ। ਸਾਈਕਲ ਵੀ ਇਸ ਨੇ ਕਿੰਨੀ ਜਲਦੀ ਸਿਖ ਲਿਆ ਹੈ ਤੇ ਕਿੰਨਾ ਤੇਜ਼ ਭਜਾ ਲੈਂਦੀ ਹੈ। ਭੀੜੀ ਤੋਂ ਭੀੜੀ ਜਗਾਹ 'ਚੋਂ ਵੀ ਕੱਢ ਕੇ ਲੈ ਜਾਂਦੀ ਹੈ। ਕਲਾਸ ਵਿਚ ਵੀ ਬਾਕੀ ਬੱਚਿਆਂ ਤੋਂ ਅੱਗੇ ਹੈ। ਇਸ ਦੀ ਮੈਡਮ ਕਹਿੰਦੀ ਸੀ ਕਿ ਇਹ 'ਆਲ ਰਾਊਂਡਰ' ਹੈ। ਹਰੇਕ ਸ਼ੋਭੇ 'ਚ ਦਿਲਚਸਪੀ ਲੈਂਦੀ ਹੈ। ਖੇਡਾਂ, ਗਾਉਣ, ਨੱਚਣ, ਪੜ੍ਹਾਈ ਲਿਖਾਈ ਆਦਿ ਸਭ 'ਚ।

ਹਾਇ, ਜਿਉਂਦੀ ਰਹੇ ਸਾਡੀ ਬੱਚੀ ! ਲੰਬੀ ਉਮਰ ਹੋਵੇ ਤੇ ਉਹਨਾਂ ਦੋਹਾਂ ਨੇ ਆਪਣੀ ਬੱਚੀ ਮੋਨਾ ਦੀਆਂ ਗਲ੍ਹਾਂ ਅਤੇ ਮਥੇ ਤੋਂ ਚੁੰਮਣ ਲਏ। ਉਹ ਅਰਾਮ ਨਾਲ ਸੌਂ ਰਹੀ ਸੀ।

ਇਕ ਤਾਂ ਇਹ ਅੱਜ ਕਲ੍ਹ ਸੁਆਲ ਬੜੇ ਪੁੱਛਦੀ ਰਹਿੰਦੀ ਹੈ। ਜਿਵੇਂ ਬੱਚੇ ਕਿਥੋਂ ਆਉਂਦੇ ਨੇ, ਕਿਵੇਂ ਆਉਂਦੇ ਨੇ। ਉਹ ਦੀਪੇ ਹੁਰਾਂ ਦਾ ਜਦੋਂ ਦਾ ਨਿੱਕਾ ਕਾਕਾ ਦੇਖ ਆਈ ਹੈ, ਓਦੋਂ ਦਾ ਕੁਝ ਜਿਆਦਾ ਹੀ ਕਹਿ ਰਹੀ ਹੈ, "ਮੰਮੀ ਮੇਰਾ ਹੋਰ ਕੋਈ ਭੈਣ ਭਰਾ ਕਿਉਂ ਨਹੀਂ ਹੈ, ਕੋਈ ਛੋਟਾ ਜਿਹਾ ਕਾਕਾ ਲਿਆਓ ਨਾ, ਮੈਂ ਉਸਨੂੰ ਖਿਡਾਇਆ ਕਰਾਂਗੀ, ਖੁਆਇਆ ਕਰਾਂਗੀ।"

ਹਾਂ, ਕਈ ਵਾਰ ਮੇਰੇ ਮਨ 'ਚ ਵੀ ਆਉਂਦਾ ਹੈ ਕਿ ਇਕ ਬੱਚਾ ਹੋਰ ਹੋਵੇ। ਉਹਨਾਂ ਦੋਵਾਂ ਦਾ ਸਾਥ ਵੀ ਹੋ ਜਾਏਗਾ। ਇਹ ਵੀ ਹੁਣ ਤਕਰੀਬਨ ਛੇਆਂ ਦੀ ਹੋ ਗਈ ਹੈ।

ਮੇਰਾ ਵੀ ਇਹੀ ਵਿਚਾਰ ਹੈ ਕਿ ਇਕ ਬੱਚਾ ਹੋਰ ਹੋਵੇ। ਜਦ ਕਦੇ ਕੋਈ ਘਰ ਆਏ ਗਏ ਨਾਲ ਜਾਂ ਅਸੀਂ ਖੁਦ ਗਲਾਂ ਬਾਤਾਂ ਕਰ ਰਹੇ ਹੁੰਦੇ ਹਾਂ ਤਦ ਇਹ ਆਪਣੇ ਆਪ ਨੂੰ ਇਕਲਿਆਂ ਮਹਿਸੂਸ ਕਰਦੀ ਹੈ। ਬੱਚਾ ਵੀ ਚਾਹੁੰਦਾ ਹੈ ਕਿ ਉਸਦਾ ਹਾਣ ਦਾ ਕੋਈ ਹੋਵੇ, ਜਿਸ ਨਾਲ ਉਹ ਖੇਡ ਸਕੇ।

ਤੇ ਮਮਤਾ ਦੇ ਗਰਭ ਠਹਿਰ ਗਿਆ ਪਰ ਅਜੇ ਸੱਤ ਕੁ ਹੀ ਹਫਤੇ ਹੋਏ ਸਨ ਕਿ ਬਦਕਿਸਮਤੀ ਨਾਲ ਗਰਭ ਗਿਰ ਗਿਆ ਸਫਾਈ ਕਰਵਾਉਣੀ ਪਈ। ਡਾਕਟਰ ਕਹਿੰਦੇ ਸਨ ਕਿ ਬਹੁਤ ਦੇਰ ਬਾਅਦ ਕਰੋ ਤਾਂ ਇਵੇਂ ਵਾਪਰਨ ਦੇ ਚਾਨਸ ਜਿਆਦਾ ਹੁੰਦੇ ਹਨ ਤੇ ਜਾਂ ਭਾਰ ਜਿਆਦਾ ਚੁੱਕਣ ਨਾਲ ਵੀ ਹੋ ਸਕਦਾ ਹੈ।

ਸ਼ਾਇਦ ਕਿਸਮਤ 'ਚ ਹੀ ਇਕੋ ਬੱਚਾ ਹੈ। ਇਸੇ ਨੂੰ ਹੀ ਸੁਹਣੀ ਤਰ੍ਹਾਂ ਪਾਲਦੇ ਹਾਂ। ਪਰ ਮਮਤਾ ਜਿਸਨੂੰ ਵੀ ਮਿਲਦੀ ਜਿਥੇ ਜਾਂਦੀ ਕੋਈ ਕਹਿੰਦੀ, "ਲੈ ਮੇਰੀਆਂ ਤਾਂ ਤਿੰਨ ਅਬੋਰਸ਼ਨਾਂ ਹੋ ਚੁੱਕੀਆਂ ਨੇ ਤੇ ਤੂੰ ਇਕ ਤੋਂ ਹੀ ਡਰ ਗਈ ਏਂ। ਫਲਾਣੀ ਦੇ ਦੋ ਵਾਰੀ ਹੋਈ ਤੇ ਬਾਅਦ 'ਚ ਉਸਦੇ ਦੋ ਬੱਚੇ ਹੋਏ, ਆਹ ਗੁਣੀ ਦੇ ਵੀ ਤਾਂ ਇਕੇਰਾਂ ਹੋਈ



Academy of the Punjab in North America: http://www.apnaorg.com

ਤੇ ਫਿਰ ਉਸਦੇ ਮੁੰਡਾ ਹੋਇਆ'' ਆਦਿ।

ਵਿਚਾਰ ਆਉਂਦੀ, ਅਸੀਂ ਕਿਹੜੇ ੪-੫ ਬੱਚੇ ਕਰਨੇ ਨੇ, ਭਲਾ ਦੋ ਕੋਈ ਬਹੁਤੇ ਨੇ। ਰੱਬ ਨਾ ਕਰੇ, ਇੱਕਲੇ ਬੱਚੇ ਨੂੰ ਕੁਝ ਹੋ ਜਾਏ ਜਾਂ ਵੱਡੇ ਹੋ ਕੇ ਤੁਹਾਨੂੰ ਕੁਝ ਪੁੱਛੇ ਈ ਨਾ ਤੇ ਰਹਿ ਗਏ ਸਾਰੀ ਉਮਰ ਇਕੱਲੇ ਦੇ ਇਕੱਲੇ। ਆਹ ਸਾਡੇ ਕੰਮ ਵਾਲੀ ਕੁੜੀ ਆਉਂਦੀ ਹੈ, ਦੇਖਣ ਨੂੰ ਕੁਝ ਵੀ ਨਹੀਂ ਲੱਗਦੀ। ਚਾਰ ਬੱਚੇ ਜੰਮ ਲਏ ਨੇ ਤੇ ਉਵੇਂ ਈ ਉਵੇਂ ਚੁਸਤ ਹੈ। ਅਸਲ 'ਚ ਬਹੁਤੀ ਅਬਾਦੀ ਤਾਂ ਇਹਨਾਂ ਵਰਗੇ ਲੋਕਾਂ ਨੇ ਵਧਾਈ ਹੈ। ਗੌਰਮਿੰਟ ਦੇ ਏਨਾਂ ਪ੍ਰਚਾਰ ਕਰਨ ਦੇ ਬਾਵਜੂਦ ਇਹਨਾਂ ਦੇ ਚਾਰ ਚਾਰ, ਪੰਜ ਪੰਜ ਨਿਆਣੇ ਹਨ। ਤੇ ਸਹੂਲਤਾਂ ਇਹਨਾਂ ਨੂੰ ਵੱਖਰੀਆਂ। ਹਰ ਖੇਤਰ 'ਚ ਰਾਖਵੀਆਂ ਸੀਟਾਂ ਇਹਨਾਂ ਲੋਕਾਂ ਲਈ। ਕੀ ਸਾਰੇ ਕਾਨੂੰਨ ਮੰਨਣ ਵਾਲੇ ਰਹਿ ਗਏ ਅਸੀਂ ਲੋਗ ਹੀ। ਜੇ ਅਬਾਦੀ ਉਪਰ ਕਾਬੂ ਪਾਉਣਾ ਹੈ ਤਾਂ ਰਿਆਇਤਾਂ ਇਕ ਜਾਂ ਦੋ ਬੱਚਿਆਂ ਵਾਲਿਆਂ ਨੂੰ ਹੋਣ ਨਾ ਕਿ ਅਬਾਦੀ ਵਧਾਉਣ ਵਾਲੇ ਲੋਕਾਂ ਨੂੰ।

ਕਈ ਵਿਚਾਰ ਤੇ ਗੁੱਸੇ ਗਿਲੇ ਉਸਦੇ ਮਨ 'ਚ ਸਮੁੰਦਰ ਦੀਆਂ ਲਹਿਰਾਂ ਵਾਂਗ ਉਠਦੇ ਰਹਿੰਦੇ। ਇਕੋ ਹੀ ਕੋਸ਼ਿਸ਼ ਹੋਰ ਕਰਕੇ ਦੇਖ ਲੈਂਦੇ ਹਾਂ, ਜੇ ਸਭ ਕੁਝ ਠੀਕ ਰਿਹਾ ਚੰਗਾ ਹੈ, ਨਹੀਂ ਤਾਂ ਫਿਰ ਦੂਜੇ ਬੱਚੇ ਦਾ ਨਾਂ ਨਹੀਂ ਲੈਣਾ।

ਤੇ ਫਿਰ ਮਮਤਾ ਗਰਭਵਤੀ ਹੋ ਗਈ ਪਰ ਅਜੇ ਡੇਢ੍ਹ ਕੁ ਮਹੀਨਾ ਹੀ ਹੋਇਆ ਕਿ ਦਰਦਾਂ ਸ਼ੁਰੂ ਹੋ ਗਈਆਂ। ਲੇਡੀ ਡਾਕਟਰ ਨੇ ਗੋਲੀਆਂ ਦੱਸੀਆਂ। ਦਰਦ ਤਾਂ ਘੱਟ ਗਈ। ਫਿਰ ਜੀਅ ਕੱਚਾ ਕੱਚਾ ਜਿਹਾ, ਨਾ ਕੁਝ ਖਾਣ ਨੂੰ ਦਿਲ ਕਰੇ ਨਾ ਉਲਟੀ ਆਵੇ। ਕੁਝ ਦਿਨ ਲੰਘਦੇ, ਦਰਦ ਫਿਰ ਸ਼ੁਰੂ ਹੋਣ ਲੱਗਦੀ। ਫਿਰ ਕਦੇ ਬੁਖਾਰ ਹੋ ਗਿਆ ਕਦੇ ਟੱਟੀਆਂ ਲੱਗ ਗਈਆਂ। ਫਿਰ ਦਰਦ, ਕਈ ਵੇਰ ਤੰਗ ਆਕੇ ਸੋਚ ਆਉਂਦੀ ਕਿ ਆਪ ਹੀ ਅਬੌਰਸ਼ਨ ਕਰਵਾ ਲਵਾਂ। ਫਿਰ ਵਿਚਾਰ ਆਉਂਦਾ ਜਿੰਨ੍ਹਾਂ ਚਿਰ ਲੱਘੀ ਜਾਂਦਾ ਲੰਘਾ ਲੈਂਦੀ ਹਾਂ। ਆਪ ਹੀ ਬਿਪਤਾ ਸਹੇੜ ਲਈ। ਅਖੇ, "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।" ਜਦ ਸਭ ਠੀਕ ਹੋ ਜਾਂਦਾ ਤਾਂ ਆਸ ਦੀ ਕਿਰਨ ਖੁਸ਼ੀ ਦੇ ਜਾਂਦੀ। ਚਲੋ ਅੱਧ ਤੋਂ ਵੱਧ ਤਾਂ ਹੋ ਹੀ ਗਿਆ ਹੈ।

ਸਕੈਨਿੰਗ ਕਰਵਾਈ, ਬੱਚਾ ਠੀਕ ਠਾਕ ਸੀ। ਡਾਕਟਰਾਂ ਕਿਹਾ ਭਾਰ ਕੁਝ ਘੱਟ ਹੈ, ਭਾਰ ਵਧਾਓ। ਦਰਦਾਂ ਨੇ ਤਾਂ ਮੱਤ ਮਾਰ ਲਈ ਹੈ, ਤਾਂ ਖਾਧਾ ਕੀ ਜਾਂਦਾ ਹੈ, ਭੁੱਖ ਨਾਲ ਹੀ ਘੱਟ ਜਾਂਦੀ ਹੈ। ਡਾਕਟਰ ਹੌਂਸਲਾ ਦਿੰਦੇ, "ਕੋਈ ਨਹੀਂ, ਕਈਆਂ ਦਾ ਗਰਭ ਇਵੇਂ ਹੀ ਕਸ਼ਟਦਾਇਕ ਹੁੰਦਾ ਹੈ। ਹਾਂ, ਇਹ ਤਾਂ ਸਹਿਣਾ ਪੈਣਾ ਹੈ, ਗਲ ਪਿਆ ਢੋਲ ਵਜਾਉਣਾ ਪੈਣਾ ਹੈ।

ਹਰ ਚੜ੍ਹਦਾ ਦਿਨ, ਮਹੀਨਾ ਇਹੀ ਖਦਸ਼ਾ ਲੈ ਕੇ ਆਉਂਦਾ ਕਿ ਹੁਣ ਕੋਈ ਦੁਰਘਟਨਾ ਨਾ ਵਾਪਰ ਜਾਏ। ਪਹਿਲੀ ਬੱਚੀ ਵਾਰੀ ਤਾਂ ਪਤਾ ਹੀ ਨਹੀਂ ਸੀ ਲੱਗਾ ਕਿ ਕਿਹੜੇ ਵੇਲੇ ਬੱਚਾ ਪਲ ਕੇ ਬਾਹਰ ਆ ਗਿਆ ਪਰ ਇਸ ਨੇ ਤਾਂ ਦਿਨੇਂ ਹੀ ਤਾਰੇ ਦਿਖਾ ਦਿੱਤੇ ਨੇ। ਪਤਾ ਨਹੀਂ ਕਦੋਂ ਨੌਂ ਮਹੀਨੇ ਪੂਰੇ ਹੋਣੇ ਨੇ। ਪੂਰੇ ਹੋਣੇ ਨੇ ਕਿ ਨਹੀਂ ਹੋਣੇ। ਰੱਬ ਨੇ ਵੀ ਕਿੰਨਾ ਲੰਬਾ ਟਾਈਮ ਰੱਖਿਆ ਹੈ ਜਣੇਪੇ ਦਾ। ਆਦਮੀ ਕਿੰਨੇ ਸੌਖੇ ਰਹਿੰਦੇ ਨੇ। ਨਾ ਮਾਹਵਾਰੀ ਦਾ ਫਿਕਰ ਤੇ ਨਾ ਜਣੇਪੇ ਦਾ ਦਰਦ। ਅੱਗੋਂ ਬੱਚੇ ਵੀ ਕਿਹੜੇ ਸੌਖੇ ਪਲਦੇ ਨੇ। ਬਸ ਔਖਿਆਈਆਂ ਹੀ ਔਖਿਆਈਆਂ ਹਨ ਔਰਤ ਲਈ ਤਾਂ। ਕਿੰਨਾ ਬਿਖੜਾ ਪੈਂਡਾ ਹੈ ਗ੍ਰਹਿਸਥ ਜੀਵਨ ਦਾ।


Academy of the Punjab in North America: http://www.apnaorg.com

ਕੰਨਾਂ ਨੂੰ ਹੱਥ ਲਵਾ ਦਿੱਤੇ, ਤੋਬਾ ਕਰਵਾ ਦਿੱਤੀ ਇਸ ਬੱਚੇ ਨੇ ਤਾਂ। ਖੈਰ ਨੌਵਾਂ ਮਹੀਨਾ ਲਗ ਗਿਆ। ਭਾਰ ਥੱਲੇ ਡਿੱਗਦਾ ਮਹਿਸੂਸ ਹੋਇਆ ਕਰੇ। ਪਰ ਅਜੇ ਨੌਂ ਪੂਰੇ ਹੋਣ 'ਚ ਹਫਤਾ ਬਾਕੀ ਸੀ ਕਿ ਦਰਦਾਂ ਸ਼ੁਰੂ ਹੋ ਗਈਆਂ। ਅਜਿਹੀਆਂ ਦਰਦਾਂ ਤਾਂ ਭਾਵੇਂ ਸ਼ੁਰੂ ਤੋਂ ਹੀ ਸਹਿੰਦੀ ਚਲੀ ਆ ਰਹੀ ਸਾਂ। ਪਰ ਇਹ ਅਸਲੀ ਸਨ, ਆਸਾਂ ਦੇ ਪੱਕੇ ਫਲ ਦੀ ਪ੍ਰਾਪਤੀ ਦੀਆਂ ਦਰਦਾਂ, ਖੁਸ਼ੀ ਦੀਆਂ ਦਰਦਾਂ ਜਦ ਇਸ ਦੇ ਬਾਅਦ ਸਭ ਪੀੜ੍ਹਾਂ ਮੁੱਕ ਜਾਣੀਆਂ ਸਨ, ਪੀੜ੍ਹਾਂ ਦੀ ਲੰਬੀ ਕੈਦ ਤੋਂ ਆਜ਼ਾਦੀ ਮਿਲ ਜਾਣੀ ਸੀ ਤੇ ਸਰੀਰ ਹੌਲਾ ਫੁਲ ਹੋ ਜਾਣਾ ਸੀ।

ਤੇ ਫਿਰ ਡਿਲਿਵਰੀ ਹੋ ਗਈ। ਕੂਲਾ ਨਰਮ ਫੁਲ ਜਿਹਾ ਬੱਚਾ ਛਾਤੀ ਨਾਲ ਲੱਗਾ ਸੀ। ਬੱਚਾ ਲੜਕੀ ਹੀ ਸੀ। ਸੁੰਦਰ ਸੁਹਣੀ ਕਲੀ। ਉਸਨੂੰ ਚਾਵਾਂ ਨਾਲ ਚੁਕਦਿਆਂ, ਸੂ ਸੂ ਪੌਟੀ ਕਰਵਾਉਂਦਿਆਂ ਦੋ ਮਹੀਨੇ ਤੇ ਫਿਰ ਚਾਰ ਮਹੀਨੇ ਲੰਘ ਗਏ। ਸ਼ੱਕ ਹੋਣ ਲੱਗਾ ਤੇ ਫਿਰ ਸ਼ੱਕ ਯਕੀਨ 'ਚ ਬਦਲਣ ਲੱਗਾ। ਇਹ ਆਮ ਬੱਚਿਆ ਦੀ ਤਰ੍ਹਾਂ ਜਾਂ ਪਹਿਲੀ ਬੱਚੀ ਦੀ ਤਰ੍ਹਾਂ ਚੁਸਤ ਨਹੀਂ ਸੀ। ਜਿਥੇ ਪਾ ਦਿਓ ਪਈ ਰਹਿੰਦੀ। ਨਾ ਪਾਸਾ ਪਲਟਣ ਦੀ ਕੋਸ਼ਿਸ਼ ਕਰਦੀ ਨਾ ਰਿੜ੍ਹਨ ਦੀ ਨਾ ਬੈਠਣ ਦੀ। ਸੂ ਸੂ ਪੌਟੀ ਕਰਨ ਵੇਲੇ ਰੋਣ ਲੱਗ ਜਾਂਦੀ, ਭੁੱਖ ਲੱਗਦੀ ਤਾਂ ਚੀਕਾਂ ਮਾਰਦੀ।

ਡਾਕਟਰਾਂ ਨੂੰ ਦਿਖਾਇਆ, "ਇਹ ਤਾਂ ਅਪਾਹਜ ਹੈ। ਇਸਦੀਆਂ ਲੱਤਾਂ ਨੇ ਕਦੇ ਵੀ ਤੁਰ ਨਹੀਂ ਸਕਣਾ। ਬਾਹਾਂ ਨੇ ਕਦੇ ਕੋਈ ਚੀਜ਼ ਨਹੀਂ ਫੜ ਸਕਣੀ। ਇਸਦਾ ਕੁਝ ਨਹੀਂ ਹੋ ਸਕਦਾ। ਬਾਕੀ ਆਪਣੀ ਤਸੱਲੀ ਲਈ ਸੇਵਾ ਕਰਕੇ ਦੇਖ ਲਓ, ਅੱਛੀ ਖੁਰਾਕ ਦਿਓ, ਅੱਛਾ ਮਹੌਲ, ਅੱਛਾ ਵਤੀਰਾ ਪ੍ਰਦਾਨ ਕਰੋ।"

ਤੇ ਉਹ ਕੋਮਲ ਕਲੀ ਇਕ ਜਿਉਂਦਾ ਪੱਥਰ ਸੀ, ਜਿਉਂਦੀ ਲਾਸ਼। ਉਹ ਦਰਦ ਜੋ ਸਰੀਰਕ ਸੀ, ਜ਼ਿਹਨੀ ਬਣ ਗਿਆ। ਉਹ ਉਸਦੀਆਂ ਮਾਲਸ਼ਾਂ ਕਰਦੇ, ਜਿਵੇਂ ਦਾ ਕੋਈ ਤੇਲ ਦੱਸਦਾ ਮਲਦੇ। ਕੋਈ ਸਿਆਣਾ ਜਾਂ ਸਾਧ ਜਿਵੇਂ ਦੱਸਦਾ ਉਸਦੀਆਂ ਪੁੜੀਆਂ ਖੁਆਉਂਦੇ, ਸਰੋਵਰਾਂ 'ਚ ਨਹਾਉਂਦੇ, ਪਾਠ ਕਰਾਉਂਦੇ ਪਰ ਸਭ ਵਿਅਰਥ। ਸਭ ਕਹਿਣ ਦੀਆਂ ਗੱਲਾਂ। ਜਿਵੇਂ ਮੁਰਦੇ ਉਪਰ ਅਤਰ, ਫੁਲੇਰ, ਚੰਦਨ ਛਿੜਕੀ ਜਾਓ ਹੈ ਤਾਂ ਮੁਰਦਾ। ਉਹ ਹਾਰ ਹੰਭ ਕੇ ਬੈਠ ਗਏ। ਜਦ ਵੀ ਮਮਤਾ ਉਸ ਵੱਲ ਦੇਖਦੀ ਤਾਂ ਕਦੇ ਤਰਸ ਆਉਂਦਾ ਤੇ ਕਦੇ ਮਨ ਨਫਰਤ ਨਾਲ ਭਰ ਜਾਂਦਾ, "ਮੈਂ ਕਿਉਂ ਇਸਨੂੰ ਜਨਮ ਦਿੱਤਾ। ਮੇਰੇ 'ਚ ਕੀ ਕਮੀ ਸੀ। ਸਗੋਂ ਪਹਿਲੇ ਨਾਲੋਂ ਅੱਛਾ ਖਾਧਾ। ਕੈਲਸ਼ੀਅਮ ਆਇਰਨ ਦੀਆਂ ਗੋਲੀਆਂ ਲਗਾਤਾਰ ਖਾਂਦੀ ਰਹੀ। ਜੇ ਪਹਿਲੇ ਪਤਾ ਲੱਗਦਾ ਤਾਂ ਅਬੌਰਸ਼ਨ ਕਰਵਾ ਲੈਂਦੀ, ਐਵੇਂ ਨੌਂ ਮਹੀਨੇ ਔਖੀ ਰਹੀ।

ਜੇ ਇਸ ਤੁਰ ਫਿਰ ਨਹੀਂ ਸਕਣਾ, ਆਪਣੇ ਆਪ ਕੁਝ ਖਾ ਪੀ ਨਹੀਂ ਸਕਣਾ, ਟੱਟੀ ਪਿਸ਼ਾਬ ਨਹੀਂ ਜਾ ਸਕਣਾ ਤਾਂ ਕੀ ਕਰਨਾ ਇਸ ਲੋਥ ਨੂੰ ਪਾਲ ਕੇ। ਫਾਲਤੂ ਖਰਚਾ, ਵਕਤ ਦੀ ਬਰਬਾਦੀ, ਮਨਾਂ ਨੂੰ ਸਤਾਅ। ਕਿਉਂ ਨਾ ਇਸਨੂੰ ਹੁਣੇ ਹੀ---ਪਰ ਕਿਵੇਂ ? ਦਿਲ ਵੀ ਨਹੀਂ ਕਰਦਾ। ਪਤਾ ਨਹੀਂ ਅਤਵਾਦੀ ਐਵੇਂ ਕਿਸੇ ਨੂੰ ਕਿਵੇਂ ਮਾਰ ਦਿੰਦੇ ਨੇ। ਚੰਗੇ ਭਲੇ ਸੁਆਸਥ, ਲਾਇਕ, ਖੁਸ਼, ਕਾਰੋਬਾਰ ਕਰਦਿਆਂ ਨੂੰ ਗੋਲੀ ਮਾਰ ਦਿੰਦੇ ਨੇ। ਉਹਨਾਂ ਨੂੰ ਮਾਰਨ ਜੋ ਅਪਾਹਜ ਹਨ, ਮੰਗਤੇ ਹਨ, ਦੂਸਰਿਆਂ ਤੇ ਬੋਝ ਹਨ, ਧਰਤੀ ਤੇ ਭਾਰ ਹਨ, ਦੂਸਰੇ ਦਾ ਹੱਕ ਮਾਰਦੇ ਹਨ, ਭ੍ਰਿਸ਼ਟਾਚਾਰ ਫੈਲਾਉਂਦੇ ਹਨ, ਠੱਗੀਆਂ, ਚੋਰੀਆਂ, ਬੇਈਮਾਨੀਆਂ ਕਰਦੇ ਹਨ।


Academy of the Punjab in North America: http://www.apnaorg.com

ਇਸਨੇ ਵੀ ਤਾਂ ਫਜ਼ੂਲ ਦਾ ਹੀ ਖਾਈ ਜਾਣਾ ਹੈ। ਇਹ ਮਰੇ ਨਾ ਮਰੇ ਉਪਰਲਿਆਂ ਨੇ ਹੀ ਖਿਝ ਖਿਝ ਮਰ ਜਾਣਾ ਹੈ। ਇਸਦਾ ਮਰ ਜਾਣਾ ਹੀ ਠੀਕ ਹੈ। ਪਰ ਮਾਰਿਆ ਕਿਵੇਂ ਜਾਵੇ ਜ਼ਹਿਰ ਦੇ ਕੇ ਜਾਂ ਗੱਲ ਘੁੱਟ ਕੇ, ਜਾਂ ਪਾਣੀ 'ਚ ਡੋਬ ਕੇ ਜਾਂ ਉਪਰੋਂ ਸੁੱਟ ਕੇ।

ਮਮਤਾ ਉਸ ਪਾਸ ਜਾਂਦੀ ਹੈ ਤਾਂ ਦੇਖਦੀ ਹੈ ਵੱਡੀ ਬੇਟੀ ਮੋਨਾ ਉਸਨੂੰ ਸਵਾਰ ਰਹੀ ਹੈ, ਉਸਦਾ ਸਿਰ ਵਾਹ ਰਹੀ ਹੈ, ਉਸਨੂੰ ਪਿਆਰ ਕਰ ਰਹੀ ਹੈ ਤੇ ਉਹ ਵੀ ਅੱਗੋਂ ਉਸਨੂੰ ਪਿਆਰ ਕਰ ਰਹੀ ਹੈ, ਹੱਸ ਰਹੀ ਹੈ, "ਮੰਮੀ, ਦੇਖੋ ਸੋਨਾ ਅੱਜ ਕਿੰਨੀ ਪਿਆਰੀ ਲੱਗ ਰਹੀ ਹੈ।" ਤੇ ਉਹ ਮਮਤਾ ਵੱਲ ਦੇਖ ਕੇ ਮੁਸਕਰਾ ਕੇ ਦੇਖਦੀ ਹੈ।

"ਉਹ ! ਮੈਂ ਕੀ ਸੋਚਦੀ ਆਈ ਹਾਂ। ਮੇਰੇ ਨਾਲੋਂ ਤਾਂ ਮੋਨਾ ਹੀ ਚੰਗੀ ਹੈ। ਜੋ ਉਸਨੂੰ ਪਿਆਰ ਦੁਲਾਰ ਰਹੀ ਹੈ, ਉਸ ਨਾਲ ਗੱਲਾਂ ਕਰ ਰਹੀ ਹੈ। ਆਖਰ ਇਸਦਾ ਕਸੂਰ ਕੀ ਹੈ ? ਇਸ ਨੇ ਕਿਸੇ ਦਾ ਕੀ ਵਿਗਾੜਿਆ ਹੈ ? ਇਹ ਤਾਂ ਖੁਦ ਲਾਚਾਰ ਹੈ, ਬੇਬਸ ਹੈ, ਤਰਸ ਦੀ ਪਾਤਰ ਹੈ। ਉਹ ! ਰੱਬਾ, ਮੈਨੂੰ ਕੀ ਹੋ ਗਿਆ ਸੀ। ਮੈਂ ਏਨੀਂ ਜ਼ਾਲਮ ਬਣ ਗਈ ਸਾਂ, ਮੈਨੂੰ ਇਸਨੂੰ ਕਬੂਲ ਕਰਨਾ ਹੀ ਪਏਗਾ। ਆਖਰ ਮੈਂ ਹੀ ਤਾਂ ਇਸਨੂੰ ਜਨਮ ਦਿੱਤਾ ਹੈ।

ਬਹੁਤੇ ਕਹਿ ਦਿੰਦੇ ਨੇ ਕਿ ਇਹ ਕਰਮਾਂ ਦਾ ਫਲ ਹੈ। ਜੋ ਲੋਗ ਝੂਠ ਬੋਲਦੇ, ਚੋਰੀਆਂ, ਠੱਗੀਆਂ, ਰਿਸ਼ਵਤਾਂ, ਬਲੈਕ ਕਰਦੇ ਨੇ, ਉਹਨਾਂ ਦੇ ਬੱਚੇ ਤਾਂ ਚੰਗੇ ਭਲੇ ਹੁੰਦੇ ਹਨ। ਕੀ ਇਹ ਸਚਾਈ, ਇਮਾਨਦਾਰੀ ਦਾ ਫਲ ਹੈ ? ਜੋ ਵੀ ਹੈ ਇਸ ਫਲ ਨੂੰ ਕਿਵੇਂ ਰੱਖਿਆ, ਸੰਭਾਲਿਆ ਜਾਏ ? ਮੇਰੀ ਨੌਕਰੀ ਹੈ, ਮੋਨਾ ਸਕੂਲ ਜਾਂਦੀ ਹੈ। ਭਲਾ ਜੇ ਮੈਂ ਇਸਨੂੰ ਪਿੰਗਲਵਾੜੇ ਹੀ ਛੱਡ ਆਵਾਂ। ਉਥੇ ਸੁਣਿਆ ਹੈ ਕਿ ਅਜਿਹੇ ਬੱਚਿਆਂ ਨੂੰ ਰੱਖਿਆ ਜਾਂਦਾ ਹੈ। ਹਾਂ ਹਾਂ, ਠੀਕ ਹੈ, ਪਿੰਗਲਵਾੜੇ ਦੇਖ ਕੇ ਆਉਂਦੀ ਹਾਂ।

ਉਹਨਾਂ ਦੇ ਨਜ਼ਦੀਕ ਹੀ ਡਾਕਟਰ ਸੋਨੀ ਪਿੰਗਲਵਾੜੇ ਜਾਂਦਾ ਹੈ। ਮਮਤਾ ਉਸ ਨਾਲ ਪਿੰਗਲਵਾੜੇ ਜਾਂਦੀ ਹੈ। ਡਾਕਟਰ ਦੱਸੀ ਜਾਂਦਾ ਹੈ, "ਇਸ ਵੱਡੇ ਕਮਰੇ 'ਚ ਬਿਮਾਰ ਬਜ਼ੁਰਗ ਔਰਤਾਂ ਹਨ, ਕੁਝ ਘਰੋਂ ਕੱਢੀਆਂ ਜਾਂ ਆਪ ਨਿਕਲੀਆਂ। ਇਹਨਾਂ 'ਚੋਂ ਕੁਝ ਤਾਂ ਆਪਣਾ ਦਿਮਾਗੀ ਤਵਾਜ਼ਨ ਖੋ ਬੈਠੀਆਂ ਹਨ, ਹਾਲਾਤ ਦੀਆਂ ਸਤਾਈਆਂ। ਉਸ ਔਰਤ ਪਾਸੋਂ ਬਿਲਕੁਲ ਨਹੀਂ ਉਠਿਆ ਜਾਂਦਾ, ਬੱਸ ਇਵੇਂ ਹੀ ਪਈ ਰਹਿੰਦੀ ਹੈ ਤੇ ਆਪਣੀ ਜ਼ਿੰਦਗੀ ਦੇ ਦਿਨ ਗਿਣ ਰਹੀ ਹੈ।

ਨਾਲ ਦੇ ਕਮਰੇ 'ਚ ਜਵਾਨ ਤੇ ਅਧਖੜ ਲੜਕੀਆਂ ਹਨ ਇਹਨਾਂ ਚੋਂ ਦੋ ਤਾਂ ਪਾਗਲ ਹਨ, ਬਾਕੀ ਕੁਝ ਆਪਣਾ ਕੰਮ ਕਾਜ ਕਰਦੀਆਂ ਹਨ। ਇਕ ਲੜਕੀ ਦਾ ਚਿਹਰਾ ਝੁਲਸਿਆ ਤੇ ਕਰੂਪ ਜਿਹਾ ਸੀ।

ਅੱਗੇ ਇਕ ਬੱਚਿਆਂ ਦਾ ਕਮਰਾ ਸੀ। ਇਹਨਾਂ 'ਚੋਂ ਕੁਝ ਬੱਚੇ ਘੱਟ ਦਿਮਾਗ ਦੇ ਸਨ, ਕੁਝ ਚਲਣੋ ਫਿਰਨੋਂ ਅਸਮਰਥ ਸਨ।" ਇਥੋਂ ਟੱਟੀ ਪਿਸ਼ਾਬ ਦੀ ਬਦਬੂ ਆ ਰਹੀ ਸੀ, ਅਸੀਂ ਜਲਦੀ ਹੀ ਉਥੋਂ ਬਾਹਰ ਆ ਗਏ।

"ਇਹਨਾਂ ਨੂੰ ਫਿਰ ਤੁਸੀਂ ਕਿਵੇਂ ਸੰਭਾਲਦੇ ਹੋ ?"

"ਜੋ ਕੁਝ ਇਹਨਾਂ ਦਾ ਹੋ ਸਕਦਾ ਹੈ ਕਰੀਦਾ ਹੈ। ਜੋ ਜ਼ਰਾ ਅੱਛੇ ਹਨ, ਉਹਨਾਂ ਦੀ ਪੜ੍ਹਾਈ ਦਾ ਇੰਤਜ਼ਾਮ ਕਰੀਦਾ ਹੈ। ਨਾਲ ਨਾਲ ਕੁਝ ਕੰਮ ਜਿਵੇਂ ਮੋਮਬੱਤੀਆਂ ਬਣਾਉਣੀਆਂ, ਕੁਰਸੀਆਂ ਉਣਨੀਆਂ ਆਦਿ। ਜੇ ਕਿਸੇ ਦਾ ਸ਼ੌਕ ਪੇਂਟਿੰਗ ਜਾਂ ਸੰਗੀਤ 'ਚ


Academy of the Punjab in North America: http://www.apnaorg.com

ਹੈ ਉਹਨਾਂ ਨੂੰ ਉਹ ਸਿੱਖਿਆ ਮੁਹੱਈਆ ਕੀਤੀ ਜਾਂਦੀ ਹੈ। ਜਿਵੇਂ ਉਹ ਜੋ ਆਦਮੀ ਵੈਨ ਲਾਗੇ ਬਰੱਸ਼ ਫੜੀ ਖਲੋਤਾ ਪੇਂਟਿੰਗ ਕਰ ਰਿਹਾ ਹੈ, ਉਹ ਇਥੇ ਹੀ ਪਲ ਕੇ ਵੱਡਾ ਹੋਇਆ ਹੈ ਤੇ ਵੈਨ ਉਪਰ ਜੋ ਇਸ ਸੰਸਥਾ ਦੇ ਸੰਚਾਲਕ ਦੀ ਫੋਟੋ ਹੈ, ਇਸ ਨੇ ਹੀ ਬਣਾਈ ਹੈ। ਇਵੇਂ ਜੋ ਜਵਾਨ ਲੜਕੀਆਂ ਅੱਛੀਆਂ ਹੋ ਜਾਂਦੀਆਂ ਹਨ, ਉਹਨਾਂ ਦੇ ਵਿਆਹ ਕੀਤੇ ਜਾਂਦੇ ਹਨ ਤਾਂ ਜੋ ਘਰ ਵਸਾ ਕੇ ਅੱਛੀ ਜਿੰਦਗੀ ਬਤੀਤ ਕਰ ਸਕਣ।

"ਇਸ ਕਮਰੇ ਵਿਚ ਜਨਮ ਤੋਂ ਲੈ ਕੇ ਪੰਜ ਸਾਲ ਤੱਕ ਦੇ ਛੋਟੇ ਬੱਚੇ ਹਨ। ਉਹ ਮੰਜੇ ਤੇ ਜੋ ਨਿੱਕਾ ਜਿਹਾ ਬੱਚਾ ਹੈ, ਇਸਦੀ ਮਾਂ ਪਾਗਲ ਸੀ, ਉਸਨੂੰ ਕੋਈ ਪਤਾ ਨਹੀਂ ਕਿ ਇਹ ਬੱਚਾ ਉਸਦਾ ਹੈ। ਉਹ ਇਸ ਵੱਲ ਦੇਖਦੀ ਵੀ ਨਹੀਂ ਪਰ ਬੱਚਾ ਨੌਰਮਲ ਹੈ। ਇਸਨੇ ਹੁਣ ਇਥੇ ਹੀ ਪਲਣਾ ਹੈ। ਕੁਝ ਚੰਗੀਆਂ ਭਲੀਆਂ ਮਾਵਾਂ ਘਰੇਲੂ ਝਗੜਿਆਂ ਕਾਰਨ ਜਾਂ ਹੋਰ ਨਜ਼ਾਇਜ਼ ਤਰੀਕਿਆਂ ਰਾਹੀਂ ਆਪਣੇ ਬੱਚਿਆਂ ਨੂੰ ਇਥੇ ਸੁੱਟ ਜਾਂਦੀਆਂ ਹਨ। ਜਾਂ ਕਈ ਵਾਰ ਬੱਚਾ ਅਪਾਹਜ ਹੁੰਦਾ ਹੈ, ਛੱਡ ਜਾਂਦੀਆਂ ਹਨ।"

"ਕੀ ਇਹ ਸਾਰੇ ਇਸੇ ਸ਼ਹਿਰ ਦੇ ਹੁੰਦੇ ਹਨ ?"

"ਨਹੀਂ, ਕੋਈ ਕਿਤੋਂ ਦਾ, ਕੋਈ ਕਿਤੋਂ ਦਾ। ਦੂਸਰੇ ਸੂਬਿਆ ਤੋਂ ਇਧਰ ਨੂੰ ਗੱਡੀ 'ਚ ਬੈਠ ਕੇ ਆ ਜਾਂਦੇ ਹਨ। ਹੁਣ ਔਹ ਜਿਹੜੀ ਕਾਲੀ ਜਿਹੀ ਲੜਕੀ ਹੈ ਬੰਗਲਾ ਦੇਸ਼ ਤੋਂ ਆਈ ਹੈ। ਸਾਡੀ ਵੈਨ ਅਜਿਹੇ ਲਾਚਾਰ, ਲਵਾਰਸਾਂ ਨੂੰ ਲਿਆ ਕੇ ਇਥੇ ਪਿੰਗਲਵਾੜੇ ਜਮ੍ਹਾਂ ਕਰਵਾ ਦਿੰਦੀ ਹੈ, ਫਿਰ ਅੱਗੋਂ ਵੱਖੋ ਵੱਖਰੇ ਸੈਕਸ਼ਨਾਂ ਵਿਚ ਭੇਜ ਦੇਈਦਾ ਹੈ।"

"ਔਹ ਪਰ੍ਹੇ ਰਸੋਈ ਘਰ ਹੈ, ਜਿਥੇ ਲੰਗਰ ਪੱਕਦਾ ਹੈ। ਆਓ ਬਾਹਰਲੇ ਪਾਸੇ ਨੂੰ ਚਲਦੇ ਹਾਂ। ਇਥੇ ਸਭ ਬਜ਼ੁਰਗ ਆਦਮੀ ਹੁੰਦੇ ਹਨ। ਇਹਨਾਂ ਦੇ ਲੜਕੇ ਨੂੰਹਾਂ ਇਹਨਾਂ ਨੂੰ ਰੱਖਦੇ ਨਹੀਂ ਹਨ ਅਤੇ ਇਹ ਇੱਥੇ ਆ ਜਾਂਦੇ ਹਨ, ਇੱਥੇ ਆ ਪਨਾਹ ਲੈਂਦੇ ਹਨ। ਚਲੋ ਥੋੜ੍ਹੀ ਚਾਹ ਪੀਂਦੇ ਹਾਂ।"

ਇਸ ਉਪਰੰਤ ਮਮਤਾ ਘਰ ਵਾਪਸ ਆ ਜਾਂਦੀ ਹੈ। ਉਹ ਸੋਚਦੀ ਰਹੀ, "ਮੈਂ ਤਾਂ ਸਮਝਿਆ ਕਿ ਸਾਡੇ ਨਾਲ ਹੀ ਇਵੇਂ ਵਾਪਰਿਆ ਹੈ, ਪਰ ਇਥੇ ਤਾਂ ਸੈਂਕੜੇ ਹੀ ਅਜਿਹੇ ਲੋਕ ਹਨ ਜੋ ਤੁਹਾਡੇ ਪਾਸੋਂ ਹਮਦਰਦੀ, ਪਿਆਰ, ਦਯਾ ਮੰਗਦੇ ਹਨ, ਤੁਹਾਡੇ ਵਾਂਗ ਹੀ ਜਿਊਣਾ ਚਾਹੁੰਦੇ ਹਨ, ਤੁਰਨਾ ਚਾਹੁੰਦੇ ਹਨ, ਕੰਮ ਕਰਨਾ ਚਾਹੁੰਦੇ ਹਨ ਪਰ ਤਕਦੀਰ ਦੇ ਮਾਰੇ ਬੇਬਸ ਹੁੰਦੇ ਹਨ। ਧੰਨ ਹੈ ਉਹ ਜਿਸਨੇ ਪਿੰਗਲਵਾੜੇ ਦੀ ਸਥਾਪਨਾ ਕਰਕੇ ਇਹਨਾਂ ਨੂੰ ਪਾਲਣ ਸੰਭਾਲਣ ਦਾ ਬੀੜਾ ਚੁੱਕਿਆ ਹੈ। ਜੋ ਇਹਨਾਂ ਲਾਚਾਰਾਂ ਦੀ ਅਵਾਜ਼ ਸੁਣਦਾ ਹੈ ਅਤੇ ਹਮਦਰਦੀ ਸੇਵਾ ਦੇ ਫੁਲ ਭੇਟ ਕਰਦਾ ਹੈ, ਜ਼ਖਮਾਂ ਤੇ ਮਲ੍ਹਮ ਲਾਉਂਦਾ ਹੈ। ਤਾਂ ਕੀ ਮੈਂ ਇਕ ਬੱਚੀ ਨੂੰ ਨਹੀਂ ਸਾਂਭ ਸਕਦੀ।

ਫਿਰ ਉਸਦੀ ਸੋਚ ਉਹਨਾਂ ਮਹਾਨ ਆਤਮਾਵਾਂ ਵਲ ਗਈ ਜਿਨ੍ਹਾਂ ਨਾ ਕੁਝ ਵਿਚੋਂ ਵੀ ਕੁਝ ਕਰਕੇ ਦਿਖਾਇਆ ਸੀ। ਜੋ ਆਪਣੇ ਆਪ ਨੂੰ ਅਪਾਹਜ ਸਮਝ ਕੇ ਦੂਸਰਿਆਂ ਉਪਰ ਬੋਝ ਬਣ ਕੇ ਨਹੀਂ ਸਨ ਬੈਠ ਗਏ। ਜਿਵੇਂ ਹੈਲਨ ਕੈਲਰ ਜੋ ਅੰਨ੍ਹੀ ਬੋਲੀ ਤੇ ਗੂੰਗੀ ਸੀ ਪਰ ਉਹ ਪੜ੍ਹ ਸਕਦੀ ਸੀ ਸੁਣ ਸਕਦੀ ਸੀ, ਬੋਲ ਸਕਦੀ ਸੀ। ਉਸਦੀ ਟੀਚਰ ਨੇ ਉਸਦਾ ਹੌਂਸਲਾ ਬੁਲੰਦ ਕੀਤਾ ਸੀ।

ਸਟੀਫਨ ਹਾਕਿੰਗ ਜੋ ਬੜਾ ਵੱਡਾ ਸਾਇੰਸਦਾਨ ਤੇ ਵਿਚਾਰ ਵਾਨ ਹੈ ਪਰ ਉਸਦਾ ਕੋਈ ਵੀ ਅੰਗ ਚਲ ਨਹੀਂ ਸੀ ਸਕਦਾ ਸਿਵਾਏ ਇਕ ਉਂਗਲ ਦੇ। ਲੇਕਿਨ ਉਸਦੇ ਦਿਮਾਗ ਦੀਆਂ ਸੋਚਣ ਕ੍ਰਿਆਵਾਂ ਚੇਤੰਨ ਹਨ ਬਸ ਉਹ ਕੁਰਸੀ ਉਪਰ ਹੀ ਬੈਠਾ ਰਹਿੰਦਾ

Academy of the Punjab in North America: http://www.apnaorg.com

ਹੈ ਅਤੇ ਉਸਦੀਆਂ ਕਿਤਾਬਾਂ ਛਪੀਆਂ ।

ਮਮਤਾ ਉਸ ਦ੍ਰਿਸ਼ਟੀਹੀਣ ਔਰਤਾਂ ਬਾਰੇ ਪੜ੍ਹ ਕੇ ਹੈਰਾਨ ਹੋਈ ਸੀ ਜਿਸ ਨੇ ਮਾਊਂਟਐਵਰਿਟਸ ਦੀ ਇਕ ਚੋਟੀ ਤੇ ਚੜ੍ਹ ਕੇ ਦੂਸਰਿਆਂ ਨੂੰ ਹੈਰਾਨੀ 'ਚ ਪਾ ਦਿੱਤਾ ਸੀ । ਫਿਰ ਇਕ ਪੈਰਿਸ ਦੇ ਡੀਨ ਡੌਮੀਨੀਕ ਬੌਬੀ ਬਾਰੇ ਸੁਣਿਆ ਜੋ ਜਦ ਆਪਣੇ ਕੌਮੇ ਦੀ ਸਥਿਤੀ 'ਚੋਂ ਬਾਹਰ ਆਇਆ ਤਾਂ ਬਾਕੀ ਸਰੀਰ ਅਚੱਲ ਸੀ ਸਿਰਫ ਇਕ ਅੱਖ ਹਿਲਦੀ ਸੀ ਤੇ ਉਸ ਅੱਖ ਦੇ ਸਹਾਰੇ ਉਸ ਇਕ ਕਿਤਾਬ ਲਿਖਵਾਈ ।

ਇਵੇਂ ਗਲ ਤਾਂ ਹਿੰਮਤ, ਹੌਂਸਲੇ ਤੇ ਸਬਰ ਦੀ ਹੈ । ਮਮਤਾ ਨੂੰ ਵੀ ਅਹਿਸਾਸ ਹੋਇਆ, "ਮੈਂ ਵੀ ਇਸ ਬੱਚੀ ਨੂੰ ਅਜਾਈਂ ਨਹੀਂ ਗੁਆਵਾਂਗੀ । ਇਸਨੂੰ ਪੂਰਾ ਪਿਆਰ ਦੇਵਾਂਗੀ । ਇਸ ਢੱਠੀ ਇਮਾਰਤ 'ਚੋਂ ਜੋ ਵੀ ਕੱਖ ਕਾਨ ਜੁੜ ਸਕੇਗਾ ਜੋੜਾਂਗੀ ।"

******


Academy of the Punjab in North America: http://www.apnaorg.com

## ਇਕ ਖ਼ਤ ਇਕ ਯਾਦ

ਖ਼ਤ ਕੀ ਸੀ, ਮੂੰਹ ਟੱਡਿਆ ਰਹਿ ਗਿਆ, ਅੱਖਾਂ ਖੁਲ੍ਹੀਆਂ ਰਹਿ ਗਈਆਂ, ਦਿਲ ਦਾ ਚੈਨ ਕਿਧਰੇ ਖੰਭ ਲਾ ਕੇ ਉੱਡ ਗਿਆ, ਰਾਤਾਂ ਦੀ ਨੀਂਦ ਹਰਾਮ ਹੋ ਗਈ, ਪਰ ਜਾਵਾਂ ਕਿਥੇ ? ਕਿਸ ਪਾਸ ? ਉਸ ਪਾਸ, ਜੋ ਸਾਰੀ ਉਮਰ ਨਫਰਤ ਪਾਲਦੀ ਰਹੀ ਤੇ ਇਸੇ ਬੇਚੈਨੀ ਜਿਹੀ 'ਚ ਰਹੱਸਮਈ ਪਲ ਵੀ ਇਕ ਇਕ ਕਰਕੇ ਘੁੰਮਣ ਲੱਗੇ ।

ਬਿੰਦਰ, ਮਾਸੀ ਦਾ ਪੁੱਤ ਭਰਾ ਹੀ ਲੱਗਦਾ ਸੀ । ਸਾਂਵਲਾ ਰੰਗ, ਅੱਖਾਂ ਭੂਰੀਆਂ, ਨੱਕ ਕੁਝ ਚੌੜਾ ਜਿਹਾ ਪਰ ਪੂਰੀ ਦੱਖ ਪ੍ਰਭਾਵਸ਼ਾਲੀ । ਉਹ ਆਪਣੀ ਪੜ੍ਹਾਈ 'ਚ ਤੇ ਕੁਝ ਨਾ ਕੁਝ ਸਿੱਖਣ 'ਚ ਹੀ ਜੁੱਟਿਆ ਰਹਿੰਦਾ । ਲੱਗਦਾ ਸੀ ਜਿਵੇਂ ਇਕ ਦਿਨ ਇਹ ਬਹੁਤ ਵੱਡਾ ਮਹਾਨ ਆਦਮੀ ਬਣੇਗਾ, ਕੁਝ ਕਰ ਦਿਖਾਏਗਾ । ਉਸਦੀ ਵਹੁਟੀ ਸੁਹਣੀ ਗੋਰੀ, ਤਿੱਖੇ ਨਕਸ਼ ਨੈਣ ਜਿਵੇਂ ਸੁਹੱਪਣ, ਅਮੀਰੀ, ਬੋਲਚਾਲ ਡੀਲ ਡੌਲ ਸਭ ਅਮੀਰਾਂ ਵਰਗਾ, ਉੱਚੀਆਂ ਹਵਾਵਾਂ 'ਚ ਰਹਿਣਾ ।

ਓਦੋਂ ਇਕੇਰਾਂ ਜਦ ਮੈਂ ਉਹਨਾਂ ਪਾਸ ਗਈ ਸਾਂ ਚਾਈਂ ਚਾਈਂ, ਕਿਉਂਕਿ ਉਹ ਬਹੁਤ ਚੰਗੀ ਲਗਦੀ ਹੁੰਦੀ ਸੀ, ਏਨਾਂ ਵੱਡਾ ਘਰ ਹੈ ਉਹਨਾਂ ਦਾ । ਉਸਨੇ ਤਾਂ ਮੈਨੂੰ ਸਿਰ ਤੇ ਚੁੱਕ ਲੈਣਾ ਹੈ, ਵੰਨ ਸੁਵੰਨੀਆਂ ਚੀਜ਼ਾਂ ਖੁਆਏਗੀ । ਗੱਡੀ 'ਚ ਜਾ ਰਹੀ ਸਾਂ । ਲਗਦਾ ਸੀ ਕਿ ਗੱਡੀ ਹੌਲੀ ਹੌਲੀ ਜਾਂਦੀ ਹੈ । ਤੇ ਆਖਰ ਛੇਤੀ ਛੇਤੀ ਬਾਹਰ ਦੇ ਭੱਜੇ ਜਾਂਦੇ ਨਜ਼ਾਰੇ ਦੇਖ ਦੇਖ ਸਫਰ ਬੀਤ ਗਿਆ ।

ਅਸੀਂ ਮਸੀਂ ਘਰ ਲੱਭਾ । ਦਰਵਾਜ਼ਾ ਖਟਖਟਾਇਆ, ਦਰਵਾਜ਼ਾ ਖੁਲ੍ਹਾ ਤਾਂ ਉਹੀ ਝਮ ਝਮ ਖ਼ੂਬਸੂਰਤ ਹਰਮੀਤ ਖਲੋਤੀ ਸੀ, "ਓ ਭਰਜਾਈ ਜੀ" ਮੈਂ ਘੁੱਟ ਜੱਫੀ ਪਾਈ ਪਰ ਜਿੰਨੀ ਮੈਂ ਉੱਡ ਕੇ ਉਮਲ੍ਹ ਕੇ ਮਿਲੀ, ਉਸਦੀ ਢਿੱਲੀ ਜਿਹੀ ਮਿਲਣੀ 'ਚ ਖਾਸ ਨਿੱਘ ਨਾ ਆਇਆ, ਜਾਪਿਆ ਜਿਵੇਂ ਉਸ ਬਦੋਬਦੀ ਆਪਣੀ ਬਾਂਹ ਵਲਾਈ ਹੋਵੇ । ਮੈਨੂੰ ਆਪਣੇ ਆਪ ਤੇ ਸ਼ਰਮਿੰਦਗੀ ਜਿਹੀ ਹੋਈ । ਉਹਨਾਂ ਦੇ ਆਪਣੇ ਅਦਬੋ ਅਦਾਬ ਨੇ ਉਪਚਾਰ ਨੇ ਮੈਨੂੰ ਬਹੁਤਾ ਵੀ ਉਤਾਵਲਾਪਨ ਜ਼ਾਹਰ ਨਹੀਂ ਸੀ ਕਰਨਾ ਚਾਹੀਦਾ । ਤੇ ਬਾਕੀ ਸਭ ਨੂੰ ਮੈਂ ਦੂਰੋਂ ਹੀ ਸਤਿ ਸ੍ਰੀ ਅਕਾਲ ਬੁਲਾ ਦਿੱਤੀ । ਸਾਰੇ ਬੈਠੇ ਇਕ ਦੂਸਰੇ ਦਾ ਹਾਲ ਚਾਲ ਪੁੱਛਿਆ । ਮੇਰੇ ਪਾਣੀ ਮੰਗਣ ਤੇ ਛੋਟੀ ਲੜਕੀ ਪਾਣੀ ਲਿਆਈ । ਵੱਡਾ ਲੜਕਾ ਹੈ । ਪਾਣੀ ਪੀਤਾ ਤਾਂ ਬਕਲਿਆ ਜਿਹਾ ਨਲਕੇ ਦਾ ਹੀ । ਘਰ 'ਚ ਫਰਿੱਜ ਹੈ, ਕੂਲਰ ਹੈ, ਠੰਢਾ ਪਾਣੀ ਕਿਧਰ ਗਿਆ । ਮੈਂ ਤਾਂ ਸਮਝਿਆ ਸੀ ਕਿ ਉਹ ਮੇਰੇ ਅੱਗੇ ਕੋਈ ਕੋਲਡ ਡਰਿੰਕ ਤੇ ਮਿਠਾਈ ਰੱਖਣਗੇ । ਖ਼ੈਰ ਪਾਣੀ ਮਸੀਂ ਘੋਹੜਾ ਜਿਹਾ ਪੀਤਾ ।

"ਮੈਂ ਤਾਂ ਨਹਾਉਣਾ ਚਾਹੁੰਦੀ ਹਾਂ ।"

"ਹਾਂ, ਉਹ ਬਾਥਰੂਮ ਹੈ ਤੌਲੀਆ ਆਂਦਾ ਏ ਨਾ ਆਪਣਾ ?"

"ਉਹ ! ਤੌਲੀਆ ਤਾਂ ਮੇਰਾ ਰਹਿ ਈ ਗਿਆ ।"

"ਅੱਛਾ, ਆਹ ਲੈ ਲੈ ।" ਉਸ ਪਤਾ ਨਹੀਂ ਕਿਵੇਂ ਗੰਦਾ ਜਿਹਾ ਤੌਲੀਆ ਲਿਆ ਕੇ ਦੇ ਦਿੱਤਾ । ਪਰ ਮੈਂ ਤਾਂ ਉਸ ਨਾਲ ਸਰੀਰ ਪੂੰਝ ਕੇ ਹੋਰ ਗੰਦਾ ਨਹੀਂ ਸੀ ਕਰਨਾ


Academy of the Punjab in North America: http://www.apnaorg.com

ਚਾਹੁੰਦੀ ਤੇ ਆਪਣੀ ਪਹਿਲੀ ਕਮੀਜ਼ ਨਾਲ ਹੀ ਮਾੜਾ ਜਿਹਾ ਪਿੰਡਾ ਪੂੰਝ ਲਿਆ।

ਫਿਰ ਦੋ ਕੁ ਟੁਕੜੇ ਆਲੂਆਂ ਵਾਲੀ ਪਤਲੀ ਜਿਹੀ ਤਰੀ ਨਾਲ ਸੁੱਕੀ ਜਿਹੀ ਬੇਹੀ ਰੋਟੀ ਦਿੱਤੀ, "ਤੁਸੀਂ ਸਭ ਖਾ ਚੁੱਕੇ ?"

"ਹਾਂ, ਤੇਰਾ ਪਤਾ ਨਹੀਂ ਸੀ, ਨਹੀਂ ਤਾਂ ਕੁਝ ਹੋਰ ਬਣਾ ਕੇ ਰੱਖਦੀ।" ਉਸ ਰਸਮੀ ਤੌਰ ਤੇ ਕਿਹਾ।

ਹੁਣ ਮੇਰੇ ਲਈ ਉਚੇਚ ਥੋਹੜੀ ਕਰਨਾ ਹੈ, ਤਿੰਨ ਤਾਂ ਵੱਜ ਗਏ ਨੇ, ਇਹ ਕੋਈ ਰੋਟੀ ਦਾ ਟਾਈਮ ਹੈ ? ਮੈਂ ਆਪਣੇ ਮਨ ਨੂੰ ਸਮਝਾਇਆ।

ਉਹਨਾਂ ਦੇ ਬੱਚਿਆਂ ਨਾਲ ਗੱਲਾਂ ਕਰਦੀ ਰਹੀ, ਕਿਹੜੀ ਕਲਾਸ 'ਚ ਪੜ੍ਹਦੇ ਨੇ ਕੀ ਸ਼ੌਂਕ ਆਦਿ। ਪਰ ਹਰਮੀਤ ਨੇ ਜਲਦੀ ਹੀ ਉਹਨਾਂ ਨੂੰ ਬੁਲਾ ਲਿਆ। ਆਪਣੇ ਸਕੂਲ ਦਾ ਕੰਮ ਕਰੋ ਚਲ ਕੇ, ਉਤੋਂ ਪੇਪਰ ਆਏ ਨੇ।

ਫਿਰ ਮੈਂ ਦੇਖਿਆ ਕਿ ਬੱਚੇ ਜਦ ਵੀ ਮੇਰੇ ਪਾਸ ਆ ਕੇ ਆਪਣੀਆਂ ਗੱਲਾਂ ਕਰਨ ਲਗਦੇ, ਉਹ ਕਿਸੇ ਨਾ ਕਿਸੇ ਬਹਾਨੇ ਉਹਨਾਂ ਨੂੰ ਬੁਲਵਾ ਲੈਂਦੀ ਜਿਵੇਂ ਮੈਂ ਅਛੂਤ ਹੋਵਾਂ ਜਾਂ ਛੂਤ ਦੀ ਬਿਮਾਰੀ ਦੀ ਕੋਈ ਰੋਗਣ ਹੋਵਾਂ। ਜੇ ਪਿੰਡ 'ਚ ਰਹਿੰਦੇ ਹਾਂ ਤਾਂ ਇਸਦਾ ਇਹ ਮਤਲਬ ਤਾਂ ਨਹੀਂ ਕਿ ਅਸੀਂ ਇਨਸਾਨ ਹੀ ਨਹੀਂ ਹਾਂ।

ਪਰ ਜਿੰਨ੍ਹਾਂ ਹਰਮੀਤ 'ਚ ਮਾਣ, ਹੰਕਾਰ, ਬਦਤਮੀਜ਼ੀ, ਮੂੰਹ ਫੱਟ ਤੇ ਕੋਰਾਪਣ ਸੀ, ਓਨਾਂ ਹੀ ਬਿੰਦਰ ਨਰਮ ਦਿਲ ਤੇ ਸਭਿਅਕ ਸੀ। ਉਹ ਬਾਹਰੀ ਦਿਖਾਵੇ ਨਾਲੋਂ ਅੱਛੇ ਮਿਹਨਤੀ, ਹੁਨਰ ਵਾਲੇ ਕੰਮਾਂ ਨੂੰ ਪਹਿਲ ਦਿੰਦਾ ਸੀ। ਉਹ ਹਰ ਤਰ੍ਹਾਂ ਦੀ ਇਲੈਕਟ੍ਰੋਨਿਕ ਚੀਜ਼ ਖੁਦ ਮੁਰੰਮਤ ਕਰ ਲੈਂਦਾ ਸੀ ਤੇ ਬਣਾ ਲੈਂਦਾ ਸੀ। ਉਹਨਾਂ ਦੀ ਬਗੀਚੀ 'ਚ ਵੰਨ ਸੁਵੰਨੇ ਫੁੱਲਾਂ ਤੇ ਫਲਾਂ ਤੇ ਹੋਰ ਵੰਨਗੀ ਦੇ ਬੂਟੇ ਉਸਦੀ ਮਿਹਨਤ ਸਦਕਾ ਹੀ ਸੱਜੇ ਤੇ ਫਲੇ ਫੂਲੇ ਸਨ। ਇਹ ਤਾਂ ਸਭ ਸ਼ੌਂਕ ਵਜੋਂ ਸੀ, ਵੈਸੇ ਉਸਦੀ ਨੌਕਰੀ ਟਿਸਕੋ ਕੰਪਨੀ 'ਚ ਮੈਨੇਜਰ ਦੀ ਸੀ। ਵਿਹਲੇ ਸਮੇਂ ਉਹ ਪੇਂਟਿੰਗ, ਫੋਟੋਗਰਾਫੀ ਕਰਨ ਤੇ ਸੰਗੀਤ ਸੁਣਨ ਦਾ ਵੀ ਸ਼ੌਂਕ ਰਖਦਾ ਸੀ।

ਮੈਂ ਉਸਦੇ ਕਮਰੇ 'ਚ ਗਈ ਤਾਂ ਕਹਿਣ ਲੱਗਾ, "ਆਓ ਜੀ, ਬੈਠੋ ਟੇਪਰਿਕਾਰਡਰ ਸੁਣਾਵਾਂ ਕਿ ਫੋਟੋਆਂ ਦੇਖਣੀਆਂ ਨੇ ?" ਮੈਂ ਕਹਿ ਦਿੱਤਾ ਦੋਵੇਂ ਹੀ। ਤੇ ਉਸਨੇ ਪੁਰਾਣੇ ਗਾਣਿਆਂ ਦੀਆਂ ਧੁਨਾਂ ਲਗਾਈਆਂ। ਕੋਨਿਆਂ 'ਚ ਬਹੁਤ ਵੱਡੇ ਵੱਡੇ ਸਪੀਕਰ ਲੱਗੇ ਸਨ ਤੇ ਕੰਧ ਉਪਰ ਰੰਗ ਬਿਰੰਗੀਆਂ ਲਾਈਟਾਂ ਸਨ, ਜੋ ਅਵਾਜ ਦੇ ਵਧਾ ਚੜ੍ਹਾ ਤੇ ਸਾਜ਼ਾਂ ਨਾਲ ਜਗਦੀਆਂ ਬੁਝਦੀਆਂ ਸਨ। ਇਹ ਉਸਨੇ ਖੁਦ ਹੀ ਬਣਾਈਆਂ ਸਨ। ਧੁਨਾਂ ਦੀ ਏਨੀਂ ਮਿੱਠੀ ਅਵਾਜ਼ ਸਿੱਧੀ ਦਿਲ ਤੇ ਅਸਰ ਕਰ ਰਹੀ ਸੀ। ਇਕ ਅਨੋਖਾ ਹੀ ਰੰਗ ਤੇ ਮਸਤੀ ਜਿਹੀ ਬੱਝ ਗਈ ਸੀ, "ਵਾਹ ! ਕਮਾਲ ਹੈ ! ਅਜਿਹੀ ਗੂੰਜਦੀ ਦਿਲ ਦੀਆਂ ਡੂੰਘਾਈਆਂ ਨੂੰ ਛੂੰਹਦੀ ਅਵਾਜ ਤਾਂ ਮੈਂ ਅਜ ਤੱਕ ਨਹੀਂ ਸੀ ਸੁਣੀ। ਅਸੀਂ ਤਾਂ ਰੇਡੀਓ ਤੋਂ ਹੀ ਬਹੁਤਾ ਸੁਣਦੇ ਹਾਂ ਤੇ ਉਹ ਵੀ ਘਰ-ਰ-ਰ ਕਰਨ ਲਗ ਜਾਂਦਾ ਹੈ।" ਪਰ ਇਸ ਮਸਤੀ ਭਰੇ ਵਾਤਾਵਰਣ ਨੂੰ ਇਕ ਤਿੱਖੀ, ਖੁਰਦਰੀ ਤੇ ਗੁੱਸੇ ਭਰੀ ਅਵਾਜ਼ ਨੇ ਭੰਗ ਕਰ ਦਿੱਤਾ।

"ਇਥੇ ਮੈਂ ਇਕਲੀ ਰਸੋਈ 'ਚ ਮਰਨ ਡਹੀ ਆਂ, ਮੇਰੇ ਨਾਲ ਕੋਈ ਕੰਮ ਨਹੀਂ ਕਰਵਾਉਂਦਾ. ਮੇਰੀਆਂ ਖਲੋਤੀ ਦੀਆਂ ਲੱਤਾਂ ਆਕੜ ਗਈਆਂ ਨੇ ਤੇ ਤੁਹਾਨੂੰ ਗਾਣਿਆਂ ਦੀ ਅੱਗ ਲੱਗੀ ਆ।" ਇਸ਼ਾਰਾ ਸ਼ਾਇਦ ਮੇਰੇ ਵਲ ਹੀ ਸੀ, ਈਰਖਾ ਸਾੜੇ ਦੀ ਸਾਫ ਬਦਬੂ


Academy of the Punjab in North America http://www.apnaorg.com

ਆ ਰਹੀ ਸੀ । ਬਿੰਦਰ ਨੇ ਜਲਦੀ ਨਾਲ ਸੰਗੀਤ ਬੰਦ ਕਰ ਦਿੱਤਾ ਤੇ ਅਸੀਂ ਜਲਦੀ ਰਸੋਈ 'ਚ ਦੌੜੇ ।

"ਇੰਨੇ ਗੁੱਸੇ ਨਾਲ ਜੋ ਬੋਲ ਰਹੀ ਏਂ ਤੂੰ ਉਈਂ ਕਹਿ ਦੇਹ ਕਿ ਮੇਰੇ ਨਾਲ ਮੱਦਦ ਕਰਾ ਦਿਓ ।" ਤੇ ਬਿੰਦਰ ਉਸ ਨਾਲ ਸਬਜੀ ਕਟਾਉਣ ਲਗ ਗਿਆ ਤੇ ਮੈਂ ਆਟਾ ਗੁੰਨ੍ਹਣ ਲਗ ਗਈ । ਫਿਰ ਉਹ ਦੋਵੇਂ ਰਸੋਈ ਤੋਂ ਬਾਹਰ ਆ ਗਏ ਤੇ ਮੈਂ ਫੁਲਕੇ ਲਾਹੁਣ ਲਗ ਗਈ । ਰੋਟੀ ਖਾਧੀ ।

ਫਿਰ ਬਿੰਦਰ ਨੇ ਆਪਣੀ ਬਗੀਚੀ ਦਿਖਾਈ, "ਆਹ ਰਾਤ ਦੀ ਰਾਣੀ ਹੈ, ਇਸ 'ਚੋਂ ਰਾਤੀਂ ਬੜੀ ਖੁਸ਼ਬੋ ਆਉਂਦੀ ਹੈ । ਉਹ ਚੰਪਾ ਹੈ, ਇਹ ਗੁਲਮੋਹਰ ਹੈ, ਔਹ ਗੁਲਦਾਉਦੀਆਂ ਤੇ ਗੁਲਾਬ ਦੇ ਫੁੱਲ ਨੇ । ਇਹ ਕੈਕਟਸ ਨੇ ਸਾਰੇ, ਇਹਨਾਂ ਨੂੰ ਵੀ ਬੜੇ ਸੁਹਣੇ ਗੁਲਾਬੀ ਫੁੱਲ ਲਗਦੇ ਨੇ ਪਰ ਚਿਰਾਂ ਬਾਅਦ ਹੀ । ਆਹ ਗੱਡੂਲਸ ਨੇ ।"

"ਵਾਹ ਵਾਹ, ਬਹੁਤ ਹੀ ਪਿਆਰੀ ਬਗੀਚੀ ਸਜਾਈ ਹੈ । ਇਸ ਤਰ੍ਹਾਂ ਦੇ ਫੁੱਲ ਤਾਂ ਮੈਂ ਅੱਗੇ ਕਦੇ ਨਹੀਂ ਦੇਖੇ ਮੈਨੂੰ ਤਾ ਬਸ ਗੇਂਦਾ ਤੇ ਗੁਲਾਬ ਦਾ ਹੀ ਪਤਾ ਸੀ ।"

"ਡਾਰਲਿੰਗ, ਤੁਸੀਂ ਕਹਿੰਦੇ ਸੀ ਕਿ ਕਿਸੇ ਕੰਮ ਜੋਸ਼ੀ ਕਲੋਨੀ ਜਾਣਾ ਹੈ, ਹੁਣ ਜਾ ਆਓ । ਖਾਹਮਖਾਹ ਆਪਣਾ ਵਕਤ ਜਾਇਆ ਕਰ ਰਹੇ ਹੋ ।" ਹਰਮੀਤ ਦੀ ਮੱਥੇ ਵੱਟ ਪਈ, ਪਾਟੇ ਢੋਲ ਵਰਗੀ ਆਵਾਜ਼ ਕੰਨੀ ਪਈ ਤੇ ਫੁਲ ਬੂਟੇ ਵੀ ਜਿਵੇਂ ਉਦਾਸ ਹੋ ਗਏ ਹੋਣ ।

ਬਿੰਦਰ ਦੇ ਜਾਣ ਬਾਅਦ ਮੈਂ ਹਰਮੀਤ ਪਾਸ ਬੈਠੀ ਰਹੀ, "ਇਹ ਤੇਰੇ ਭਾਜੀ ਦਾ ਤਾਂ ਜਿੱਧਰ ਮਨ ਲਗ ਜਾਏ, ਬਸ ਉਸੇ 'ਚ ਹੀ ਖੁਭ ਜਾਂਦੇ ਹਨ । ਦੂਜੀ ਗਲ ਤਾਂ ਇਹਨਾਂ ਨੂੰ ਭੁਲ ਈ ਜਾਂਦੀ ਏ । ਕੱਪੜੇ ਪਾਉਣੇ ਤਾਂ ਉਹਨਾਂ ਨੂੰ ਮੈਂ ਸਿਖਾਏ ਨੇ । ਪਹਿਲੇ ਤਾਂ ਐਵੇਂ ਈ ਜਿਹੋ ਜਿਹਾ ਪਾ ਕੇ ਤੁਰ ਪੈਂਦੇ ਸਨ । ਕੋਈ ਪਤਾ ਨਹੀਂ ਪੱਗ ਪੈਂਟ ਨਾਲ ਮੈਚ ਕਰਦੀ ਏ ਜਾਂ ਨਹੀਂ ।" ਨਾਲ ਨਾਲ ਉਹ ਆਪਣੇ ਨਹੁੰਆਂ ਨੂੰ ਨੇਲ ਕਟਰ ਨਾਲ ਸ਼ੇਪ ਬਣਾ ਕੇ ਰੇਤੀ ਨਾਲ ਬਰਾਬਰ ਕਰੀ ਜਾ ਰਹੀ ।

"ਇਨਸਾਨ ਨੂੰ ਥੋਹੜਾ ਮਾਡਰਨ ਬਣ ਕੇ ਰਹਿਣਾ ਚਾਹੀਦਾ ਏ । ਹੁਣ ਕਲੱਬਾਂ ਵਿਚ ਪਾਰਟੀਆਂ ਵਿਚ ਜਾਈਦਾ ਏ, ਉਥੇ ਵੱਡੇ ਵੱਡੇ ਲੋਕਾਂ ਨੂੰ ਮਿਲੀਦਾ ਏ । ਮੇਰੀ ਤਾਂ ਸਾਰਿਆਂ ਵਿਚ ਇੱਜ਼ਤ ਬਣੀ ਹੋਈ ਹੈ । ਪਰ ਜੋ ਵੀ ਤੇਰੇ ਭਾਜੀ ਨੂੰ ਦੇਖਦਾ, ਇਹੀ ਕਹਿ ਦਿੰਦਾ ਕਿ ਤੇਰਾ ਘਰਵਾਲਾ ਤਾਂ ਬੜਾ ਸਿੱਧੜ ਜਿਹਾ ਹੈ, ਤੇਰਾ ਵਿਆਹ ਤਾਂ ਕਿਸੇ ਐਕਟਰ ਨਾਲ ਜਾਂ ਕਿਸੇ ਵੱਡੇ ਬਿਜਨਿਸਮੈਨ ਨਾਲ ਹੋਣਾ ਚਾਹੀਦਾ ਸੀ । ਪਰ ਹੁਣ ਤਾਂ ਮੇਰੇ ਪੱਲੇ ਪੈ ਗਿਆ । ਪਹਿਲੇ ਪਹਿਲ ਮੈਂ ਤਲਾਕ ਲੈਣ ਦੀ ਕੋਸ਼ਿਸ਼ ਕੀਤੀ ਸੀ । ਇਕੇਰਾਂ ਘਰੋਂ ਨੱਸ ਵੀ ਗਈ ਸਾਂ ਪਰ ਫਿਰ ਮੈਨੂੰ ਇਹਨਾਂ ਬੱਚਿਆਂ ਦਾ ਖਿਆਲ ਆ ਗਿਆ ਪਰ ਤੇਰੇ ਭਾਜੀ ਦਾ ਖਿਆਲ ਆ ਗਿਆ, ਇਹ ਮੇਰੇ ਤਰਲੇ ਕੱਢਣ ਲੱਗ ਗਏ ਤੇ ਮੈਨੂੰ ਤਰਸ ਆ ਗਿਆ । ਫਿਰ ਮੈਂ ਇਕ ਗੱਲ ਇਹਨਾਂ ਤੋਂ ਮਨਾਈ ਹੋਈ ਆ ਕਿ ਮੈਂ ਤੁਹਾਡੇ ਘਰਦਿਆਂ ਨੂੰ ਨਹੀਂ ਮਿਲਣਾ ਉਹ ਪੇਂਡੂ ਜਿਹੇ ਨੇ ਤੇ ਮੇਰਾ ਸਟੇਟਸ ਘੱਟਦਾ ਏ । ਜਦ ਵੀ ਕੋਈ ਮੇਰੇ ਸਹੁਰਿਆਂ ਤੋਂ ਆਉਂਦਾ ਏ ਤਾਂ ਉਦੋਂ ਈ ਸਾਡੀ ਲੜਾਈ ਹੁੰਦੀ ਏ, ਮੈਨੂੰ ਗੁੱਸਾ ਆਉਂਦਾ ਹੈ ਕਿ ਇਹ ਕਿਉਂ ਉਹਨਾਂ ਦੀ ਸੇਵਾ ਕਰਨ ਲੱਗ ਜਾਂਦੇ ਨੇ । ਵੈਸੇ ਮੈਨੂੰ ਇਕ ਗਲ ਦਾ ਫਖਰ ਵੀ ਹੈ ਕਿ ਇਹਨਾਂ ਦੀ ਨੌਲਿਜ ਬਹੁਤ ਏ, ਲੋਗ ਇਹਨਾਂ ਦੀਆਂ ਗੱਲਾਂ ਵਲ ਹੀ ਖਿੱਚੇ ਚਲੇ ਆਉਂਦੇ ਨੇ ।"


Academy of the Punjab in North America: http://www.apnaorg.com

ਨਾਲ ਨਾਲ ਉਸ ਆਪਣਾ ਧਿਆਨ ਨੇਲ ਪਾਲਿਸ਼ ਵਲ ਵੀ ਲਗਾਇਆ ਹੋਇਆ ਸੀ ਤੇ ਫਿਰ ਉਸ ਮੈਨੂੰ ਪੁੱਛਿਆ, "ਭਲਾ ਕਿਵੇਂ ਦੀ ਲਗਦੀ ਹੈ ਇਹ ਸ਼ੇਡ ।" ਉਸ ਆਪਣੇ ਹੱਥਾਂ ਪੈਰਾਂ ਨੂੰ ਦੂਰ ਜਿਹੇ ਕਰਕੇ ਦੇਖਿਆ ਜਿਵੇਂ ਕੋਈ ਪੇਂਟਿੰਗ ਬਣਾਈ ਹੋਵੇ । ਪਰ ਮੇਰੇ ਕੁਝ ਕਹਿਣ ਤੋਂ ਪਹਿਲੇ ਹੀ ਉਸਨੇ ਉਹ ਨੇਲ ਪਾਲਿਸ ਲਾਹੀ ਤੇ ਦੂਸਰੀ ਸ਼ੀਸ਼ੀ ਤੋਂ ਲਗਾਉਣ ਲੱਗ ਗਈ, "ਹਾਂ, ਇਹ ਠੀਕ ਰਹੇਗੀ, ਇਹ ਥੋਹੜੀ ਕੁ ਬਰਾਈਟ ਹੈ । ਤੂੰ ਲਗਾਉਣੀ ਹੈ ਕੋਈ ?"

"ਨਹੀਂ, ਮੈਂ ਨਹੀਂ ਕਦੇ ਲਗਾਈ ।"

ਤੇ ਉਹ ਫਿਰ ਬੋਲਣ ਲੱਗੀ, "ਹੁਣ ਕੱਲਬਾਂ ਪਾਰਟੀਆਂ 'ਚ ਅਮੀਰ ਅਮੀਰ ਤੇ ਉੱਚੀਆਂ ਪਦਵੀਆਂ ਤੇ ਪਹੁੰਚੇ ਲੋਗ ਹੁੰਦੇ ਨੇ ਕਈ ਲੀਡਰਾਂ ਦੇ ਸੰਬੰਧੀ ਹੁੰਦੇ ਨੇ, ਜਿਨ੍ਹਾਂ ਨਾਲ ਮਿਲ ਕੇ ਅਗਾਂਹ ਵਧਣ ਦੇ ਚਾਨਸਿਜ਼ ਹੁੰਦੇ ਨੇ ਪਰ ਇਹਨਾਂ ਨੂੰ ਇਧਰ ਕੋਈ ਸ਼ੌਂਕ ਈ ਨਹੀਂ ਹੈ ।" ਹੁਣ ਉਸਦੀ ਨੇਲ ਪਾਲਿਸ਼ ਲਗ ਚੁੱਕੀ ਸੀ । ਇੰਨੇ ਨੂੰ ਉਸਦੀਆਂ ਦੋ ਸਹੇਲੀਆਂ ਆ ਗਈਆਂ । ਇਕ ਦੇ ਵਾਲ ਬੌਬ ਕੱਟ ਸਨ ਤੇ ਦੂਸਰੀ ਦੇ ਬਰਾਬਰ ਕੱਟ ਕੇ ਖੁਲ੍ਹੇ ਛੱਡੇ ਸਨ ਕਹਿਣ ਲੱਗੀਆਂ, "ਚੱਲ ਉਠ ਬਜ਼ਾਰ ਚੱਲੀਏ ਸੇਲ ਲੱਗੀ ਹੈ ਸਾੜੀਆਂ ਦੀ ਮਿੰਡੀਆਂ ਦੀ ਦੋ ਚਾਰ ਲੈ ਛੱਡੀਏ ਕਲ੍ਹ ਨੂੰ ਕੁੜੀ ਵੀ ਜਵਾਨ ਹੋ ਰਹੀ ਹੈ ।"

ਹਰਮੀਤ ਨੇ ਮੇਰੀ ਵਲ ਇਸ਼ਾਰਾ ਕੀਤਾ ਪਰ ਮੈਂ ਉਸੇ ਵੇਲੇ ਦੇਖ ਲਿਆ । ਪਰ ਮੈਂ ਨਾ ਦੇਖਿਆਂ ਵਾਂਗ ਦਿਖਾਵਾ ਕੀਤਾ ।

"ਅੱਜ ਤਾਂ ਮੈਂ ਜਾ ਨਹੀਂ ਸਕਦੀ, ਪਰਸੋਂ ਸਹੀ ।"

"ਤੁਸੀਂ ਜਾ ਆਓ ਮੈਂ ਰਹਿ ਲਵਾਂਗੀ । ਟੀ. ਵੀ. ਦੇਖ ਲੈਂਦੀ ਹਾਂ ਜਾਂ ਕੋਈ ਕਿਤਾਬ ਪੜ੍ਹ ਲਵਾਂਗੀ ।" ਮੈਂ ਕਿਹਾ ।

ਪਰ ਉਸਨੂੰ ਸ਼ਾਇਦ ਮੇਰੇ ਤੇ ਇਤਬਾਰ ਨਹੀਂ ਸੀ ਮਤਾਂ ਕੋਈ ਚੀਜ਼..."ਕੋਈ ਨਹੀਂ, ਅਜੇ ਸੇਲ ਰਹਿਣੀ ਹੈ ਹਫਤਾ" ਉਸ ਬੁਝੇ ਜਿਹੇ ਮਨ ਨਾਲ ਕਿਹਾ ।

ਇੰਨੇ ਨੂੰ ਬਿੰਦਰ ਆ ਗਿਆ । "ਐਵੇਂ ਫੇਰਾ ਈ ਪਿਆ, ਮਿਸਟਰ ਸੋਖੀ ਤਾਂ ਘਰ ਨਹੀਂ ਸੀ ।" ਉਸਦੀ ਵਾਈਫ ਕਹਿਣ ਲੱਗੀ, "ਸਾਡੇ ਟੀ. ਵੀ. 'ਚੋਂ ਅਵਾਜ਼ ਅੱਛੀ ਨਹੀਂ ਆ ਰਹੀ, ਜਰਾ ਚੈੱਕ ਕਰ ਦਿਓ ! ਬੱਸ ਉਹੀ ਠੀਕ ਕਰਦਾ ਰਿਹਾ । ਹਰ ਕੋਈ ਆਪਣੀ ਵਿਗੜੀ ਚੀਜ਼ ਮੇਰੇ ਅੱਗੇ ਲਿਆ ਰਖਦਾ ਹੈ । ਅੱਛਾ ਚਲੋ ਸਾਮੀਂ ਕਿਤੇਂ ਘੁੰਮ ਫਿਰ ਆਉਂਦੇ ਹਾਂ । ਲਿਆ ਫਿਰ ਚਾਹ ਪਿਆ । ਓ ਛੋਟੂ, ਜਾਈਂ ਸਮੋਸੇ ਲਿਆਈਂ ਜ਼ਰਾ ਸਾਹਮਣੀ ਦੁਕਾਨ ਤੋਂ" ਪਰ ਰਸੋਈ 'ਚੋਂ ਹੀ ਅਵਾਜ਼ ਆਈ, "ਬਿਸਕੁਟ ਤਾਂ ਹੈ ਈ ਨੇ ਘਰ 'ਚ, ਐਵੇਂ ਗਲੇ ਖਰਾਬ ਕਰਨੇ ਨੇ, ਛੋਟੂ ਨੇ ਹੋਰ ਵੀ ਕੰਮ ਕਰਨੇ ਨੇ ।"

"ਚਲੋ ਛੱਡੋ, ਬਾਹਰ ਜਾਵਾਂਗੇ ਤਾਂ...ਬੇਲਪੁੜੀ ਖਾਧੀ ਕਦੇ ? ਇਥੋਂ ਦੀ ਖਾਸ ਚੀਜ਼ ਹੈ ।" "ਨਾ ਪੰਜਾਬ 'ਚ ਕਿਥੇ ਬੇਲਪੁੜੀ ।" ਉਹਨਾਂ ਬੇਬਸ ਜਿਹੇ ਹੁੰਦਿਆਂ ਬੇਲਪੂੜੀ ਦਾ ਲਾਰਾ ਲਾਇਆ ।

"ਮੈਨੂੰ ਤਾਂ ਅੱਛੀ ਨਹੀਂ ਲੱਗਦੀ ।" ਹਰਮੀਤ ਨੇ ਕਿਹਾ ।

"ਤੂੰ ਨਾ ਖਾਈਂ ।" ਖੈਰ, ਚਾਹ ਆ ਗਈ !

ਮੈਂ ਦੇਖਦੀ ਸਾਂ ਕਿ ਬਿੰਦਰ ਕਿੰਨਾ ਖੁਲ੍ਹ ਦਿਲਾ ਉਦਾਰਵਾਦੀ ਸੀ ਤੇ ਹਰਮੀਤ ਓਨੀਂ ਹੀ ਤੰਗ ਦਿਲ ਤੇ ਗਰੂਰ ਭਰੀ ਸੀ । ਇਕੇਰਾਂ ਉਹ ਕਿਤੇ ਬਾਹਰ ਗਈ ਤਾਂ ਮੈਂ ਬਿੰਦਰ ਨੂੰ ਝਕਦਿਆਂ ਹੋਇਆ ਪੁੱਛਿਆ. "ਇਕ ਗੱਲ ਪੁੱਛਾਂ, ਦੱਸੋਗੇ ?"


Academy of the Punjab in North America: http://www.apnaorg.com

"ਹਾਂ, ਜੋ ਮਰਜੀ ਪੁੱਛੋ ।"

"ਤੁਹਾਡੇ ਦੋਹਾਂ ਦੇ ਸੁਭਾਵਾਂ 'ਚ ਦਰਿਆ ਦੇ ਕੰਢਿਆਂ ਜਿੰਨ੍ਹਾਂ ਤੇ ਦਿਨ ਰਾਤ ਦਾ ਅੰਤਰ ਲੱਗਦਾ ਹੈ, ਤੇ ਤੁਹਾਡੀ ਨਿਭ ਕਿਵੇਂ ਰਹੀ ਹੈ ?"

ਉਹ ਥੋੜ੍ਹੀ ਦੇਰ ਚੁੱਪ ਰਿਹਾ ।

"ਸੁਆਲ ਬੜਾ ਔਖਾ ਹੈ, ਵਿਆਹੁਤਾ ਜ਼ਿੰਦਗੀ ਜਿੰਨ੍ਹਾਂ ਹੀ ਔਖਾ । ਅਸਲ 'ਚ ਇਕੋ ਜਿਹੇ ਸੁਭਾ ਕਦੇ ਵੀ ਨਹੀਂ ਹੁੰਦੇ । ਹਰੇਕ ਵਿਅਕਤੀ ਦੇ ਆਪਣੇ ਅੰਦਾਜ, ਆਪਣੀ ਸੋਚਣੀ, ਆਪਣੀ ਰਹਿਣੀ ਬਹਿਣੀ ਆਦਿ । ਪਹਿਲੇ ਪਹਿਲੇ ਤਾਂ ਇਨਸਾਨ ਆਪਣਾ ਅੱਛਾ ਪੱਖ ਹੀ ਪੇਸ਼ ਕਰਦਾ ਹੈ ਪਰ ਜਦ ਹੌਲੀ ਹੌਲੀ ਤੁਹਾਨੂੰ ਇਕ ਦੂਸਰੇ ਦੀਆਂ ਵਿਰੋਧਤਾਵਾਂ ਦਾ ਪਤਾ ਲਗਦਾ ਹੈ ਜਾਂ ਅਸਲੀਅਤ ਖੁਲ੍ਹਦੀ ਹੈ ਤਾਂ ਤੁਸੀਂ ਕਾਫੀ ਅੱਗੇ ਨਿਕਲ ਚੁੱਕੇ ਹੁੰਦੇ ਹੋ, ਲਾਵਾਂ ਫੇਰੇ ਲੈ ਚੁੱਕੇ ਹੁੰਦੇ ਹੋ, ਬੱਚੇ ਹੋ ਜਾਂਦੇ ਨੇ, ਘਰ ਗ੍ਰਹਿਸਥੀ 'ਚ ਡੂੰਘੇ ਉਤਰ ਜਾਂਦੇ ਹੋ । ਫਿਰ ਬੱਚਿਆਂ ਦੀ ਖਾਤਿਰ ਵਿਪਰੀਤ ਸੁਭਾਅ ਵੀ ਬਰਦਾਸ਼ਤ ਕਰਨੇ ਪੈਂਦੇ ਨੇ । ਦਰਅਸਲ ਵਿਆਹ ਤਾਂ ਇਕ ਸਮਝੌਤਾ ਹੀ ਹੈ ਇਕੱਠੇ ਰਹਿਣ ਦਾ । ਪਹਿਲੇ ਪਹਿਲੇ ਮੈਨੂੰ ਇਸਤੇ ਬਹੁਤ ਗੁੱਸਾ ਆਉਂਦਾ ਸੀ ਕਿ ਇਹ ਹਮੇਸ਼ਾਂ ਹਾਰ-ਸ਼ਿੰਗਾਰ ਬਾਰੇ ਹੀ ਸੋਚਦੀ ਰਹਿੰਦੀ। ਕੋਈ ਵੀ ਗਲ ਸਮਝਾਓ ਗੁੱਸਾ ਕਰ ਲੈਂਦੀ ਸੀ । ਇਕੇਰਾਂ ਤਾਂ ਇਹ ਮਰਨ ਲਈ ਬਾਹਰ ਤੁਰ ਪਈ ਤੇ ਮਸੀਂ ਮੈਂ ਉਸਨੂੰ ਮਨਾ ਕੇ ਲਿਆਇਆ । ਫਿਰ ਅਸੀਂ ਸਮਝੌਤਾ ਕਰ ਲਿਆ ਕਿ ਉਹ ਮੈਨੂੰ ਕਿਸੇ ਕੰਮ ਲਈ ਮਜਬੂਰ ਨਹੀਂ ਕਰੇਗੀ ਤੇ ਮੈਂ ਉਸਨੂੰ ਬਦਲਣ ਲਈ ਨਹੀਂ ਕਹਾਂਗਾ । ਉਸਨੇ ਆਪਣਾ ਬਿਊਟੀ ਪਾਰਲਰ ਖੋਲ੍ਹ ਲਿਆ ਹੈ ਤੇ ਉਹ ਹੁਣ ਉਸੇ 'ਚ ਖੁਸ਼ ਹੈ । ਤੇ ਮੈਂ ਆਪਣੇ ਕੰਮਾਂ 'ਚ ਰੁੱਝਿਆ ਰਹਿੰਦਾ ਹਾਂ । ਅਜੇ ਵੀ ਕਦੇ ਕਦੇ ਇਕ ਦੂਸਰੇ ਨਾਲ ਖਹਿਬੜ ਪੈਂਦੇ ਹਾਂ। ਵੱਡੀ ਗੱਲ ਤਾਂ ਇਹ ਹੈ ਕਿ ਉਹ ਮੇਰੇ ਘਰਦਿਆਂ ਨੂੰ ਦੇਖ ਨਹੀਂ ਸੁਖਾਉਂਦੀ। ਮੈਂ ਵੀ ਆਪਣੇ ਸਹੁਰੇ ਘੱਟ ਹੀ ਜਾਂਦਾ ਹਾਂ । ਇਹ ਆਪੇ ਹੀ ਮਿਲ-ਗਿਲ ਆਉਂਦੀ ਹੈ, ਆਪਣੇ ਪੇਕਿਆਂ ਨੂੰ । ਬੱਸ ਇਵੇਂ ਹੀ ਲੰਘੀ ਜਾਂਦੀ ਹੈ ।"

ਤੇ ਅਗਲੇ ਦਿਨ ਅਸੀਂ ਨਾਸ਼ਤਾ ਕਰਕੇ ਬਾਹਰ ਨਿਕਲ ਗਏ । ਹਰਮੀਤ ਨਾਲ ਨਹੀਂ ਗਈ ਉਸ ਕਹਿ ਦਿੱਤਾ ਸੀ ਕਿ ਮੈਂ ਤਾਂ ਕਈ ਵਾਰ ਗਈ ਹਾਂ, ਤੁਸੀਂ ਹੋ ਆਓ ।

ਟਿਕਟ ਲੈ ਕੇ ਗੱਡੀ 'ਚ ਬੈਠ ਗਏ । "ਇਹ ਇਲੈਕਟ੍ਰਿਕ ਟ੍ਰੇਨ ਹੈ, ਇਸਨੇ ਬੜੀ ਤੇਜ਼ੀ ਨਾਲ ਪੁਚਾ ਦੇਣਾ ਹੈ ।" ਗੱਡੀ ਵਿਚ ਬਿੰਦਰ ਨੂੰ ਇਕ ਦੋਸਤ ਮਿਲ ਪਿਆ । ਉਹ ਬੰਗਾਲੀ ਬੋਲਦਾ ਸੀ । ਬਿੰਦਰ ਵੀ ਉਸ ਨਾਲ ਬੰਗਾਲੀ 'ਚ ਹੀ ਗੱਲਾਂ ਕਰਨ ਲਗ ਪਿਆ, "ਆਪਨਾ ਕੇ ਆਬਾਰ ਦੇਖੇ ਖੁਸ਼ੀ ਹੋਲਾਮ...ਕਖੋਨੋ ਏਲੇ ਆਬਾਰ ਦਾਖਾ ਕੋਰਬੇਨ" ਤੇ ਉਹ ਗੱਲਾਂ ਕਰਦੇ ਰਹੇ, ਮੈਨੂੰ ਤਾਂ ਪੂਰੀ ਸਮਝ ਨਹੀਂ ਸੀ ਲਗ ਰਹੀ । ਮੈਂ ਹੈਰਾਨ ਹੋਈ ਜਾ ਰਹੀ ਸਾਂ । ਗੱਡੀ ਉਤਰ ਕੇ ਉਸੇ ਹੈਰਾਨੀ 'ਚ ਕਿਹਾ, "ਕਮਾਲ ਹੈ, ਤੁਸੀਂ ਤਾਂ ਬੰਗਾਲੀ ਵੀ ਏਨੀਂ ਅੱਛੀ ਬੋਲ ਲੈਂਦੇ ਹੋ ।"

"ਹਾਂ ਬੰਗਾਲੀਆਂ ਦੇ ਸ਼ਹਿਰ ਆ ਗਏ ਤਾਂ ਸਿੱਖਣੀ ਪੈਣੀ ਸੀ । ਮੈਂ ਤਾਂ ਐਵੇਂ ਗੁਜ਼ਾਰਾ ਕਰਦਾ ਹਾਂ । ਬੱਚਿਆਂ ਨੂੰ ਬਹੁਤ ਆਉਂਦੀ ਹੈ । ਉਹਨਾਂ ਨੂੰ ਤਾਂ ਸਕੂਲ 'ਚ ਲੱਗੀ ਹੋਈ ਹੈ । ਇਹ ਹੁਗਲੀ ਦਰਿਆ ਹੈ । ਭਾਰਤ ਦਾ ਸਭ ਤੋਂ ਵੱਡਾ ਪੁੱਲ ਹੈ ਇਹ । ਚਲੋ, ਬੇੜੀ 'ਚ ਚੜ੍ਹਦੇ ਹਾਂ, ਸ਼ੌਰਟ ਕੱਟ ਹੋ ਜਾਏਗਾ ।"

ਬਹੁਤ ਭੀੜ ਲੱਗੀ ਹੋਈ ਸੀ । ਲੋਗ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ ।


Academy of the Punjab in North America: http://www.apnaorg.com

ਖਾਲੀ ਕਿਸ਼ਤੀ ਆਉਂਦੀ ਸੀ ਤੇ ਜਲਦੀ ਹੀ ਭਰ ਕੇ ਚਲੀ ਜਾਂਦੀ ਸੀ । ਬਿੰਦਰ ਟਿਕਟਾਂ ਲੈ ਆਇਆ ਤੇ ਅਸੀਂ ਵੀ ਲਾਈਨ 'ਚ ਲਗ ਗਏ । ਕਿਸ਼ਤੀ 'ਚ ਚੜ੍ਹੇ । ਬੜਾ ਅਜੀਬ ਜਿਹਾ ਸਮਾਂ ਲੱਗ ਰਿਹਾ ਸੀ । ਪਾਣੀ 'ਚ ਤੈਰਦੇ ਜਾ ਰਹੇ ਸਾਂ । ਕਦੇ ਪਾਣੀ ਵਲ ਦੇਖਦੀ, ਕਦੇ ਬਿੰਦਰ ਵੱਲ, ਕਦੇ ਡਰਦੀ, ਕਦੇ ਉੱਚੀ ਉੱਚੀ ਚੀਕਾਂ ਪਾਉਣ ਤੇ ਦਿਲ ਕਰਦਾ । ਬਿੰਦਰ ਮੇਰੀ ਵੱਲ ਦੇਖ ਕੇ ਖੁਸ਼ ਹੋ ਰਿਹਾ ਸੀ, ਤੇ ਮੈਂ ਉਸ ਵੱਲ ਦੇਖਿਆ ਤਾਂ ਸ਼ਰਮਿੰਦੀ ਜਿਹੀ ਹੋ ਗਈ ਪਰ ਇੰਨੇ ਨੂੰ ਕਿਸ਼ਤੀ ਕੰਢੇ ਆ ਲੱਗੀ । ਲੋਕ ਉਤਰਨ ਲੱਗ ਗਏ ।

"ਇਥੋਂ ਦੀ ਇਕ ਹੋਰ ਖਾਸ ਚੀਜ਼ ਹੈ, ਮੈਟਰੋਵੇਨ ਜੋ ਅੰਡਰਗਰਾਊਂਡ ਬਿਜਲੀ ਨਾਲ ਚਲਦੀ ਹੈ, ਸਾਰੀ ਏਆਰ ਕੰਡੀਸ਼ਨਡ ਹੈ ।" ਉਸਦੀਆਂ ਟਿਕਟਾਂ ਲਈਆਂ । ਹਵਾ ਨਾਲ ਗੱਲਾਂ ਕਰਦੀ ਗੱਡੀ ਆਈ । ਅਸੀਂ ਉਸ ਵਿਚ ਬੈਠ ਗਏ । ਦਰਵਾਜ਼ੇ ਆਪਣੇ ਆਪ ਖੁਲ੍ਹੇ ਤੇ ਬੰਦ ਹੋ ਗਏ ਤੇ ਪਤਾ ਈ ਨਾ ਲੱਗਾ ਕਿ ਕਿਹੜੇ ਵੇਲੇ ਸਟੇਸ਼ਨ ਆ ਗਿਆ । ਦਰਵਾਜ਼ੇ ਫਿਰ ਆਪਣੇ ਆਪ ਖੁਲ੍ਹ ਗਏ । "ਸੱਚਮੁਚ ਹੀ ਬੜੀ ਹੈਰਾਨੀਜਨਕ ਟ੍ਰੇਨ ਹੈ, ਸਾਫ ਸੁਥਰੀ ਔਟੋਮੈਟਿਕ । ਹਾਂ, ਅਜਿਹੀ ਟ੍ਰੇਨ ਵੀ ਸਾਰੇ ਭਾਰਤ 'ਚ ਇਥੇ ਹੀ ਹੈ ।"

"ਚਲੋ ਹੁਣ ਕੁਝ ਖਾ ਲਈਏ, ਭੁੱਖ ਵੀ ਲੱਗੀ ਹੋਈ ਹੈ । ਇਥੇ ਇਕ ਬੜੀ ਮਸ਼ਹੂਰ ਦੁਕਾਨ ਹੈ ਭਠੂਰੇ ਛੋਲਿਆਂ ਦੀ ।"

ਥੋੜ੍ਹਾਂ ਕੁ ਤੁਰ ਕੇ ਅਸੀਂ ਉਸ ਦੁਕਾਨ ਤੇ ਪਹੁੰਚ ਗਏ । ਮੈਨੂੰ ਯਾਦ ਆਇਆ ਬਿੰਦਰ ਜਦ ਵੀ ਅੰਮ੍ਰਿਤਸਰ ਆਉਂਦਾ ਸੀ ਤਾਂ ਭਠੂਰੇ ਛੋਲੇ ਜਰੂਰ ਖਾਂਦਾ ਸੀ ਖਾਸ ਕਰ ਕੁਲਚੇ ਛੋਲੇ । ਇਹ ਉਸਦੀ ਹਰਮਨ ਪ੍ਰਿਯ ਚੀਜ਼ ਹੈ ।

"ਬੜੇ ਚਿਰਾਂ ਬਾਅਦ ਖਾਧੇ ਨੇ ਬਹੁਤ ਹੀ ਸੁਆਦ ਆ ਰਿਹਾ ਹੈ ।" ਉਹ ਨਾਲ ਨਾਲ ਝੂਮਦਾ ਜਿਹਾ ਕਹੀ ਗਿਆ । ਹਰਮੀਤ ਤਾਂ ਅਜਿਹੀਆਂ ਥਾਵਾਂ ਤੋਂ ਖਾਣਾ ਪਸੰਦ ਨਹੀਂ ਕਰਦੀ । ਉਹ ਅੱਛੇ ਤੋਂ ਅੱਛੇ ਰੈਸਟੋਰੈਂਟਾਂ 'ਚੋਂ ਖਾਕੇ ਖੁਸ਼ ਹੁੰਦੀ ਹੈ । ਭਾਵੇਂ ਖਾਣਾ ਇਸ ਤੋਂ ਬੇਸੁਆਦੀ ਹੋਵੇ । ਹੁਣ ਅਸੀਂ ਵੀਹ ਰੁਪਏ 'ਚ ਖੁਲ੍ਹੇ, ਡੁਲ੍ਹੇ ਰੱਜ ਗਏ ਹਾਂ ਤੇ ਉਥੇ ਸੌ ਦੋ ਸੌ ਐਵੇਂ ਈ ਖੁਲ੍ਹ ਜਾਂਦਾ ਹੈ ।"

ਮੈਂ ਦੇਖਿਆ ਅਜ ਬਿੰਦਰ ਵੀ ਆਪਣੇ ਆਪ ਨੂੰ ਜਿਵੇਂ ਅਜਾਦ ਮਹਿਸੂਸ ਕਰ ਰਿਹਾ ਸੀ ਤੇ ਮੇਰੇ ਲਈ ਤਾਂ ਸਭ ਕੁਝ ਨਵਾਂ ਨਵਾਂ ਸੀ, ਦੁਨੀਆਂ ਈ ਹੋਰ ਸੀ ਤੇ ਨਾਲ ਬਿੰਦਰ ਦਾ ਸਾਥ । ਮੈਨੂੰ ਕੁਝ ਮਿਰਚਾਂ ਲਗ ਰਹੀਆਂ ਸਨ, "ਆਹ ਗੁਲਾਬ ਜਾਮਨ ਦੀ ਇਕ ਪਲੇਟ ਲਿਆਈਂ ।" ਉਸਨੇ ਉਸੇ ਵਕਤ ਆਰਡਰ ਕਰ ਦਿੱਤਾ । ਮੇਰਾ ਦਿਲ ਸ਼ੁਕਰਾਨੇ ਨਾਲ ਭਰ ਗਿਆ ।

"ਅੱਛਾ, ਹੁਣ ਕਿਧਰ ਚਲੀਏ ?"

"ਜੋ ਤੁਸੀਂ ਦਿਖਾ ਦਿਓ ।"

"ਇਥੇ ਦੇਖਣ ਵਾਲਾ ਤਾਂ ਬਹੁਤ ਕੁਝ ਹੈ । ਕਈ ਦਿਨ ਚਾਹੀਦੇ ਨੇ ਦੇਖਣ ਯੋਗ ਸਥਾਨਾਂ ਨੂੰ ਦੇਖਣ ਲਈ । ਖੈਰ ਜੋ ਕੁਝ ਦੇਖਿਆ ਜਾ ਸਕਦਾ ਹੈ ਦੇਖਦੇ ਹਾਂ । ਅੱਛਾ, ਮਿਊਜ਼ੀਅਮ ਦੇਖਣਾ ਹੈ ਜਾਂ ਪਲੈਨਿਟੇਰੀਅਮ ਕਿ ਚਿੜੀਆ ਘਰ ।"

"ਪਲੈਨਿਟੇਰੀਅਮ ਕੀ ਹੁੰਦਾ ਹੈ ?"

"ਉਹ ਅਕਾਸ਼ੀ ਚੀਜ਼ਾਂ ਜਿਵੇਂ ਤਾਰੇ, ਚੰਦਰਮਾ, ਗ੍ਰਹਿ, ਸੂਰਜ ਆਦਿ ਬਾਰੇ ਜਾਣਕਾਰੀ ਹੁੰਦੀ ਹੈ ।"

"ਚਲੋ, ਅੱਜ ਉਹੀ ਦੇਖਦੇ ਹਾਂ ।"


Academy of the Punjab in North America http://www.apnaorg.com

"ਉਹੋ ! ਪਰ ਅਜ ਤਾਂ ਉਹ ਬੰਦ ਹੈ, ਅਜ ਸੋਮਵਾਰ ਹੀ ਹੈ ਨਾ ? ਏਦਾਂ ਕਰਦੇ ਹਾਂ ਮਿਊਜ਼ੀਅਮ ਚਲਦੇ ਹਾਂ ਫਿਰ ਟਾਈਮ ਬਚਿਆ ਤਾਂ ਚਿੜੀਆ ਘਰ ਦੇਖ ਲਾਂਗੇ ।"

ਮਿਊਜ਼ੀਅਮ ਦੇਖ ਰਹੇ ਸਾਂ, ਪੁਰਾਣੀ ਸਿੰਧ ਘਾਟੀ ਦੇ ਪੱਥਰ, ਸਿੱਕੇ, ਭਾਂਡੇ, ਗਹਿਣੇ ਆਦਿ । ਹਰੇਕ ਰਾਜ ਦੀ ਸਭਿਅਤਾ ਬਾਰੇ ਦੱਸਣ ਲਈ ਮੌਡਲ ਉਥੋਂ ਦੇ ਕਪੜੇ, ਡਾਂਸ ਵਗੈਰਾ ਆਦਿ ।

"ਜਲਦੀ ਜਲਦੀ ਕਰੋ, ਜੇ ਏਨਾਂ ਟਾਈਮ ਇਕ ਇਕ ਚੀਜ਼ ਨੂੰ ਵਾਚਣ ਲਈ ਲਾਓਗੇ ਤਾਂ ਗੱਡੀ ਦਾ ਟਾਈਮ ਨਿਕਲ ਜਾਏਗਾ ।" ਉਸਨੇ ਚਿਤਾਵਨੀ ਦਿੱਤੀ । ਪਰ ਮੈਨੂੰ ਤਾਂ ਅਜੀਬ ਜਿਹਾ ਸੁਆਦ ਆ ਰਿਹਾ ਸੀ । ਦਿਲ ਕਰਦਾ ਸੀ, ਨਾ ਦਿਨ ਮੁੱਕੇ, ਨਾ ਘਰ ਜਾਈਏ, ਘੁੰਮਦੇ ਰਹੀਏ, ਨਜ਼ਾਰੇ ਦੇਖਦੇ ਰਹੀਏ । ਜਿਵੇਂ ਇਹਨਾਂ ਨਜ਼ਾਰਿਆਂ 'ਚੋਂ ਇਕ ਦੇਖਣ ਯੋਗ ਬਿੰਦਰ ਵੀ ਹੋਵੇ, ਉਸਦਾ ਸਾਥ ਹੋਵੇ । ਆਖਰ ਉਹ ਕਿਸ ਲਈ ਇਹ ਕਰ ਰਿਹਾ ਹੈ ? ਮੈਨੂੰ ਖੁਸ਼ ਕਰਨ ਲਈ ਕਿ ਇਸਦਾ ਆਉਣਾ ਬੇਕਾਰ ਨਾ ਜਾਏ । ਅਜੀਬ ਜੋੜੀ ਹੈ ਇਹਨਾਂ ਦੀ, ਇਕ ਨਫਰਤ ਕਰਦਾ ਹੈ, ਦੂਸਰਾ ਕਿਸੇ ਨੂੰ ਖੁਸ਼ੀ ਦੇਣ ਲਈ ਆਪਣਾ ਦਿਲ ਤੇ ਸਮਾਂ ਨਿਛਾਵਰ ਕਰ ਦਿੰਦਾ ਹੈ, ਤੇ ਫਿਰ ਅਸੀਂ ਕਾਹਲੀ ਕਾਹਲੀ ਮਹਾਨ ਹਸਤੀਆਂ ਦੀਆਂ ਫੋਟੋਆਂ ਦੇਖ ਕੇ ਬਾਹਰ ਆ ਗਏ ।

ਫਿਰ ਲੋਕਲ ਬੱਸ ਲਈ । ਕੁਦਰਤੀ ਦੋ ਸੀਟਾਂ ਵਾਲੀ ਖਾਲੀ ਸੀਟ ਮਿਲ ਗਈ । ਪਹਿਲੇ ਤਾਂ ਉਹ ਮੇਰੇ ਤੋਂ ਪਰ੍ਹੇ ਹੋ ਕੇ ਬੈਠ ਜਾਂਦਾ ਸੀ । ਇਕ ਸੰਗ ਜਿਹੀ, ਇਕ ਰਿਸ਼ਤਾ ਜਿਹਾ, ਇਕ ਖਲਾਅ ਜਿਹਾ ਬਣ ਕੇ ਰਹਿ ਜਾਂਦਾ ਸੀ । ਸ਼ਾਇਦ ਉਹ ਇਥੇ ਆਪਣੀ ਪਤਨੀ, ਆਪਣੇ ਬੱਚਿਆਂ ਨਾਲ ਜਾਂ ਦੋਸਤਾਂ ਨਾਲ ਕਈ ਵੇਰ ਆਇਆ ਹੋਵੇ । ਪਰ ਮੇਰੇ ਲਈ ਤਾਂ ਇਹ ਇਕ ਨਵਾਂ ਹੁਲਾਰਾ, ਨਵੇਂ ਭਾਵ, ਨਵਾਂ ਰਿਸ਼ਤਾ ਸੀ, ਦੋਸਤੀ ਦਾ ਰਿਸ਼ਤਾ । ਬੱਸ ਵਿਚ ਨਹੀਂ ਜਿਵੇਂ ਕਿਸੇ ਪੀਂਘ ਉਪਰ ਬੈਠੇ ਹੋਈਏ, ਉਸ ਮੇਰੇ ਦੁਆਲੇ ਆਪਣੀ ਬਾਂਹ ਵਲੀ ਹੋਵੇ ਤੇ ਮੈਂ ਸਿਰ ਸੁੱਟ ਕੇ ਉਸਦੇ ਮੋਢਿਆਂ ਉਪਰ ਪਈ ਹੋਵਾਂ ਤੇ ਇਹ ਖਿਆਲ ਇਕ ਦਮ ਪਾਣੀ ਦੇ ਪਰਛਾਵੇਂ ਵਿਚ ਰੋੜਾ ਸੁੱਟਣ ਨਾਲ ਹਿਲ ਗਏ, ਜਦ ਬੱਸ ਦਾ ਅਚਾਨਕ ਹਜੋਕਾ ਵੱਜਾ ਤੇ ਮੈਂ ਸਾਰੀ ਦੀ ਸਾਰੀ ਉਸ ਨਾਲ ਖਹਿ ਗਈ । ਉਹ ! ਇਹ ਕੀ ? ਸਾਰੇ ਉਠ ਕੇ ਦੇਖਣ ਲੱਗੇ, ਬਿੰਦਰ ਵੀ ਉਠਿਆ ਤੇ ਫਿਰ ਬੈਠ ਗਿਆ, "ਬੱਸ ਅੱਗੇ ਇਕ ਕਾਰ ਆ ਗਈ ਸੀ, ਮਸੀਂ ਬਚੀ ।"

ਕਿਸੇ ਦਾ ਨੱਕ ਭੱਜਾ, ਕਿਸੇ ਦਾ ਸਿਰ, ਕਿਸੇ ਦਾ ਮੂੰਹ । ਪਰ ਮੈਨੂੰ ਤਾਂ ਇਹ ਹਜੋਕਾ ਬਹਤੁ ਹੀ ਅੱਛਾ ਲੱਗਾ । ਉਸ ਮੇਰੇ ਮੋਢੇ ਤੇ ਆਪਣਾ ਹੱਥ ਰੱਖਿਆ, ਇਕ ਤਸੱਲੀ ਜਿਹੀ ਹੋਈ । ਹੁਣ ਚਿੜੀਆਂ ਘਰ ਦੇਖਣ ਦੀ ਕੋਈ ਤਮੰਨਾ ਨਹੀਂ ਸੀ ਰਹਿ ਗਈ । ਇਵੇਂ ਹੀ ਬੈਠੇ ਰਹੀਏ, ਸਫਰ ਮੁੱਕੇ ਹੀ ਨਾ । ਉਹ ਮੈਨੂੰ ਇਸ ਵੇਲੇ ਬਹਤੁ ਹੀ ਅੱਛਾ ਲੱਗ ਰਿਹਾ ਸੀ, ਮਹਾਨ ਗੁਣੀ ਗਿਆਨੀ, ਕੋਈ ਸੰਤ ਮਹਾਤਮਾ । ਭਲਾ ਇੰਜ ਇੱਕਲੀ ਜਨਾਨੀ ਨੂੰ ਘੁਮਾਉਣ ਲਈ ਨਾਲ ਲੈ ਜਾਣਾ ਤੇ ਫਿਰ ਉਸਨੂੰ ਛੂਹਣਾ ਤੱਕ ਨਾ ਸ਼ਾਇਦ ਇਕ ਨਫਰਤ ਦਾ ਭੇਦ ਮਿਟਾਉਣ ਲਈ, ਪਿਆਰ ਜਤਾਉਣ ਲਈ, ਇਕ ਆਦਰਸ਼ਕ ਪਿਆਰ, ਰੂਹ ਦਾ ਪਿਆਰ, ਗੂੰਗਾ ਪਿਆਰ ।

ਤੇ ਜਲਦੀ ਹੀ ਅੱਡਾ ਆ ਗਿਆ ਜਿਥੇ ਅਸੀਂ ਉਤਰਨਾ ਸੀ । ਕਿਉਂ ਨਾ ਪਹਿਲੇ ਕੁਝ ਚਾਹ ਪਾਣੀ ਪੀ ਲਈਏ । ਤੇ ਅਸੀਂ ਇਕ ਰੈਸਟੋਰੈਂਟ 'ਚ ਚਲੇ ਗਏ ।

"ਹਾਂ, ਬਈ ਐਕਟਾ ਪਲੇਟ ਬੇਲਪੂਰੀ ਦਾਓ ।"


Academy of the Punjab in North America: http://www.apnaorg.com

"ਅੱਛਾ, ਇਹ ਬੇਲਪੂਰੀ ਹੈ, ਪਰ ਏਨੀਂ ਭਰੀ ਪਲੇਟ ਮੇਰੇ ਲਈ ਜਿਆਦਾ ਹੈ ।"

"ਮੈਂ ਜੁ ਹਾਂ...ਦੋ ਕੱਪ ਚਾਏ ਲਾਓ, ਔਰ ਏਕ ਚਮਚ ਦਾਓ ।"

"ਕੀ ਅੱਛੀ ਲੱਗੀ ?"

"ਹਾਂ ਬਹੁਤ ਸੁਆਦੀ ਹੈ ।"

ਉਹ ਫਿਰ ਥੋਹੜੀ ਦੇਰ ਚੁੱਪ ਚਾਹ ਪੀਂਦੇ ਰਹੇ । ਸੱਚਮੁਚ ਬਹਤੁ ਹੀ ਅੱਛਾ ਲੱਗ ਰਿਹਾ ਹੈ, ਮੇਰੇ ਮੂੰਹੋਂ ਨਿਕਲਿਆ ।

"ਇਹੀ ਤਾਂ ਮੈਂ ਕਹਿਣ ਵਾਲਾ ਸਾਂ । ਮੈਂ ਭੀ ਇੰਨਾਂ ਐਨਜੋਇ ਕਦੀ ਨਹੀਂ ਕੀਤਾ । "ਉਸ ਆਪਣਾ ਹੱਥ ਮੇਰੇ ਹੱਥ ਤੇ ਰੱਖਦਿਆਂ ਕਿਹਾ । "ਤੁਸੀਂ ਬਹੁਤ ਸੋਹਣੇ ਲੱਗ ਰਹੇ ਹੋ ।"

"ਮੈਂ ਤੇ ਸੁਹਣੀ ? ਯਕੀਨ ਨਹੀਂ ਆਉਂਦਾ । ਮੈਨੂੰ ਤਾਂ ਕਦੇ ਕਿਸੇ ਨਹੀਂ ਕਿਹਾ । ਭਰਜਾਈ ਵੀ ਕਿੰਨੀ ਸੁਹਣੀ ਹੈ ।"

"ਸਿਰਫ ਗੋਰਾ ਰੰਗ ਹੀ ਥੋਹੜੇ ਸੁਹਣਾ ਬਣਾਉਂਦਾ ਹੈ ਇਨਸਾਨ ਨੂੰ, ਹੋਰ ਬਹੁਤ ਕੁਝ ਹੈ । ਅੱਖਾਂ ਨੂੰ ਸੁਹਣਾ ਲੱਗਣਾ ਤੇ ਮਨ ਨੂੰ ਸੁਹਣਾ ਲੱਗਣਾ ਕਿ ਅੰਗ ਅੰਗ 'ਚ ਖੁਸ਼ਬੂ ਰਚ ਜਾਏ, ਇਹ ਵੱਖਰੇ ਵੱਖਰੇ ਪਹਿਲੂ ਨੇ ।" ਉਹਨਾਂ ਦਾ ਚਿਹਰਾ ਗੰਭੀਰ ਹੋ ਗਿਆ ਸੀ ਤੇ ਭੂਰੀਆਂ ਅੱਖਾਂ 'ਚ ਸ਼ਾਮ ਦੇ ਮੱਧਮ ਸੂਰਜ ਦੀ ਲਾਲੀ, ਜਿਹੜੀ ਮੈਥੋਂ ਝੱਲੀ ਨਾ ਗਈ ਤੇ ਮੈਂ ਨੀਵੀਂ ਪਾ ਲਈ । ਤੇ ਫਿਰ ਜਿਵੇਂ ਆਪਣੇ ਆਪ ਨੂੰ ਸੰਭਾਲਦਿਆਂ ਉਸ ਕਿਹਾ, "ਜਲਦੀ ਕਰਇਏ, ਟਾਈਮ ਥੋਹੜਾ ਹੀ ਰਹਿ ਗਿਆ ਹੈ ।"

ਤੇ ਜਲਦੀ ਜਲਦੀ ਚਿੜੀਆ ਘਰ ਦੇਖਦੇ ਗਏ । ਬਾਂਦਰ, ਸ਼ੇਰ, ਚਿੱਟੇ ਹਾਥੀ, ਹਿੱਪੋ, ਵੰਨ ਸੁਵੰਨੇ ਰੰਗੀਲੇ ਪੰਛੀ ।

"ਹਾਂ, ਉਥੇ ਇਕ ਮੈਨਾ ਹੈ, ਗੱਲਾਂ ਕਰਦੀ ਹੈ ।"

ਬਿੰਦਰ ਨੇ ਉਸਨੂੰ ਗੁੱਡ ਮਾਰਨਿੰਗ ਤੇ ਹਾਓ ਡੂ ਯੂ ਡੂ ਕਿਹਾ ਤਾਂ ਉਸ ਨੇ ਵੀ ਆਪਣੀ ਮਿੱਠੀ ਅਵਾਜ਼ 'ਚ ਇਵੇਂ ਹੀ ਕਿਹਾ । ਗੰਭੀਰਤਾ ਤੋਂ ਫਿਰ ਵਾਪਸ ਆਏ । ਫਿਰ ਵੱਖ ਵੱਖ ਕਿਸਮਾਂ ਦੇ ਸੱਪ, ਮਗਰਮੱਛ, ਡੱਡੂ, ਮੱਛੀਆਂ ਆਦਿ ਦੇਖੇ ਤੇ ਬਾਹਰ ਆ ਗਏ ।

ਸਟੇਸ਼ਨ ਤੇ ਆਏ ਤਾਂ ਗੱਡੀ ਤਿਆਰ ਸੀ ਤੇ ਘਰ ਪਹੁੰਚਦੇ ਰਾਤ ਨੌਂ ਵੱਜ ਗਏ ।

"ਏਨੀਂ ਦੇਰ ਲਗਾ ਦਿੱਤੀ ?"

"ਲਗ ਈ ਜਾਂਦੀ ਏ" ਤੇ ਹਰਮੀਤ ਨੇ ਉਵੇਂ ਈ ਠੰਢੀ ਜਿਹੀ ਰੋਟੀ ਲਿਆ ਕੇ ਅੱਗੇ ਰੱਖ ਦਿੱਤੀ ।

ਅਗਲੀ ਸਵੇਰ ਉਹਨਾਂ ਦੀਆਂ ਮਿੱਠੀਆਂ ਤੇ ਸਵੇਰ ਦੀਆਂ ਕਿਰਨਾਂ ਜੈਸੀਆਂ ਨਿੱਘੀਆਂ ਯਾਦਾਂ ਲੈ ਕੇ ਵਾਪਸ ਆ ਗਈ ।

ਤੇ ਅੱਜ ਉਹ ਨੁੱਕਰੇ ਲੱਗੀਆਂ ਯਾਦਾਂ ਫਿਰ ਅੱਖਾਂ ਸਾਹਮਣੇ ਘੁੰਮਣ ਲੱਗੀਆਂ ਹਨ ਜਦ ਦੀ ਚਿੱਠੀ ਪੜ੍ਹੀ ਕਿ ਬਿੰਦਰ ਦੀ ਦੋ'ਹ ਗੱਡੀਆਂ ਦੇ ਐਕਸੀਡੈਂਟ 'ਚ ਮੌਤ ਹੋ ਗਈ ਹੈ ।

*****



Academy of the Punjab in North America: http://www.apnaorg.com

## ਪਿਆਰ-ਇਕ ਲਿੱਲੀ ਦਾ ਫੁੱਲ

ਰਜਨੀ ਨੇ ਆਪਣੇ ਨਿੱਘੇ ਸੁਭਾਅ ਕਾਰਨ ਘਰ ' ਸਾਰਿਆਂ ਦਾ ਦਿਲ ਜਿੱਤ ਲਿਆ ਸੀ। ਘਰ 'ਚ ਹਮੇਸ਼ਾਂ ਲੜਕੀ ਦੀ ਘਾਟ ਖਟਕਦੀ ਸੀ। ਇਵੇਂ ਵਹੁਟੀ ਦੇ ਆਉਣ ਨਾਲ ਇਕ ਅਜੀਬ ਜਿਹੀ ਖੁਸ਼ੀ ਫੈਲੀ ਸੀ। ਵਿਵੇਕ ਆਪਣੇ ਭਰਾ ਦੀ ਕਿਸਮਤ 'ਤੇ ਰਸ਼ਕ ਕਰਦਾ, ਜਿਸਨੂੰ ਏਨੀਂ ਪਿਆਰੀ ਸਾਥਣ ਮਿਲੀ ਸੀ। ਵਿਸ਼ਾਲ ਤੇ ਰਜਨੀ ਸੱਜ ਧੱਜ ਕੇ ਖੁਸ਼ਬੂਆਂ ਫੈਲਾਉਂਦੇ ਬਾਹਰ ਜਾਂਦੇ। ਘਰ ਵੀ ਘੰਟਿਆਂ ਬੱਧੀ ਬੈਠ ਕੇ ਗੱਲਾਂ ਕਰਦੇ ਰਹਿੰਦੇ। ਘਰ ' ਕੋਈ ਵੀ ਆਉਂਦਾ ਰਜਨੀ ਹੱਸ ਕੇ ਬੋਲਦੀ, ਆਓ ਭਗਤ ਕਰਦੀ, ਘਰ ਦਾ ਨਿਕਸੁਕ ਸਾਂਭਦੀ, ਰੋਟੀ ਚਾਹ ਬਣਾਉਂਦੀ। ਪਤਾ ਹੀ ਨਾ ਲੱਗਾ ਕਿਹੜੇ ਵੇਲੇ ਦੋ ਮਹੀਨੇ ਲੰਘ ਗਏ। ਵਿਵੇਕ ਦੇ ਭਰਾ ਵਿਸ਼ਾਲ ਨੇ ਕੁਵੈਤ ਤਾਂ ਜਾਣਾ ਹੀ ਸੀ। ਉਹ ਤਾਂ ਬਸ ਦੋ ਮਹੀਨੇ ਦੀ ਛੁੱਟੀ ਲੈ ਕੇ ਆਇਆ ਸੀ। ਫਿਰ ਇਹੋ ਜਿਹਾ ਕੰਮ ਕਿੱਥੇ ਮਿਲਦਾ ਹੈ। ਉਹ ਦੋ ਸਾਲ ਲਾ ਕੇ ਆਇਆ ਸੀ ਤਾਂ ਉਸ ਕਿੰਨ੍ਹਾਂ ਕੁਝ ਹੀ ਲਿਆਂਦਾ ਸੀ-ਸੂਟ, ਸੋਨਾ, ਟੀ. ਵੀ. ਆਦਿ। ਫਿਰ ਪੈਸੇ ਵੀ ਤਾਂ ਕਈ ਵਾਰ ਭੇਜੇ ਸਨ।

ਉਹ ਰਜਨੀ ਨਾਲ ਸਲਾਹ ਕਰਦਾ ਕਿ, "ਮੈਂ ਚਾਰ ਛੇ ਮਹੀਨੇ ਕੰਮ ਕਰਕੇ, ਉਥੇ ਕੋਈ ਮਕਾਨ ਦਾ ਬੰਦੋਬਸਤ ਕਰਕੇ ਤੈਨੂੰ ਲੈ ਜਾਵਾਂਗਾ। ਬੱਸ ਤੂੰ ਥੋਹੜਾ ਚਿਰ ਕਿਸੇ ਤਰ੍ਹਾਂ ਕੱਢ ਲੈ। ਬੇਸ਼ੱਕ ਇਥੇ ਰਹਿ ਤੇ ਚਾਹੇ ਪੇਕੇ ਰਹਿ ਲੈ, ਜਿਵੇਂ ਤੇਰੀ ਮਰਜੀ। ਮੈਥੋਂ ਵੀ ਕਿਹੜਾ ਏਨਾਂ ਚਿਰ ਤੇਰੇ ਬਿਨਾਂ ਸੌਖਾ ਨਿਕਲਣਾ ਹੈ। ਫਿਰ ਤੇਰਾ ਵੀਜਾ ਵੀ ਇੰਨੀ ਜਲਦੀ ਨਹੀਂ ਮਿਲਣਾ। ਵੈਸੇ ਮੈਂ ਕੋਸ਼ਿਸ਼ ਕਰਾਂਗਾ ਜਲਦੀ ਆਉਣ ਦੀ।" ਤੇ ਉਹ ਰਜਨੀ ਨੂੰ ਹੌਂਸਲਾ ਦੁਆਉਂਦਾ ਭਾਰੇ ਮਨ ਨਾਲ ਚਲਾ ਗਿਆ।

"ਆ ਗਿਐਂ ਵਿਵੇਕ, ਰੋਟੀ ਲਿਆਵਾਂ ?" ਰਜਨੀ ਨੇ ਆਪਣੇ ਦਿਉਰ ਨੂੰ ਕਾਲਿਜ ਤੋਂ ਆਉਂਦੇ ਨੂੰ ਪੁੱਛਿਆ।

"ਮੈਂ ਨਹਾ ਕੇ ਆਉਨਾਂ।" ਤੇ ਰਜਨੀ ਰੋਟੀ ਗਰਮ ਕਰਨ ਲੱਗ ਪਈ। ਉਸਦੇ ਆਉਂਦਿਆਂ ਨੂੰ ਰੋਟੀ ਮੇਜ 'ਤੇ ਪਈ ਸੀ ਤੇ ਉਹ ਖਾਣ ਲਗ ਗਿਆ। "ਵਾਹ ! ਭਾਬੀ ਰੋਟੀ ਤਾਂ ਬਹੁਤ ਹੀ ਸੁਆਦੀ ਬਣਾਈ ਹੈ, ਦਿਲ ਕਰਦਾ ਏ ਕਿ ਖਾਈ ਹੀ ਜਾਵਾਂ।"

"ਤੂੰ ਖਾਣ ਵਾਲਾ ਬਣ ਦੋ ਰੋਟੀਆਂ ਖਾ ਕੇ ਬੱਸ ਕਰ ਦਿੰਨੈ, ਤੇਰੇ ਵਰਗੇ ਤਾਂ ਚਾਰ-ਪੰਜ ਫੁਲਕੇ ਖਾ ਜਾਂਦੇ ਨੇ।"

"ਅੱਛਾ ਲਿਆ ਇਕ ਹੋਰ ਦੇ ਦੇਹ।"

"ਬੱਸ ?"

"ਲੈ, ਸਗੋਂ ਮੈਂ ਵੱਧ ਖਾ ਲਈ ਹੈ।"

ਵਿਵੇਕ ਕੋਈ ਮੈਗਜੀਨ ਪੜ੍ਹ ਰਿਹਾ ਸੀ ਤੇ ਰਜਨੀ ਬਾਹਰ ਧੁੱਪੇ ਬੈਠੀ ਸਵੈਟਰ ਉਣ ਰਹੀ ਸੀ। ਉਸਦਾ ਧਿਆਨ ਤਾਂ ਸਵੈਟਰ ਦੇ ਘਰੇ ਗਿਣਨ ਵਲ ਸੀ ਪਰ ਵਿਵੇਕ ਦਾ ਧਿਆਨ ਪੜ੍ਹਣ 'ਚ ਕਿੱਥੇ ਸੀ, ਉਹ ਆਪਣੇ ਕਮਰੇ ਦੀ ਬਾਰੀ 'ਚੋਂ ਬਾਰ ਬਾਰ ਰਜਨੀ ਵਲ ਦੇਖਦਾ। ਉਸਦਾ ਨੱਕ, ਅੱਖਾਂ, ਚਿਹਰਾ, ਗੋਰਾ ਰੰਗ, ਉਸਦੇ ਬੈਠਣ ਉਠਣ ਦੇ


Academy of the Punjab in North America: http://www.apnaorg.com

ਅੰਦਾਜ਼ ਉਸਨੂੰ ਬਹੁਤ ਹੀ ਚੰਗੇ ਲੱਗਦੇ । ਇਵੇਂ ਉਸ ਕਦੇ ਵੀ ਕਿਸੇ ਲੜਕੀ ਵਲ ਨਹੀਂ ਸੀ ਦੇਖਿਆ । ਪਰ ਇਹ ਤਾਂ ਅੰਦਰੋਂ ਅੰਦਰ ਉਸਦੇ ਦਿਲ ਦਿਮਾਗ ਤੇ ਛਾਈ ਜਾ ਰਹੀ ਸੀ ।

ਪਹਿਲੇ ਤਾਂ ਉਸ ਨਾਲ ਸ਼ਰਾਰਤ ਨਾਲ ਹੀ ਬੋਲਦਾ, ਜਿਵੇਂ ਰਜਨੀ ਜ਼ਰਾ ਚੁੱਪ ਬੈਠੀ ਹੁੰਦੀ ਤਾਂ ਕਹਿੰਦਾ, "ਕੀ ਗੱਲ ਭਾਬੀ, ਭਰਾ ਦੀ ਯਾਦ ਆ ਰਹੀ ਏ, ਕੋਈ ਨਹੀਂ ਜਲਦੀ ਆ ਜਾਣਗੇ । ਮਹੀਨਾ ਤਾਂ ਲੰਘ ਵੀ ਗਿਆ ਏ ।" ਫਿਰ ਜਦ ਰਜਨੀ ਕਹਿੰਦੀ ਕਿ, "ਅੱਜ ਤਾਂ ਥੱਕ ਗਈ ਹਾਂ, ਕੁਝ ਖਾਣ ਤੇ ਦਿਲ ਨਹੀਂ ਕਰਦਾ, ਜੋ ਖਾਂਦੀ ਹਾਂ ਬਾਹਰ ਆਉਂਦਾ ਹੈ ।"

"ਉਹੋ, ਪੇਕੇ ਕੋਈ ਕੰਮ ਨਹੀਂ ਨਾ ਕੀਤਾ ਹੋਣਾ, ਕੋਈ ਨਹੀਂ ਹੌਲੀ ਹੌਲੀ ਆਦਤ ਪੈ ਜਾਏਗੀ" ਆਦਿ ।

ਲੇਕਿਨ ਹੌਲੀ ਹੌਲੀ ਵਿਵੇਕ ਨੂੰ ਭਾਬੀ ਨਾਲ ਹਮਦਰਦੀ ਹੋਣ ਲੱਗੀ । ਉਹ ਜਦ ਵੀ ਕੋਈ ਕੰਮ ਕਰ ਰਹੀ ਹੁੰਦੀ, "ਲਿਆ ਭਾਬੀ ਮੈਂ ਮਦਦ ਕਰਵਾ ਦੇਵਾਂ । ਮੈਂ ਸੱਚ ਕਹਿਨਾਂ ਮਖੌਲ ਨਹੀਂ ਕਰਦਾ । ਲਿਆ ਅੱਜ ਮੈਂ ਸਬਜ਼ੀ ਕੱਟ ਕੇ ਦੇਖਾਂ, ਮੈਨੂੰ ਆਟਾ ਵੀ ਗੁੰਨ੍ਹਣਾ ਆਉਂਦਾ ਹੈ, ਭਾਂਡੇ ਧੋ ਦਿੰਦਾ ਹਾਂ" ਆਦਿ ।

"ਵੇ ਤੂੰ ਕੰਮ ਕਰਦਾ ਚੰਗਾ ਲੱਗਦੈਂ । ਲੋਕ ਕੀ ਕਹਿਣਗੇ, ਇਹ ਕਿਵੇਂ ਦੀ ਭਾਬੀ ਹੈ, ਦਿਉਰ ਕੋਲੋਂ ਕੰਮ ਕਰਵਾਉਂਦੀ ਹੈ । ਚਲ ਹਟ, ਮੈਂ ਕਰ ਲੈਂਦੀ ਹਾਂ ।" ਰਜਨੀ ਉਸਨੂੰ ਧੱਫਾ ਮਾਰ ਕੇ ਕਹਿੰਦੀ । ਪਰ ਇਹ ਵਿਵੇਕ ਨੂੰ ਬਹੁਤ ਹੀ ਅੱਛਾ ਲੱਗਦਾ ।

ਵਿਵੇਕ ਕਿਸੇ ਵੀ ਤਰ੍ਹਾਂ ਆਪਣੀ ਭਾਬੀ ਦੇ ਨੇੜੇ ਹੋਣ ਦੀ ਕੋਸ਼ਿਸ਼ ਕਰਦਾ । ਇਕੇਰਾਂ ਉਹ ਸਿਰ ਧੋ ਕੇ ਸੁਕਾਉਣ ਲਈ ਉਪਰ ਚੜ੍ਹ ਗਿਆ ਤੇ ਫਿਰ ਥੱਲੇ ਆਇਆ । ਭਾਬੀ ਨੇ ਚਾਹ ਬਣਾ ਕੇ ਰੱਖੀ ਸੀ । "ਐ ਲੈ ਫੜ੍ਹ ਚਾਹ ਪੀ ਲੈ ।"

"ਇਕ ਮਿੰਟ ਭਾਬੀ ਜ਼ਰਾ ਦੇਖੀਂ ਮੇਰੇ ਸਿਰ 'ਚ ਸਿਕਰੀ ਤਾਂ ਨਹੀਂ । ਕਦੇ ਕਦੇ ਖੁਰਕ ਜਿਹੀ ਹੁੰਦੀ ਐ ।"

ਰਜਨੀ ਸਿਰ ਫਰੋਲਣ ਲੱਗੀ । ਭਾਬੀ ਦੀਆਂ ਨਰਮ ਕੂਲੀਆਂ ਉਂਗਲਾਂ ਜਿਉਂ ਜਿਉਂ ਉਸਦੇ ਚੀਰਾਂ 'ਚ ਫਿਰਦੀਆਂ ਉਸਨੂੰ ਅਨੋਖਾ ਜਿਹਾ ਕੋਈ ਸਵਰਗੀ ਝੂਟਾ ਆਉਂਦਾ ਲੱਗਾ ਪਰ ਇਹ ਸਵਾਦ ਬਹੁਤਾ ਚਿਰ ਨਾ ਰਿਹਾ । "ਕੋਈ ਖਾਸ ਨਹੀਂ ਹੈ, ਐਵੇਂ ਮਾਮੂਲੀ ਜਿਹੀ ਹੈ, ਕੰਘੀ ਫੇਰਨ ਨਾਲ ਹਟ ਜਾਏਗੀ ।" ਇਹਨਾਂ ਬੋਲਾਂ ਨਾਲ ਉਹ ਚੌਂਕਿਆ, ਉਹ ! ਮੈਨੂੰ ਤਾਂ ਨੀਂਦ ਹੀ ਆਉਂਦੀ ਜਾਂਦੀ ਸੀ ।

"ਚਾਹ ਠੰਢੀ ਹੋ ਗਈ, ਪੀ ਲੈ ਪਹਿਲਾਂ । ਨਹੀਂ ਤਾਂ ਮੈਂ ਗਰਮ ਕਰ ਲਿਆਉਂਦੀ ਹਾਂ ।" "ਨਹੀਂ ਨਹੀਂ, ਕੋਈ ਲੋੜ ਨਹੀਂ" ਤੇ ਉਹ ਦੋਵੇਂ ਚਾਹ ਪੀਣ ਲੱਗੇ । ਕਦੇ ਰਜਨੀ ਉਸ ਵੱਲ ਦੇਖਦੀ ਤੇ ਕਦੇ ਵਿਵੇਕ ਰਜਨੀ ਵਲ ਦੇਖਦਾ ਤੇ ਕਦੇ ਦੋਹਾਂ ਦੀਆਂ ਨਜ਼ਰਾਂ ਮਿਲ ਜਾਂਦੀਆਂ । "ਆਹ ! ਚਾਹ ਕਿੰਨੀ ਸੁਆਦ ਹੈ ।" ਵਿਵੇਕ ਨੇ ਚੁੱਪ ਤੋੜੀ ਤੇ ਫਿਰ ਉਸ ਭਾਬੀ ਦਾ ਹੱਥ ਫੜ ਲਿਆ । ਰਜਨੀ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਵਿਵੇਕ ਨੇ ਜਲਦੀ ਨਾਲ ਉਸਦਾ ਹੱਥ ਚੁੰਮ ਲਿਆ । ਉਹ ਕੁਝ ਸ਼ਰਮਾਅ ਜਿਹੀ ਗਈ ਤੇ ਉੱਠ ਕੇ ਰਸੋਈ 'ਚ ਚਲੀ ਗਈ । ਮਗਰੇ ਵਿਵੇਕ ਚਲਾ ਗਿਆ, "ਭਾਬੀ ਬੁਰਾ ਲੱਗਾ ?" ਰਜਨੀ ਚੁੱਪ ਰਹੀ ।

"ਮੈਂ ਕੀ ਕਰਾਂ, ਤੂੰ ਮੈਨੂੰ ਬਹੁਤ ਹੀ ਚੰਗੀ ਲੱਗਦੀ ਏਂ, ਦਿਲ ਤਾਂ ਕਰਦਾ ਤੈਨੂੰ


Academy of the Punjab in North America: http://www.apnaorg.com

ਜੱਫੀ 'ਚ ਘੁੱਟ ਲਵਾਂ ।"

"ਤੂੰ ਚਲ ਆਪਣੀ ਪੜ੍ਹਾਈ ਕਰ, ਕੋਈ ਆ ਜਾਏਗਾ ।" ਤੇ ਰਜਨੀ ਭਾਂਡੇ ਧੋਣ ਲੱਗ ਗਈ ।

ਅਸਲ 'ਚ ਰਜਨੀ ਪਹਿਲੇ ਦਿਨੋਂ ਹੀ ਵਿਵੇਕ ਨੂੰ ਚਾਹੁਣ ਲੱਗੀ ਸੀ, ਜਦ ਦਾ ਹੀ ਉਸਨੂੰ ਦੇਖਿਆ । ਵਿਸ਼ਾਲ ਨਾਲ ਉਸਦਾ ਠਾਕਾ ਲਗ ਰਿਹਾ ਸੀ । ਪਰ ਉੱਚਾ ਲੰਬਾ, ਸਡੌਲ ਵਿਵੇਕ ਉਸਨੂੰ ਜਿਆਦਾ ਜਚ ਰਿਹਾ ਸੀ ਪਰ ਉਹ ਬੋਲੇ ਤਾਂ ਕਿਵੇਂ ? ਵਿਸ਼ਾਲ ਵੀ ਤਾਂ ਕਿੰਨਾਂ ਨੇਕ, ਘੱਟ ਬੋਲਣ ਵਾਲਾ ਅੱਛਾ ਸੀ । ਉਸਨੂੰ ਇੰਜ ਨਹੀਂ ਸੋਚਣਾ ਚਾਹੀਦਾ । ਅਜੇ ਉਸਨੇ ਉਸਦਾ ਦੇਖਿਆ ਵੀ ਕੀ ਹੈ ? ਜਿਸ ਨਾਲ ਉਸਦੇ ਮਾਪੇ ਸ਼ਾਦੀ ਕਰ ਰਹੇ ਨੇ, ਫੁੱਲ ਚੜ੍ਹਾਉਣੇ ਚਾਹੀਦੇ ਹਨ । ਪਿੰਡ ਦਾ ਸਭਿਆਚਾਰ ਵੀ ਇਹੀ ਮੰਗ ਕਰਦਾ ਸੀ । ਤੇ ਹੁਣ ਜਦ ਵਿਸ਼ਾਲ ਦੀ ਗੈਰ ਹਾਜ਼ਰੀ 'ਚ ਵਿਵੇਕ ਦੀ ਹੋਂਦ 'ਚ ਉਸਨੂੰ ਇਕੱਲਿਆਂ ਰਹਿਣਾ ਪੈ ਰਿਹਾ ਏ ਤਾਂ ਉਸਦੀ ਅੰਤਰਪ੍ਰੇਰਣਾ 'ਚੋਂ ਦੱਬੀ ਚਾਹਤ ਦੀ ਚੰਗਿਆੜੀ ਨੂੰ ਹਵਾ ਲੱਗਦੀ ਜਾਪਦੀ ਸੀ । ਉਹ ਵੀ ਤਾਂ ਕਿਹੜਾ ਘੱਟ ਕਰਦਾ ਏ । ਕਦੇ ਮੇਰਾ ਹੱਥ ਚੁੰਮ ਲੈਂਦਾ ਏ । ਜਿਹੜੀ ਚੀਜ਼ ਦੀ ਮੰਗ ਕਰਦੀ ਹਾਂ, ਝੱਟ ਬਜ਼ਾਰੋਂ ਲਿਆ ਦਿੰਦਾ ਏ । ਜ਼ਰਾ ਕੁ ਵੀ ਤਕਲੀਫ ਹੁੰਦੀ ਏ ਤਾਂ ਡਾਕਟਰ ਨੂੰ ਪੁੱਛ ਕੇ ਦੁਆਈ ਲੈ ਆਉਂਦਾ ਏ, ਮੇਰੇ ਨਾਲ ਕੰਮ ਕਰਵਾਉਣ ਲੱਗ ਜਾਂਦਾ ਏ । ਉਹ ! ਰੱਬ ਖੈਰ ਕਰੇ ।

ਇਕੇਰਾਂ ਰਜਨੀ ਕੱਪੜੇ ਧੋ ਰਹੀ ਸੀ ਤਾਂ ਨਲਕੇ ਤੋਂ ਬਾਹਰ ਨਿਕਲਣ ਲੱਗੀ, ਕਿਤੇ ਤਿਲਕ ਪਈ, ਪੈਰ 'ਚ ਮਚਕੋੜ ਆ ਗਈ, ਤੁਰਨਾ ਮੁਸ਼ਕਲ ਹੋ ਗਿਆ । ਇਹ ਦੇਖ ਵਿਵੇਕ ਭੱਜਾ ਆਇਆ ਤੇ ਉਸਨੂੰ ਚੁੱਕ ਕੇ ਲੈ ਗਿਆ ਤੇ ਮੰਜੇ ਤੇ ਲਿਟਾ ਦਿੱਤਾ । ਜਲਦੀ ਨਾਲ ਰੀਲੈਕਸਲ ਟਿਊਬ ਲੈ ਆਇਆ ਤੇ ਮਲਣ ਲਗ ਗਿਆ । ਰਜਨੀ ਦੇ ਦਰਦ ਹੋ ਰਹੀ ਸੀ ਪਰ ਉਸਨੂੰ ਅਰਾਮ ਵੀ ਮਿਲ ਰਿਹਾ ਸੀ । ਉਹ ਥੋਹੜੀ ਨਿਢਾਲ ਹੋ ਕੇ ਅੱਖਾਂ ਮੀਟ ਕੇ ਪਈ ਰਹੀ । ਫਿਰ ਵਿਵੇਕ ਰਸੋਈ 'ਚੋਂ ਗਰਮ ਗਰਮ ਦੁੱਧ ਲੈ ਕੇ ਆ ਗਿਆ ਤੇ ਬਦੋਬਦੀ ਰਜਨੀ ਨੂੰ ਉਠਾ ਕੇ ਪਿਲਾਇਆ, "ਤੂੰ ਮੇਰੇ ਲਈ ਏਨੀਂ ਖੇਚਲ ਕਿਉਂ ਕਰ ਰਿਹਾ ਏਂ ?"

ਥੋਹੜੀ ਦੇਰ ਰੁਕ ਕੇ "ਪਤਾ ਨਹੀਂ ।" ਥੋਹੜੀ ਦੇਰ ਦੋਨੋਂ ਚੁੱਪ ਰਹੇ ਤੇ ਫਿਰ ਵਿਵੇਕ ਨੇ ਰਜਨੀ ਨੂੰ ਆਪਣੀਆਂ ਬਾਹਾਂ 'ਚ ਘੁੱਟ ਲਿਆ ਤੇ ਨਾਲ ਨਾਲ ਉਸਦਾ ਸਿਰ ਪਲੋਸਣ ਲੱਗਾ । ਮਸਤ ਹੋਈ ਰਜਨੀ ਨੇ ਵੀ ਆਪਣਾ ਸਿਰ ਵਿਵੇਕ ਦੀ ਛਾਤੀ ਨਾਲ ਲਗਾ ਲਿਆ ।

ਇਵੇਂ ਦਿਨੋਂ ਦਿਨ ਉਹ ਇਕ ਦੂਸਰੇ ਦੇ ਨੇੜੇ ਹੁੰਦੇ ਗਏ । ਹੁਣ ਵਿਵੇਕ ਐਵੇਂ ਹੀ ਖੁਲ੍ਹ ਲੈ ਲੈਂਦਾ । ਕਦੇ ਰਜਨੀ ਦੇ ਪੱਟਾਂ ਤੇ ਸਿਰ ਰੱਖ ਕੇ ਪੈ ਜਾਂਦਾ । ਇਕੇਰਾਂ ਰਜਨੀ ਨੂੰ ਏਨੈ ਜ਼ੋਰ ਦੀ ਘੁੱਟਿਆ--ਉਹ ਵਿਵੇਕ--ਰਜਨੀ ਦੇ ਸਾਰੇ ਸਰੀਰ 'ਚ ਕੰਬਣੀ ਛਿੜ ਗਈ, "ਬੁਰਾ ਲੱਗਾ ?" ਰਜਨੀ ਚੁੱਪ ਚਾਪ ਅੰਦਰ ਜਾ ਕੇ ਮੰਜੇ ਤੇ ਡਿੱਗ ਪਈ । ਉਸਦੇ ਪਿੱਛੇ ਹੀ ਵਿਵੇਕ ਚਲਾ ਗਿਆ । ਅੱਜ ਉਸਨੂੰ ਵੀ ਪਤਾ ਨਹੀਂ ਕੀ ਹੋਇਆ ਰਜਨੀ ਨੂੰ ਮਦਹੋਸ਼ੀ ਵਿਚ 'ਚ ਚੁੰਮਦਾ ਹੋਇਆ ਉਸ ਨਾਲ ਹੀ ਲੇਟ ਗਿਆ ਤੇ ਦੋਵੇਂ ਕਿੰਨਾ ਚਿਰ ਇਕ ਦੂਜੇ 'ਚ ਗਵਾਚੇ ਰਹੇ ਤੇ ਫਿਰ ਇਕ ਦੂਜੇ 'ਚ ਸਮਾ ਗਏ, ਕਿਸੇ ਅਗੰਮੀ ਸੁਆਦ 'ਚ ਲਪੇਟੇ ਗਏ, ਜਿਵੇਂ ਸਦੀਆਂ ਦੇ ਪਿਆਸੇ ਹੋਏ ਤ੍ਰਿਪਤ ਹੋ ਗਏ ਹੋਣ । ਤੇ ਜਦ ਇਸ ਅਨੰਦਮਈ ਹਾਲਤ 'ਚੋਂ ਪਰਤੇ ਤਾਂ ਰਜਨੀ ਕਹਿਣ ਲੱਗੀ, "ਇਹ ਕੰ ਚੰਗਾ ਨਹੀਂ


Academy of the Punjab in North America: http://www.apnaorg.com

ਹੋਇਆ, ਜੇ ਕਿਸੇ ਨੂੰ ਪਤਾ ਲੱਗ ਗਿਆ ਤਾਂ--"

"ਤਾਂ ਕੀ ਦੋ ਰੂਹਾਂ ਤੜਪਦੀਆਂ ਰਹਿਣ ? ਮੈਨੂੰ ਪਤਾ ਹੈ ਮੰਮੀ ਗੁਰਦੁਆਰੇ ਜਾਂਦੇ ਹਨ ਤਾਂ ਢਾਈ ਤਿੰਨ ਘੰਟੇ ਲੱਗ ਹੀ ਜਾਂਦੇ ਨੇ । ਉਹਨਾਂ ਕੀਰਤਨ ਸੁਣਨਾ, ਰਹਿਰਾਸ ਸੁਣਨੀ, ਸੇਵਾ ਕਰਨੀ ਆਦਿ ਉਹਨਾਂ ਦੇ ਜਰੂਰੀ ਕੰਮਾਂ 'ਚੋਂ ਹਨ.।

"ਓਹੋ ! ਹੁਣ ਤਾਂ ਉਹ ਆਉਣ ਹੀ ਵਾਲੇ ਨੇ, ਮੈਂ ਰੋਟੀ ਬਣਾਵਾਂ ਜਾ ਕੇ" ਤੇ ਉਹ ਰਸੋਈ 'ਚ ਚਲੀ ਗਈ ।

ਵਿਸ਼ਾਲ ਨੂੰ ਗਿਆਂ ਕੋਈ ਚਾਰ ਕੁ ਮਹੀਨੇ ਹੋ ਗਏ ਸਨ । ਪਹਿਲੇ ਪਹਿਲ ਤਾਂ ਉਹ ਜਲਦੀ ਜਲਦੀ ਫੋਨ ਕਰਦਾ ਤਕਰੀਬਨ ਹਫਤੇ ਬਾਅਦ ਜਾਂ ਹਫਤੇ 'ਚ ਦੋ ਵਾਰੀ ਵੀ ਫੋਨ ਆ ਹੀ ਜਾਂਦਾ ਸੀ ਪਰ ਹੁਣ ਮਹੀਨੇ 'ਚ ਸਿਰਫ ਇਕ ਜਾਂ ਦੋ ਵਾਰੀ ਫੋਨ ਕਰਦਾ । ਹਰ ਫੋਨ 'ਚ ਕਹਿੰਦਾ ਕਿ "ਤੂੰ ਮੈਨੂੰ ਬਹੁਤ ਯਾਦ ਆਉਂਦੀ ਹੈਂ, ਮੈਂ ਤੈਨੂੰ ਇਕੱਲੀ ਨੂੰ ਛੱਡ ਗਿਆ, ਪਰ ਮੈਂ ਮਜਬੂਰ ਸੀ, ਤੇਰਾ ਵੀਜ਼ਾ ਨਹੀਂ ਸੀ ਮਿਲ ਸਕਿਆ । ਬਸ ਦੋ ਕੁ ਮਹੀਨੇ ਹੋਰ ਇੰਤਜਾਰ ਕਰ ਲੈ, ਦਰਅਸਲ ਇਹੋ ਜਿਹਾ ਕੰਮ ਹੋਰ ਕਿਤੇ ਲੱਭਣਾ ਨਹੀਂ । ਹੋਰ, ਕੀ ਵਿਵੇਕ ਆਪਣੇ ਕੋਰਸ ਦੀ ਪੜ੍ਹਾਈ ਕਰ ਰਿਹਾ ਏ ਨਾ ? ਬੀ ਜੀ ਦਾ ਕੀ ਹਾਲ ਹੈ ? ਆਪਣੀ ਸਿਹਤ ਦਾ ਖਿਆਲ ਰੱਖੀਂ" ਆਦਿ । ਰਜਨੀ ਅੱਗੋਂ ਹੂੰ ਹਾਂ ਕਰ ਛੱਡਦੀ ।

ਜਿਉਂ ਜਿਉਂ ਵਿਸ਼ਾਲ ਦੇ ਆਉਣ ਦਾ ਸਮਾਂ ਨੇੜੇ ਆਉਂਦਾ ਗਿਆ । ਰਜਨੀ ਦੇ ਦਿਨ ਰਾਤ ਦਾ ਚੈਨ ਹਰਾਮ ਹੋਣ ਲੱਗਾ । ਉਹ ਡੂੰਘੀਆਂ ਸੋਚਾਂ 'ਚ ਧਸਦੀ ਜਾਂਦੀ । ਏਨੀਂ ਗੰਭੀਰ ਤਾਂ ਉਹ ਅੱਜ ਤੱਕ ਨਹੀਂ ਸੀ ਹੋਈ । ਉਹ ਜਦ ਵੀ ਬਹੁਤੀ ਔਖੀ ਹੁੰਦੀ ਆਸਰਾ ਉਸਨੂੰ ਵਿਵੇਕ ਦੀਆਂ ਬਾਹਾਂ 'ਚ ਹੀ ਮਿਲਦਾ । ਉਹਨਾਂ ਦੇ ਪਿਆਰ ਦਾ ਰੰਗ ਹੋਰ ਗੂੜ੍ਹਾ ਹੁੰਦਾ ਜਾਂਦਾ । ਕਿਸੇ ਤੂਫਾਨ ਦੇ ਆਉਣ ਦਾ ਅਹਿਸਾਸ ਉਹਨਾਂ ਦੋਹਾਂ ਨੂੰ ਹੁੰਦਾ । ਉਹ ਦੋਵੇਂ ਭੈ-ਭੀਤ ਹੋਏ ਇਕ ਦੂਸਰੇ ਦੀਆਂ ਨਜਰਾਂ 'ਚੋਂ ਹੱਲ ਲੱਭਦੇ ਉਹ ਕਿਸੇ ਹਨ੍ਹੇਰੀ ਗੁਫਾ 'ਚ ਲੁਕ ਜਾਣਾ ਚਾਹੁੰਦੇ ਸਨ । ਕਿਤੇ ਦੂਰ ਭੱਜ ਜਾਣ ਦਾ ਖਿਆਲ ਵੀ ਆਉਂਦਾ ।

ਫਿਰ ਰਜਨੀ ਸੋਚਦੀ, ਆਖਰ ਵਿਸਾਲ ਦਾ ਵੀ ਕੀ ਕਸੂਰ ? ਉਸਨੂੰ ਮੈਂ ਧੋਖਾ ਦਿਆਂ । ਉਸ ਨਾਲ ਤਾਂ ਮੇਰੀ ਸ਼ਾਦੀ ਹੋਈ ਹੈ, ਸਭ ਦੇ ਸਾਹਮਣੇ, ਗੁਰੂ ਗਰੰਥ ਸਹਿਬ ਅੱਗੇ, ਉਹ ਕਮਾਊ ਹੈ, ਪਰਦੇਸਾਂ 'ਚ ਇਕੱਲਾ ਰਹਿ ਰਿਹਾ ਹੈ । ਏਨੀਂ ਦੂਰ ਕਮਾਈ ਦੀ ਖਾਤਿਰ ਹੀ ਤਾਂ ਗਿਆ ਹੈ । ਜੋ ਕੁਝ ਵੀ ਅਸੀਂ ਖਰਚ ਕਰ ਰਹੇ ਹਾਂ, ਉਸੇ ਦੀ ਬਦੌਲਤ ਤਾਂ ਹੈ । ਵਿਵੇਕ ਤਾਂ ਅਜੇ ਆਪਣੇ ਪੈਰਾਂ ਤੇ ਖੜਾ ਨਹੀਂ ਹੋਇਆ । ਕਦੋਂ ਇਸਦਾ ਕੋਰਸ ਖਤਮ ਹੋਣਾ ਹੈ ਤੇ ਕਦੋਂ ਨੌਕਰੀ ਲੱਗਣਾ ਹੈ । ਵੈਸੇ ਵਿਸ਼ਾਲ ਵੀ ਤਾਂ ਆਖਰ ਮੈਨੂੰ ਪਿਆਰ ਕਰਦਾ ਹੈ । ਪਰ ਵਿਵੇਕ ਦੇ ਪਿਆਰ ਵਿਚ ਕੋਈ ਅਜੀਬ ਹੀ ਨਸ਼ਾ ਹੈ, ਆਪਣਾਪਣ ਹੈ । ਖ਼ੈਰ ਯਾਦ ਰਹਿਣਗੇ ਇਹ ਪਲ ਭੀ ਉਹ ਇਕ ਹੌਕਾ ਜਿਹਾ ਭਰਦੀ ।

ਤੇ ਉਹ ਦਿਨ ਵੀ ਚੜ੍ਹ ਗਿਆ ਜਦ ਵਿਸ਼ਾਲ ਆ ਗਿਆ ਭਾਰੇ ਭਾਰੇ ਤਿੰਨ ਚਾਰ ਅਟੈਚੀ ਲੈ ਕੇ । ਉਹ ਸਭ ਨੂੰ ਘੁੱਟ ਘੁੱਟ ਮਿਲਿਆ । ਹਰੇਕ ਲਈ ਕੁਝ ਨਾ ਕੁਝ ਲੈ ਕੇ ਆਇਆ । ਇਕ ਵੱਡਾ ਸੀ. ਡੀ. ਪਲੇਅਰ ਵੀ ਲਿਆਇਆ । ਫਿਰ ਉਹ ਰਜਨੀ ਨਾਲ ਆਪਣੇ ਕਮਰੇ 'ਚ ਸਮਾਨ ਲੈ ਕੇ ਗਿਆ । ਸਮਾਨ ਰੱਖਦਿਆਂ ਹੀ ਰਜਨੀ ਨੂੰ ਬਾਹਾਂ 'ਚ ਲਿਆ, ਉਸਦੇ ਚੁੰਮਣ ਲਏ, "ਤੂੰ ਤਾਂ ਸੱਚਮੁਚ ਅੱਗੇ ਨਾਲੋਂ ਵੀ ਨਿੱਖਰੀ ਹੋਈ ਏਂ । ਔਹ ਦੇਖ ਮੈਂ ਤੇਰੇ ਲਈ ਨਗਾਂ ਵਾਲੇ ਸੋਨੇ ਦੇ ਟੌਪਸ ਤੇ ਗਾਨੀ ਲਿਆਇਆਂ ।" ਰਜਨੀ ਨੇ ਦੇਖਿਆ ਕਿ ਟੌਪਸ ਕਿਵੇਂ ਹੀਰਿਆਂ ਵਾਂਗ ਚਮਕ ਰਹੇ ਸਨ । ਗਾਨੀ ਵੀ ਕਿੰਨੀ ਭਾਰੀ ਏ,


Academy of the Punjab in North America: http://www.apnaorg.com

ਆਹ ਸਾੜੀ, ਆਹ ਸੂਟ ਤੇ ਸ਼ਾਲ। ਉਹ ਕਿੰਨੇ ਸ਼ੌਂਕ ਨਾਲ ਉਸ ਲਈ ਗਿਫਟ ਲੈ ਕੇ ਆਇਆ ਸੀ। "ਕਿਹੜੀਆਂ ਸੋਚਾਂ 'ਚ ਪੈ ਗਈ ਏਂ ਮੈ ਤੈਨੂੰ ਕਿਵੇਂ ਦੱਸਾ ਕਿ ਤੇਰਾ ਅਭਾਵ, ਤੇਰੀ ਅਣਹੋਂਦ ਨੂੰ ਮੈਂ ਕਿਵੇਂ ਬੁਰੀ ਤਰ੍ਹਾਂ ਮਹਿਸੂਸ ਕਰਦਾ ਰਿਹਾ ਸਾਂ। ਕਦੇ ਵਿਚਾਰ ਆਉਂਦਾ ਕਿ ਇਥੇ ਹੀ ਕੋਈ ਕਾਰੋਬਾਰ ਕਰਾਂ, ਉਥੋਂ ਦੀ ਨੌਕਰੀ ਛੱਡ ਦੇਵਾਂ ਪਰ ਫਿਰ ਸੋਚਿਆ ਕਿ ਜਿੰਨ੍ਹਾਂ ਚਿਰ ਕੰਮ ਮਿਲਦਾ ਹੈ ਕਰੀ ਜਾਵਾਂ। ਮੇਰੇ ਮਾਲਕ ਮੇਰੇ ਕੰਮ ਤੋਂ ਬੜੇ ਖੁਸ਼ ਨੇ। ਅਸਲ 'ਚ ਤੈਨੂੰ ਮੈਂ ਲੈਣ ਹੀ ਆਇਆ ਹਾਂ। ਬਸ ਇਕ ਮਹੀਨੇ ਦੀ ਛੁੱਟੀ ਹੈ ਤੇ ਗੱਲਾਂ ਕਰਦੇ ਕਰਦੇ ਉਸ ਰਜਨੀ ਨੂੰ ਕਈ ਵੇਰ ਗਲਵਕੜੀ ਪਾਈ ਤੇ ਚੁੰਮਣ ਲਏ। "ਉਹ ਹੇਠਾਂ ਬੀਜੀ ਤੇ ਵਿਵੇਕ ਬੈਠੇ ਨੇ, ਦੂਰੋਂ ਥੱਕੇ ਆਏ ਹੋ, ਮੈਂ ਚਾਹ ਬਣਾਵਾਂ।"

"ਥਕਾਵਟ ਤਾਂ ਤੈਨੂੰ ਦੇਖ ਹੀ ਲੱਥ ਗਈ।" ਉਸ ਜਾਂਦੀ ਹੋਈ ਰਜਨੀ ਨੂੰ ਕਿਹਾ।

"ਕੀ ਗੱਲ ਵਿਵੇਕ, ਤੂੰ ਅੱਜਕਲ ਬੜਾ ਚੁੱਪ ਚਾਪ ਰਹਿੰਦਾ ਏਂ ?" ਵਿਸ਼ਾਲ ਨੇ ਪੁੱਛਿਆ।

"ਵੈਸੇ ਈ, ਪੇਪਰ ਨਜ਼ਦੀਕ ਆ ਰਹੇ ਨੇ, ਨਾਲੇ ਤੁਸੀਂ ਹੁਣ ਚਲੇ ਜਾਣਾ ਹੈ। ਭਾਬੀ ਕਰਕੇ ਕੁਝ ਰੌਣਕ ਹੋਈ ਸੀ।"

"ਹੌਂਸਲਾ ਰੱਖ, ਇਹ ਕੋਰਸ ਮੁਕਾ ਕੇ ਨੌਕਰੀ ਤੇ ਲਗ ਜਾਏਂਗਾ ਫਿਰ ਤੇਰੇ ਲਈ ਵੀ ਕੋਈ ਲੜਕੀ ਲੱਭਦੇ ਆਂ।"

ਇਕ ਦਿਨ ਵਿਵੇਕ ਬਾਹਰ ਲਾਅਨ ਵਿਚ ਟਹਿਲ ਰਿਹਾ ਸੀ ਕਿ ਉਸਨੂੰ ਰਜਨੀ ਕੱਪੜੇ ਸੁੱਕਣੇ ਪਾ ਰਹੀ ਦਿਸੀ। ਉਸ ਰਜਨੀ ਵਲ ਇਕ ਛੋਟਾ ਜਿਹਾ ਰੋੜਾ ਮਾਰਿਆ। ਰਜਨੀ ਦਾ ਧਿਆਨ ਉਸ ਵੱਲ ਗਿਆ ਤੇ ਵਿਵੇਕ ਨੇ ਦੂਰੋਂ ਉਸ ਵੱਲ ਇਕ ਚੁੰਮਣ ਸੁੱਟਿਆ। ਇਸ ਸਾਰੀ ਹਰਕਤ ਨੂੰ ਅੰਦਰੋਂ ਵਿਸ਼ਾਲ ਦੇਖ ਰਿਹਾ ਸੀ। ਉਹ ਹੈਰਾਨ ਜਿਹਾ ਰਹਿ ਗਿਆ। ਉਸਨੂੰ ਸ਼ੱਕ ਜਿਹਾ ਪੈ ਗਿਆ। ਪਹਿਲੇ ਵੀ ਉਹਨਾਂ ਦੋਹਾਂ ਦੇ ਹਾਵਾਂ ਭਾਵਾਂ ਤੋਂ ਤੇ ਗੱਲਾਂ ਤੋਂ ਭਿਣਕ ਜਿਹੀ ਸੀ। ਵੈਸੇ ਪਰਦੇਸ 'ਚ ਬੈਠ ਕੇ ਵੀ ਕਈ ਵਾਰ ਉਸਦੇ ਮਨ 'ਚ ਖਿਆਲ ਜਿਹਾ ਆਉਂਦਾ ਕਿ ਕਿਤੇ ਵਿਵੇਕ ਤੇ ਰਜਨੀ--ਪਰ ਨਹੀਂ, ਉਹ ਇਹ ਕਹਿ ਕੇ ਮਨ ਨੂੰ ਟਾਲ ਦਿੰਦਾ। ਐਵੇਂ ਕਿਸੇ ਤੇ ਸ਼ੱਕ ਨਹੀਂ ਕਰਨਾ ਚਾਹੀਦਾ। ਵਿਵੇਕ ਇਵੇਂ ਦਾ ਨਹੀਂ ਹੈ ਤੇ ਨਾ ਹੀ ਰਜਨੀ। ਆਖਰ ਘਰ 'ਚ ਬੀਜੀ ਤਾਂ ਹੈਨ ਹੀ।

ਪਰ ਹੁਣ ਤਾਂ ਉਸਦਾ ਸ਼ੱਕ ਯਕੀਨ 'ਚ ਤਬਦੀਲ ਹੋ ਗਿਆ ਜਦ ਇਕੇਰਾਂ ਉਹ ਆਪਣੇ ਦੋਸਤ ਨੂੰ ਮਿਲਣ ਗਿਆ ਸੀ। ਬੀਜੀ ਅੰਦਰ ਕੱਪੜੇ ਵਗੈਰਾ ਸਾਂਭ ਰਹੇ ਸਨ ਤੇ ਨਹਾਉਣ ਦੀ ਤਿਆਰੀ ਕਰ ਹਰੇ ਸਨ। ਰਜਨੀ ਰਸੋਈ ਸਾਂਭ ਰਹੀ ਸੀ। ਪਰ ਦੋਸਤ ਘਰ ਨਾ ਮਿਲਣ ਕਾਰਨ ਵਿਸ਼ਾਲ ਜਲਦੀ ਆ ਗਿਆ। ਉਹ ਪੋਲੇ ਪੋਲੇ ਪੈਰੀਂ ਅੰਦਰ ਗਿਆ ਤਾਂ ਵਿਵੇਕ ਤੇ ਰਜਨੀ ਮੰਜੇ ਤੇ ਬੈਠੇ ਆਪਣੇ ਧਿਆਨ ਇਕ ਦੂਜੇ ਦੀ ਗਲਵੱਕੜੀ 'ਚ ਮੂੰਹ ਨਾਲ ਮੂੰਹ ਜੋੜ ਕੇ ਬੈਠੇ ਸਨ। "ਹੁਣ ਤਾਂ ਕਦੇ ਇਕੱਠੇ ਹੋਣ ਦਾ ਮੌਕਾ ਹੀ ਨਹੀਂ ਬਣਦਾ, ਤੂੰ ਤਾਂ ਚਲੀ ਜਾਏਂਗੀ।"

"ਤੂੰ ਕਿਤੇ ਮੈਨੂੰ ਭੁਲ ਸਕਦਾ ਏਂ, ਪਰ ਕੀ ਕਰਾਂ।"

ਇੰਨੇ ਨੂੰ ਵਿਸ਼ਾਲ ਆਪਣੇ ਬੂਟਾਂ ਦਾ ਖੜਾਕ ਕਰਦਾ ਉਪਰ ਪੌੜੀਆਂ ਚੜ੍ਹ ਰਿਹਾ ਸੀ ਕਿ ਵਿਵੇਕ ਤੇ ਰਜਨੀ ਇਕਦਮ ਘਬਰਾ ਜਿਹੇ ਗਏ, ਲੱਗਦਾ ਵਿਸ਼ਾਲ ਨੇ ਸਾਨੂੰ ਦੇਖ ਲਿਆ ਹੈ। ਪਰ ਇਹ ਤਾਂ ਕਹਿੰਦਾ ਸੀ ਕਿ ਮੈਂ ਘੰਟੇ, ਡੇਢ ਘੰਟੇ ਤੱਕ ਆਵਾਂਗਾ ਪਰ


Academy of the Punjab in North America: http://www.apnaorg.com

ਇਹ ਤਾਂ, ਉਹ ! ਇਹ ਕੀ ਹੋ ਗਿਆ, ਹੁਣ ਕੀ ਬਣੇਗਾ ।

ਰਜਨੀ ਮਗਰੇ ਉਪਰ ਗਈ ।

"ਚਲੀ ਜਾਹ ! ਧੋਖੇ ਬਾਜ਼, ਕੀ ਲੈਣ ਆਈ ਏਂ ?" ਉਹ ਖਲੋਤੀ ਰਹੀ । "ਮੈਂ ਕਹਿਨਾਂ ਚਲੀ ਜਾਹ, ਸੁਣਿਆ ਨਹੀਂ ਤੈਨੂੰ ? ਚਲਿੱਤਰਬਾਜ਼, ਹੁਣ ਸਫਾਈ ਪੇਸ਼ ਕਰਨ ਆਈ ਹੈਂ ?"

ਰਜਨੀ ਨੇ ਸਮਝਿਆ ਕਿ ਇਹ ਹੁਣ ਗੁੱਸੇ 'ਚ ਹੈ, ਉਹ ਉਤਰ ਆਈ ਤੇ ਫਿਰ ਵਿਵੇਕ ਉਪਰ ਗਿਆ, "ਭਾ ਜੀ, ਉਸਦਾ ਕੋਈ ਕਸੂਰ ਨਹੀਂ ਹੈ, ਮੈਂ ਹੀ ਆਪਣੇ ਆਪ ਤੇ ਕਾਬੂ ਨਹੀਂ ਪਾ ਸਕਿਆ ਸੀ, ਮੈਨੂੰ ਮੁਆਫ ਕਰ ਦਿਓ ।"

"ਲਾਹਨਤ ਹੈ ਤੈਨੂੰ--ਮੈਂ ਵਾਪਸ ਚਲੇ ਜਾਂਦਾ ਹਾਂ, ਜਿਹੜਾ ਹਫਤੇ ਨੂੰ ਜਾਣਾ, ਅੱਜ ਹੀ ਚਲੇ ਜਾਂਦਾ ਹਾਂ ।" ਤੇ ਉਹ ਆਪਣੇ ਕੱਪੜੇ ਪੈਕ ਕਰਨ ਲੱਗ ਗਿਆ । "ਤੁਸੀਂ ਦੋਹਾਂ ਨੇ ਮੈਨੂੰ ਧੋਖਾ ਦਿੱਤਾ ਹੈ, ਮੇਰਾ ਕੋਈ ਨਹੀਂ ਹੈ ।"

"ਨਹੀਂ ਭਾ ਜੀ, ਇੰਜ ਨਾ ਕਰੋ, ਤੁਸੀਂ ਦੋਨੋਂ ਜਾਓ, ਸੁੱਖੀ ਰਹੋ ।" ਇੰਨੇ ਨੂੰ ਰਜਨੀ ਆ ਗਈ । ਵਿਸ਼ਾਲ ਦੇ ਪੈਰਾਂ 'ਚ ਡਿੱਗ ਪਈ, "ਦੇਖੋ, ਜਦ ਵੀ ਮੇਰੇ ਤੇ ਕੋਈ ਔਕੜ ਆਉਂਦੀ, ਵਿਵੇਕ ਹੀ ਆਉਂਦਾ ਮੇਰੀ ਮੱਦਦ ਲਈ, ਹੋਰ ਘਰ 'ਚ ਕੌਣ ਸੀ ? ਇਸਨੇ ਨੇ ਹੀ ਮੈਨੂੰ ਇਕ ਦੋ ਵੇਰ ਬਚਾਇਆ । ਤੁਸੀਂ ਤਾਂ ਛੱਡ ਕੇ ਚਲੇ ਗਏ, ਬੀ ਜੀ ਤਾਂ ਕਦੇ ਸਤਸੰਗ, ਕਦੀ ਗੁਰਦੁਆਰੇ ਤੇ ਕਦੀ ਕਿਸੇ ਦੇ ਮਰਨੇ ਤੇ । ਆਖਰ ਮੇਰੇ ਪੇਟ 'ਚ ਤੁਹਾਡਾ ਬੱਚਾ ਹੈ । ਜਦ ਮੈਂ ਉਲਟੀਆਂ ਕਰ ਕਰ ਨਿਢਾਲ ਹੋ ਜਾਂਦੀ ਤਾਂ ਇਹੀ ਮੇਰੇ ਲਈ ਦੁੱਧ ਲੈ ਕੇ ਆਉਂਦਾ, ਦੁਆਈ ਲੈ ਕੇ ਆਉਂਦਾ ।"

"ਅੱਛਾ, ਅੱਛਾ ? ਬੱਸ ਕਰ, ਮੈਨੂੰ ਇਸ ਵੇਲੇ ਇਕੱਲਿਆਂ ਰਹਿਣ ਦਿਓ ।" ਪਰ ਇੰਨੇ ਨੂੰ ਬੀ ਜੀ ਵੀ ਨਲਕੇ ਤੋਂ ਨਿਕਲ ਕੇ ਉਹਨਾਂ ਦੀ ਤਕਰਾਰ ਸੁਣ ਕੇ ਆ ਗਏ ।

"ਤੁਸੀਂ ਘਰ 'ਚ ਸਿਆਣੇ ਬਿਆਣੇ ਹੋਵੋ ਤਾਂ ਇੰਜ ਦੀ ਘਟਨਾ ਹੋ ਜਾਏ ? ਇਸਦਾ ਇਹ ਮਤਲਬ ਨਹੀਂ ਕਿ ਨੂੰਹ ਆ ਗਈ ਹੈ ਤੇ ਹੁਣ ਤੁਸੀਂ ਸੁਰਖਰੂ ਹੋ ਗਏ ਹੋ ।"

"ਵੇ, ਮੈਂ ਤਾਂ ਇਸਨੂੰ ਕਿਹਾ ਸੀ ਕਿ ਪੇਕੇ ਰਹਿ ਆ ਪਰ ਇਹ ਕਹਿੰਦੀ, ਨਹੀਂ ਮੈਂ ਤੁਹਾਡੀ ਸੇਵਾ ਕਰਨੀ ਹੈ । ਬਾਕੀ ਪੁੱਤਰ, ਦਿਉਰ ਭਾਬੀ ਦੇ ਮਖੌਲ ਠੱਠੇ ਤਾ ਚਲਦੇ ਹੀ ਰਹਿੰਦੇ ਨੇ ।"

"ਪਰ ਇਹ ਗੱਲ ਮਖੌਲਾਂ ਤੱਕ ਨਹੀਂ ਹੈ, ਕਾਫੀ ਅੱਗੇ ਪਹੁੰਚ ਗਈ ਹੈ ।"

"ਪੁੱਤਰ, ਮੈਂ ਤੈਨੂੰ ਤਾਂ ਹੀ ਤਾਂ ਫੋਨ ਕੀਤਾ ਸੀ ਕਿ ਜਲਦੀ ਆ ਕੇ ਇਸ ਨੂੰ ਲੈ ਜਾਹ । ਮੈਨੂੰ ਭਲਾ ਪਤਾ ਨਹੀਂ ਕਿਸੇ ਗੱਲ ਦਾ ਮੈਂ ਤਾਂ ਇਹਨਾਂ ਨੂੰ ਝਿੜਕਿਆ ਵੀ ਸੀ, ਦੇਖ ਪੁੱਤਰ, ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ । ਉਹ ਬੱਚੇ ਵਾਲੀ ਹੈ, ਬਹੁਤਾ ਗੱਲ ਨੂੰ ਉਛਾਲਣਾ ਨਹੀਂ ਚਾਹੀਦਾ ।"

ਕਿੰਨੀ ਦੇਰ ਤੱਕ ਸ਼ਮਸ਼ਾਨ ਘਾਟ ਵਰਗੀ ਚੁੱਪ ਛਾਈ ਰਹੀ । ਜਿਵੇਂ ਸਭ ਇਕ ਦੂਜੇ ਲਈ ਅਜਨਬੀ ਹੋਣ । ਉਹ ਦਵੰਦ 'ਚੋਂ ਗੁਜਰ ਰਹੇ ਸਨ । ਰਜਨੀ ਲਈ ਇਕ ਪਾਸੇ ਪਿਆਰ ਸੀ, ਦੂਸਰੇ ਪਾਸੇ ਫਰਜ ਪਰ ਉਹ ਜਿੰਨੀ ਵੇਰ ਵੀ ਸੋਚਦੀ, ਫਰਜ ਦਾ ਪੱਲੜਾ ਹੀ ਭਾਰੀ ਹੁੰਦਾ । ਵਿਵੇਕ ਵੀ ਇਸ ਭਾਰੀ ਪਲੜੇ ਨੂੰ ਦੇਖ ਕੇ ਚੁੱਪ ਹੋ ਗਿਆ ਸੀ । ਉਸ ਆਪਣੇ ਮਨ ਨੂੰ ਸਮਝਾ ਲਿਆ ਸੀ । ਉਸਦੇ ਭਾਵੁਕ ਪਿਆਰ ਦਾ ਸੋਮਾ ਰਜਨੀ


Academy of the Punjab in North America: http://www.apnaorg.com

ਦੀ ਕੋਮਲ ਛੋਹ ਨੂੰ ਮਹਿਸੂਸ ਕੇ ਹੀ ਫੁੱਟਿਆ ਸੀ। ਉਸਦੇ ਜਜ਼ਬਾਤ ਮੁਹੱਬਤ ਦੇ ਫੁੱਲਾਂ ਨਾਲ ਮਹਿਕ ਉੱਠੇ ਸਨ। ਲੇਕਿਨ ਉਹ ਬਿਗਾਨੀ ਧਰਤੀ ਤੇ ਆਪਣੇ ਇਸ਼ਕ ਦਾ ਮਹਿਲ ਉਸਾਰ ਬੈਠਾ। ਉਹ ਆਪਣੇ ਭਰਾ ਨਾਲ ਦਗਾ ਨਹੀਂ ਕਮਾਉਣਾ ਚਾਹੁੰਦਾ ਸੀ। ਇਸ ਲਈ ਚੁੱਪਚਾਪ ਰਜਨੀ ਨੂੰ ਵਿਸ਼ਾਲ ਨਾਲ ਜਾਣ ਲਈ ਕਹਿ ਦਿੱਤਾ।

ਤੇ ਆਖਰ ਉਹਨਾਂ ਦੇ ਜਾਣ ਦਾ ਦਿਨ ਆ ਗਿਆ। ਘਰ ਦੀ ਰੌਣਕ ਜਾ ਰਹੀ ਸੀ। ਉਸਦੇ ਪੇਕੇ ਤੇ ਬੀ ਜੀ ਉਹਨਾਂ ਨੂੰ ਹਵਾਈ ਅੱਡੇ ਤੱਕ ਚੜ੍ਹਾਉਣ ਆਏ। "ਮੈਂ ਟਿਊਸ਼ਨ ਤੇ ਜਾਣਾ ਹੈ, ਮੇਰਾ ਪੇਪਰ ਹੈ।" ਦਾ ਬਹਾਨਾ ਲਾ ਕੇ ਵਿਵੇਕ ਘਰ ਹੀ ਰਿਹਾ ਤੇ ਸਭ ਨੇ ਜਹਾਜ਼ ਨੂੰ ਅਲਵਿਦਾ ਕਹੀ।

*****


Academy of the Punjab in North America http://www.apnaorg.com

# ਇਮਤਿਹਾਨ

ਪੰਡਾਲ ਸੱਜਿਆ ਹੋਇਆ ਸੀ । ਵੱਖ ਵੱਖ ਜ਼ਿਲ੍ਹਿਆਂ ਤੋਂ ਹੈਡਮਾਸਟਰ, ਹੈਡਮਿਸਟ੍ਰੈਸਾਂ, ਅਧਿਆਪਕ, ਅਧਿਆਪਕਾਵਾਂ ਆਦਿ ਬਿਰਾਜਮਾਨ ਸਨ । ਸਨਮਾਨਤ ਹੋਣ ਲਈ ਜਿਨ੍ਹਾਂ ਨੂੰ ਚੁਣਿਆ ਗਿਆ ਸੀ, ਉਹਨਾਂ ਦੇ ਘਰਾਂ 'ਚ ਚਿੱਠੀਆਂ ਪਾ ਕੇ ਸੂਚਿਤ ਕਰ ਦਿੱਤਾ ਗਿਆ ਸੀ । ਇਸ ਲਈ ਉਹਨਾਂ ਦੇ ਘਰ ਦੇ ਤੇ ਹੋਰ ਸੰਬੰਧੀ ਵੀ ਉਹਨਾਂ ਨਾਲ ਆਏ ਹੋਏ ਸਨ । ਬਹੁਤ ਸਾਰੇ ਮੰਤਰੀ ਵੀ ਆਪਣੀਆਂ ਸੀਟਾਂ ਉਪਰ ਬੈਠ ਰਹੇ ਸਨ । ਸਨਮਾਨ ਜਾਂ ਅਵਾਰਡ ਮੁੱਖ ਮੰਤਰੀ ਹੱਥੋਂ ਦਿੱਤੇ ਜਾਣੇ ਸਨ । ਇਸ ਲਈ ਮੁੱਖ ਮੰਤਰੀ ਦਾ ਬੜੀ ਤੀਬਰਤਾ ਨਾਲ ਇੰਤਜ਼ਾਰ ਹੋ ਰਿਹਾ ਸੀ । ਵਿਦਿਅਕ ਮਹਿਕਮੇ ਵੱਲੋਂ ਡੀ. ਈ. ਓ. ਤੇ ਸੀ. ਈ. ਓ. ਆਦਿ ਹੋਰ ਅਫ਼ਸਰ ਵੀ ਪਹੁੰਚੇ ਹੋਏ ਸਨ । ਵਿਦਿਆ ਮੰਤਰੀ ਵੀ ਆਉਣ ਵਾਲਾ ਸੀ । ਉਨਾਂ ਚਿਰ ਸਟੇਜ ਉਪਰ ਗਾਣੇ, ਗੀਤ ਵਗੈਰਾ ਚਲ ਰਹੇ ਸਨ ।

ਤੇ ਆਖਰ ਕੋਈ ਘੰਟੇ ਕੁ ਬਾਅਦ ਮੁੱਖ ਮੰਤਰੀ ਤੇ ਨਾਲ ਹੋਰ ਵੱਡੇ ਵੱਡੇ ਪੁਲੀਸ ਅਫ਼ਸਰ ਸਟੇਜ ਵਲ ਵੱਧ ਰਹੇ ਸਨ । ਉਹਨਾਂ ਦਾ ਪੁਰਜ਼ੋਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ, ਗਲ਼ਾਂ 'ਚ ਹਾਰ ਪਾਏ ਗਏ । ਫਿਰ ਉਹਨਾਂ ਦੇ ਆਦਰ ਸਤਿਕਾਰ ਪ੍ਰਤੀ ਲੜਕੀਆਂ ਨੇ ਇਕ ਦੇਸ਼ ਭਗਤੀ ਦਾ ਗੀਤ ਗਾਇਆ । ਮੁੱਖ ਮਹਿਮਾਨਾਂ ਨੇ ਪੰਜ ਦਸ ਮਿੰਟਾਂ ਲਈ ਵਿਦਿਆ ਉਪਰ ਭਾਸ਼ਨ ਦਿੱਤੇ । ਮਿਹਨਤੀ ਅਧਿਆਪਕਾਂ ਨੂੰ ਸਲਾਹਿਆ ਗਿਆ ।

"ਦੇਸ਼ ਦੀ ਵਾਗਡੋਰ ਇਹਨਾਂ ਅਧਿਆਪਕਾਂ ਦੇ ਹੱਥ ਹੈ । ਇਹ ਕੌਮ ਦੇ ਚਾਨਣ ਮੁਨਾਰੇ ਹਨ । ਦੇਸ਼ ਦੇ ਉੱਚ ਅਹੁਦਿਆਂ ਉਪਰ ਜੋ ਵੀ ਸਖਸ਼ੀਅਤਾਂ ਅਜ ਸ਼ੋਭ ਰਹੀਆਂ ਹਨ, ਇਹਨਾਂ ਦੇ ਹੀ ਹੱਥਾਂ ਦੇ ਉਗਾਏ, ਸਿੰਜੇ ਛਾਂਗੇ ਹੋਏ ਪੇੜ ਪੌਦੇ ਹਨ । ਇਹ ਰਾਹ ਦਿਖਾਉਣ ਵਾਲੇ ਅਸਲੀ ਮਾਨਵ-ਘਾੜੇ ਹਨ । ਸਾਨੂੰ ਫ਼ਖਰ ਹੋ ਰਿਹਾ ਹੈ ਕਿ ਨਹਾਰ ਦੀ ਹੈਡਮਿਸਟ੍ਰੈਸ ਬੀਬੀ ਗੁਰਬਿੰਦਰ ਕੌਰ ਜੀ ਨੇ ਆਪਣੇ ਸਕੂਲ ਦਾ ਬਹੁਤ ਕੁਛ ਸਵਾਰਿਆ ਹੈ । ਹਰ ਸਾਲ ਉਹਨਾਂ ਦੇ ਬੱਚੇ ੧੦੦% ਪਾਸ ਹੁੰਦੇ ਆਏ ਹਨ । ਉਹ ਜਿਸ ਵੀ ਸਕੂਲ 'ਚ ਗਏ, ਉਸ ਸਕੂਲ ਦੀ ਸਾਨ ਵਧਾਈ ਹੈ ।" ਹਰ ਅਵਾਰਡ ਜੇਤੂ ਅਧਿਆਪਕ ਜਾਂ ਅਧਿਆਪਕਾ ਦੇ ਮਾਣ ਸਨਮਾਨ ਵਿਚ ਇਹੋ ਜਿਹੇ ਸ਼ਬਦ ਆਖੇ ਜਾ ਰਹੇ ਸਨ । ਅਤੇ ਬਹੁਤ ਸੁਹਾਵਣਾ ਮਹੌਲ ਬਣਿਆ ਹੋਇਆ ਸੀ ।

ਪਰ ਮੈਂ ਤਾਂ ਹੈਰਾਨ ਹੋਈ ਜਾ ਰਹੀ ਸਾਂ । ਮੇਰੀਆਂ ਅੱਖਾਂ ਅੱਗੇ ਉਹ ਸਾਰੀ ਤਸਵੀਰ ਫਿਰ ਗਈ । ਤਿੰਨ ਸਾਲ ਹੀ ਹੋ ਗਏ ਹਨ ਮੈਨੂੰ ਇਸ ਸਕੂਲ 'ਚ ਆਇਆਂ । ਮੇਰੇ ਪਾਸ ਸਤਵੀਂ, ਅੱਠਵੀਂ ਤੇ ਨੌਵੀਂ ਕਲਾਸ ਸੀ । ਮੈਂ ਇਹਨਾਂ ਬੱਚਿਆਂ ਨਾਲ ਸਿਰ ਖਪਾ ਖਪਾ ਹਾਰ ਲੱਥੀ ਸਾਂ ਕਿ ਇਹਨਾਂ ਬੱਚਿਆਂ ਨੂੰ ਇਕ ਵੀ ਵਾਕ ਬਣਾਉਣਾ ਨਹੀਂ ਸੀ ਆਉਂਦਾ । ਇੰਗਲਿਸ਼ 'ਚ ਪ੍ਰਸ਼ਨ ਉੱਤਰ ਤੇ ਗਰੈਮਰ ਤਾਂ ਦੂਰ ਦੀ ਗਲ ਹੈ । ਕਰਾਂ ਤਾਂ ਕੀ ਕਰਾਂ ? ਜਾਂ ਮੁੜ ਤੋਂ ਪੰਜਵੀਂ ਦੀ ਪੁਸਤਕ ਸ਼ੁਰੂ ਕਰਾਵਾਂ । ਪਤਾ ਨਹੀਂ ਇਹ ਪਾਸ ਕਿਵੇਂ


Academy of the Punjab in North America: http://www.apnaorg.com

ਹੋਈ ਜਾਂਦੇ ਰਹੇ ਹਨ । ਮੈਂ ਹੈਡਮਿਸਟ੍ਰੈਸ ਪਾਸ ਸ਼ਿਕਾਇਤ ਵੀ ਕੀਤੀ ਤਾਂ ਉਸਦਾ ਜੁਆਬ ਹੁੰਦਾ, "ਚਲੋ ਜਿਨ੍ਹਾਂ ਕੁ ਹੋ ਸਕਦਾ, ਜਿਵੇਂ ਵੀ ਹੈ ਪੜ੍ਹਾਈ ਚਲੋ ।"

ਮੈਂ ਬਾਕੀ ਅਧਿਆਪਕਾਂ ਨਾਲ ਗੱਲ ਕਰਦੀ, "ਕੀ ਬਾਕੀ ਵਿਸ਼ਿਆਂ ਵਿਚ ਵੀ ਇਵੇਂ ਹਨ ਕਿ ਸਿਰਫ ਇੰਗਲਿਸ਼ ਵਿਚ ਹੀ ਹਨ ?"

"ਕਿੱਥੇ ? ਇਹਨਾਂ ਨੂੰ ਪੰਜਾਬੀ, ਹਿੰਦੀ ਵੀ ਨਹੀਂ ਪੜ੍ਹਨੀ ਆਉਂਦੀ, ਮਸੀਂ ਪ੍ਰਸ਼ਨਾਂ ਨੂੰ ਘੋਟਾ ਲਵਾਈਦਾ ਹੈ ।"

"ਤੇ ਹਿਸਾਬ ਦਾ ਕੀ ਹਾਲ ਹੈ ?"

"ਹਿਸਾਬ ਤਾਂ ਪੀ. ਟੀ. ਮਾਸਟਰ ਕੋਲ ਹੈ । ਉਹ ਕਦੇ ਪੀਰੀਅਡ ਲਾਉਂਦਾ ਹੈ ਕਦੇ ਨਹੀਂ । ਕਈ ਕਈ ਦਿਨ ਆਉਂਦਾ ਹੀ ਨਹੀਂ ਹੈ । ਜੇ ਆਵੇ ਤਾਂ ਕੁੜੀਆਂ ਮੁੰਡਿਆਂ ਨੂੰ ਕੁੱਟ ਕੇ ਚਲਾ ਜਾਂਦਾ ਹੈ ।"

"ਤੇ ਇਵੇਂ ਬੱਚਿਆਂ ਦਾ ਕੀ ਹਾਲ ਹੋਵੇਗਾ ? ਕੀ ਉਹਨਾਂ ਦਾ ਸਮਾਂ ਤੇ ਭਵਿੱਖ ਬਰਬਾਦ ਨਹੀਂ ਕਰ ਰਹੇ ? ਕੀ ਉਹਨਾਂ ਦੇ ਮਾਪਿਆਂ ਨੂੰ ਧੋਖਾ ਨਹੀਂ ਦੇ ਰਹੇ ?"

"ਇਹ ਬੱਚੇ ਸਾਰੇ ਗਰੀਬ ਘਰਾਂ ਦੇ ਹਨ, ਕਿਸੇ ਦੀ ਮਾਂ ਦਾ ਸਬਜ਼ੀ ਵੇਚਣ ਦਾ ਕੰਮ ਹੈ, ਕੋਈ ਰੇਹੜੀ ਲਾਉਂਦਾ ਹੈ, ਕੋਈ ਛੋਲੇ ਵੇਚਦਾ ਹੈ, ਕਿਸੇ ਮੰਜੀ ਡਾਹ ਕੇ ਚੂੜੀਆਂ ਕਲਿੱਪ ਤੇ ਨਿੱਕੇ ਨਿੱਕੇ ਖਿਡਾਉਣੇ ਰੱਖੇ ਹੁੰਦੇ ਹਨ, ਕੋਈ ਰਿਕਸ਼ਾ ਚਲਾਉਣ ਵਾਲੇ ਦਾ ਬੱਚਾ ਹੈ । ਇਹਨਾਂ ਬੱਚਿਆਂ ਨੇ ਅਗਾਂਹ ਜਾ ਕੇ ਕੀ ਕਰਨਾ, ਇਹੀ ਕੰਮ ਕਰਨੇ ਨੇ । ਹੋਰ ਕੋਈ ਡਾਕਟਰ, ਇੰਜੀਨੀਅਰ ਬਣ ਜਾਣਾ ਹੈ ? ਬੱਚੇ ਵੀ ਇਵੇਂ ਹੀ ਆਉਂਦੇ ਹਨ, ਕਦੇ ਦੇਰ ਨਾਲ ਤੇ ਕਦੇ ਨਾਗੇ ਪਾ ਪਾ ਕੇ ।"

"ਇਥੇ ਤਾਂ ਜਿਵੇਂ ਮੌਜ ਮੇਲਾ ਦੇਖਣ ਆਈਦਾ ਹੈ । ਬਾਹਰ ਅਵਾਰਾਗਰਦੀ ਨਾਲੋਂ ਬੱਚੇ ਇੱਥੇ ਕੁਝ ਦੇਰ ਲਈ ਜਰਾ ਬੱਝ ਕੇ ਬੈਠੇ ਰਹਿੰਦੇ ਨੇ । ਬੱਸ ਉਹਨਾਂ ਨੂੰ ਬਿਠਾ ਕੇ ਰੱਖਣ ਦੀ ਹੀ ਤਾਂ ਤਨਖਾਹ ਮਿਲਦੀ ਹੈ ।" "ਮੈਨੂੰ ਤਾਂ ਇੱਥੇ ਆ ਕੇ ਸਵੈਟਰ ਉਣਨ ਦੀ ਜਾਚ ਆ ਗਈ ਹੈ, ਇਥੇ 7 - 8 ਘੰਟੇ ਅਰਾਮ ਨਾਲ ਬੀਤ ਜਾਂਦੇ ਨੇ, ਨਹੀਂ ਤਾਂ ਘਰ ਆਪਣੇ ਬੱਚੇ ਸਾਂਭਦੇ ਰਹੋ ਤੇ ਸੱਸ ਦੇ ਤਾਹਨੇ ਮਿਹਣੇ ਸੁਣੋ ।" "ਮੇਰੀ ਤਾਂ ਇਥੇ ਐਮ. ਏ. ਹੋ ਚਲੀ ਹੈ, ਘਰ ਤਾਂ ਪੜ੍ਹਨ ਦਾ ਮੌਕਾ ਈ ਨਹੀਂ ਮਿਲਦਾ ।" ਭਾਂਤ ਸੁਭਾਂਤੀ ਅਧਿਆਪਕਾਵਾਂ ਇਕੱਠੀਆਂ ਹੋ ਕੇ ਗੱਲਾਂ ਮਾਰਦੀਆਂ ।

"ਡੀ. ਈ. ਓ. ਨੇ ਆਉਣਾ ਹੈ ਅਗਲੇ ਮਹੀਨੇ, ਥੋਹੜਾ ਸਕੂਲ ਦੀ ਭੁਗਤ ਸਵਾਰ ਦੇਈਏ ।" ਗੁਰਬਿੰਦਰ ਕੌਰ ਹੈਡਮਿਸਟ੍ਰੈਸ ਦਾ ਨੋਟਿਸ ਸੀ । ਵਿਦਿਆਰਥੀਆਂ ਅਤੇ ਅਧਿਆਪਕਾਵਾਂ ਦੀਆਂ ਡਿਊਟੀਆਂ ਲਾਈਆਂ ਗਈਆਂ । ਇਕ ਦਿਨ ਛੇਵੀਂ ਕਾਲਸ, ਫ਼ਿਰ ਸਤਵੀਂ, ਫਿਰ ਅਠਵੀਂ ਕਲਾਸ ਦੇ ਬੱਚੇ ਵਾਰੀ ਵਾਰੀ ਕੰਮ ਕਰਨਗੇ । ਗਰਾਊਂਡ ਵਿਚੋਂ ਸਾਰੇ ਰੋੜੇ ਵੱਟੇ ਇਕੱਠੇ ਕਰਕੇ ਇਕ ਥਾਂ ਲਗਾ ਦੇਵੋ, ਗਰਾਊਂਡ ਪੱਧਰੀ ਕਰ ਦਿਉ ਤੇ ਬਜ਼ਾਰੋਂ ਬੂਟੇ ਲਿਆ ਕੇ ਚਾਰ ਚੁਫੇਰੇ ਲਗਾ ਦੇਵੋ । ਗਰਾਊਂਡ ਦੇ ਕੰਮ ਤੋਂ ਬਾਅਦ ਕਮਰਿਆਂ ਦੀ ਵਾਰੀ ਆਈ । ਉਹਦੇ ਲਈ ਵੀ ਸਫਾਈ ਦਾ ਕੰਮ ਬੱਚਿਆਂ ਪਾਸੋਂ ਹੀ ਲਿਆ ਗਿਆ । ਕੰਧਾਂ ਉਪਰੋਂ ਮਿੱਟੀ ਘੱਟਾ, ਜਾਲੇ ਆਦਿ ਸਾਫ ਕਰਵਾਏ ਗਏ । ਬਜ਼ਾਰ ਦਾ ਕੰਮ ਵੀ ਬੱਚਿਆਂ ਪਾਸੋਂ ਹੀ ਕਰਵਾਇਆ ਜਾਂਦਾ । ਮੈਡਮਾਂ ਪਾਸੋਂ ਚਾਰਟ ਬਣਾ ਕੇ ਟੰਗੇ ਗਏ । ਸਕੂਲ ਦੀ ਸਚਮੁਚ ਕਾਇਆ ਪਲਟ ਗਈ ਜਾਪਣ ਲੱਗੀ ।

ਮੈਂ ਡਰਦੀ ਡਰਦੀ ਇਕ ਦਿਨ ਹੈਡ ਮਿਸਟ੍ਰੈਸ ਨੂੰ ਕਿਹਾ, " ਮੈਡਮ, ਸਫਾਈ ਦਾ


Academy of the Punjab in North America: http://www.apnaorg.com

ਕੰਮ ਤਾਂ ਜਰੂਰ ਹੋ ਰਿਹਾ ਹੈ, ਪਰ ਇਹਨਾਂ ਦੀ ਪੜ੍ਹਾਈ ਤੇ ਅਸਰ ਪੈ ਰਿਹਾ ਹੈ, ਪਹਿਲੇ ਹੀ ਇਹ ਨਲਾਇਕ ਹਨ, ਉਪਰੋਂ ਪੇਪਰ ਨਜ਼ਦੀਕ ਆ ਰਹੇ ਹਨ।"

"ਉਹ, ਕੋਈ ਨਹੀਂ, ਪੜ੍ਹਾਈ ਕਰਵਾ ਲਵਾਂਗੇ, ਤੁਸੀਂ ਆਪਣਾ ਕੰਮ ਕਰੀ ਜਾਓ।"

ਤੇ ਫਿਰ ਉਹ ਵੀ ਦਿਨ ਆ ਗਿਆ ਜਦ ਡੀ. ਈ. ਓ. ਤੇ ਹੋਰ ਤਿੰਨ ਕੁ ਵਿਦਿਆ ਅਫ਼ਸਰ ਆ ਗਏ। ਉਸ ਦਿਨ ਗੁਰਬਿੰਦਰ ਆਪ ਵੀ ਸਭ ਤੋਂ ਅੱਛੀ ਸਾੜ੍ਹੀ ਲਗਾ ਕੇ ਆਈ। ਬੱਚਿਆਂ ਨੂੰ ਵੀ ਕਿਹਾ ਗਿਆ ਸੀ ਕਿ ਇਸ ਦਿਨ ਉਹ ਧੋਤੇ ਕੱਪੜੇ ਪਾ ਕੇ ਆਉਣ। ਗੁਰਬਿੰਦਰ ਹੱਸ ਹੱਸ ਕੇ ਡੀ. ਈ. ਓ. ਦਾ ਸਵਾਗਤ ਕਰ ਰਹੀ ਸੀ। ਪ੍ਰਾਹੁਣਿਆਂ ਲਈ ਖਾਣ ਪੀਣ ਦਾ ਖਾਸ ਉਚੇਚ ਕੀਤਾ ਗਿਆ। "ਜਦ ਮੈਂ ਇਥੇ ਆਈ ਸਾਂ ਤਾਂ ਇਹ ਸਕੂਲ ਕਿੰਨਾ ਗੰਦਾ ਸੀ, ਮੈਂ ਆ ਕੇ ਇਸਦਾ ਸੁਧਾਰ ਕੀਤਾ ਹੈ। ਹੁਣ ਦੇਖਣਾ ਕਿ ਪੜ੍ਹਾਈ 'ਚ ਵੀ ਏਹੋ ਸਕੂਲ ਸਭ ਤੋਂ ਅੱਗੇ ਹੋਵੇਗਾ।"

ਤੇ ਡੀ. ਈ. ਓ. ਕਲਾਸਾਂ ਦਾ ਉਪਰੋਂ ਉਪਰੋਂ ਦੌਰਾ ਕਰਕੇ ਵਾਪਸ ਚਲਾ ਗਿਆ ਤੇ ਅਗਲੇ ਦਿਨ ਡੀ. ਈ. ਓ. ਦੇ ਆਉਣ ਦੀ ਖੁਸ਼ੀ 'ਚ ਛੁੱਟੀ ਕੀਤੀ ਗਈ।

ਫਿਰ ਬੱਚਿਆਂ ਦੇ ਅਠਵੀਂ ਕਲਾਸ ਲਈ ਦਾਖਲੇ ਭੇਜਣ ਦਾ ਸਮਾਂ ਆ ਗਿਆ। ਦਾਖਲਾ ਫਾਰਮ ਅਧਿਆਪਕਾਵਾਂ ਨੇ ਆਪ ਹੀ ਭਰ ਦਿੱਤੇ ਤੇ ਬੱਚਿਆਂ ਪਾਸੋਂ ਦਸਤਖਤ ਕਰਵਾ ਲਏ। ਸਭ ਪਾਸੋਂ ਦਾਖਲਾ ਫੀਸ ਤੋਂ ਇਲਾਵਾ ਸੌ ਸੌ ਰੁਪਏ ਵਧ ਲਏ ਗਏ। ਮਨ 'ਚ ਆਈ ਕਿ ਇਹ ਕਿਉਂ ? ਮੈਂ ਸਾਥੀ ਅਧਿਆਪਕ ਨੂੰ ਪੁੱਛ ਹੀ ਲਿਆ।

"ਓ ਬਈ, ਬੱਚੇ ਪਾਸ ਵੀ ਤਾਂ ਕਰਵਾਉਣੇ ਨੇ, ਇਸੇ ਵਿਚ ਸਾਡੀ ਇੱਜ਼ਤ ਹੈ।"

"ਇਹ ਕਿਵੇਂ ਦੀ ਇੱਜ਼ਤ ਹੈ ?" ਖੈਰ ਪੇਪਰ ਨਜ਼ਦੀਕ ਆ ਗਏ। ਦਸ-ਬਾਰਾਂ ਦਿਨ ਰਹਿ ਗਏ ਤਾਂ ਮੁੱਖ ਅਧਿਆਪਕਾ ਨੇ ਬਾਕੀ ਅਧਿਆਪਕਾਵਾਂ ਨੂੰ ਬੁਲਾ ਕੇ ਕਿਹਾ, "ਅਸੀਂ ਹੁਣ ਸਭ ਨੇ ਮਿਲ ਕੇ ਸਕੂਲ ਦੀ ਸ਼ਾਨ ਲਈ ਅੱਛੇ ਨਤੀਜੇ ਲਈ ਪ੍ਰਬੰਧ ਕਰਨਾ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਆਪੋ ਆਪਣੇ ਵਿਸ਼ਿਆਂ ਦੀ ਜਿੰਮੇਵਾਰੀ ਸੰਭਾਲ ਲਵੋਗੇ। ਬਹੁਤ ਸਾਰੇ ਪ੍ਰਸ਼ਨਾਂ ਦਾ ਮੈਂ ਪਤਾ ਕਰ ਲਿਆ ਹੈ। ਸੁਖ ਨਾਲ ਫੋਟ ਸਟੈਟ ਦੀ ਮਸ਼ੀਨ ਜਿਹੜੀ ਚੱਡਾ ਸਾਹਿਬ ਨੇ ਡੋਨੇਟ ਕੀਤੀ ਹੈ, ਉਹ ਵੀ ਕੰਮ ਆ ਜਾਵੇਗੀ। ਬਾਕੀ ਇਮਤਿਹਾਨ ਵਾਲੇ ਦਿਨਾਂ ਵਿਚ ਇਹਨਾਂ ਕਾਗਜ਼ਾਂ ਨੂੰ ਬੱਚਿਆਂ ਤੱਕ ਪਹੁੰਚਾਉਣ ਲਈ ਸਭ ਇੰਤਜ਼ਾਮ ਹੋ ਚੁੱਕਾ ਹੈ।"

"ਪਰ ਮੈਡਮ, ਮੇਰਾ ਦਿਲ ਨਹੀਂ ਕਰਦਾ ਇਵੇਂ ਕਰਨ ਨੂੰ ਇਹ ਬਹੁਤ ਵੱਡਾ ਧੋਖਾ ਹੈ, ਇਮਤਿਹਾਨ ਦੇ ਨਾਂ ਨੂੰ ਕਲੰਕ ਹੈ।"

"ਤੂੰ ਚੁੱਪ ਕਰ, ਸਾਨੂੰ ਨਹੀਂ ਪਤਾ ? ਅਸੀਂ ਆਪਣੇ ਸਕੂਲ ਦੀ ਤੇ ਆਪਣੀ ਬੇਇਜ਼ਤੀ ਨਹੀਂ ਕਰਵਾਉਣੀ। ਆਪਣੇ ਤੇ ਨਲਾਇਕੀ ਦਾ ਦਾਗ ਨਹੀਂ ਲਵਾਉਣਾ। ਆਖਰ ਤੂੰ ਨੌਕਰੀ ਤਾਂ ਇਸੇ ਸਕੂਲ 'ਚ ਹੀ ਕਰਨੀ ਹੈ। ਸਾਰੇ ਸਕੂਲਾਂ ਦਾ ਇਹੀ ਹਾਲ ਹੈ, ਅਸੀਂ ਇਕੱਲੇ ਨਹੀਂ ਹਾਂ। ਤੈਨੂੰ ਜਿਵੇਂ ਕਿਹਾ ਹੈ, ਕਰ।"

ਸਾਥੀ ਅਧਿਆਪਕਾਵਾਂ ਵੀ ਮੈਨੂੰ ਸਮਝਾਉਣ ਲੱਗੀਆਂ। "ਅਸੀਂ ਸਾਰੇ ਇਕੋ ਬੇੜੀ 'ਚ ਸਵਾਰ ਹਾਂ। ਜੇ ਨਦੀ ਵਿਚ ਰਹਿਣਾ ਹੈ ਤਾਂ ਮਗਰਮੱਛ ਨਾਲ ਵੈਰ ਠੀਕ ਨਹੀਂ।"

ਮੈਨੂੰ ਲੱਗਾ ਜਿਵੇਂ ਮੈਨੂੰ ਇਥੇ ਕੋਈ ਜ਼ਹਿਰ ਖਾਣਾ ਪੈ ਰਿਹਾ ਹੋਵੇ ਜਾਂ ਕੋਈ ਕੋਹੜ ਕਿਰਲੀ ਲੰਘਾਉਣੀ ਪੈ ਰਹੀ ਹੋਵੇ। ਸਾਨੂੰ ਤਾਂ ਅੱਜ ਤੱਕ ਬੇਈਮਾਨੀ, ਚੋਰੀ, ਠੱਗੀ, ਨਕਲ


Academy of the Punjab in North America: http://www.apnaorg.com

ਤੋਂ ਦੂਰ ਰੱਖਿਆ ਗਿਆ ਸੀ । ਅਸੀਂ ਕਿੰਨੀ ਕੁ ਮਿਹਨਤ ਕਰਦੇ ਹਾਂ, ਉਸੇ ਹਿਸਾਬ ਹੀ ਫਲ ਦੀ ਆਸ ਰੱਖਣੀ ਚਾਹੀਦੀ ਹੈ ਪਰ ਇੱਥੇ ਤਾਂ ਮਿਹਨਤ ਤੋਂ ਬਿਨਾਂ ਫਲ ਦੀ ਆਸ, ਉਹ ! ਰੱਬਾ ਤੂੰ ਮੈਨੂੰ ਇਹ ਕੈਸੇ ਇਮਤਿਹਾਨ 'ਚ ਪਾ ਦਿੱਤਾ ਹੈ । ਕਿੱਧਰ ਗਈਆਂ ਧਰਮਾਂ ਦੀਆਂ ਸਿਖਿਆਵਾਂ, ਕਿੱਧਰ ਗਏ ਉੱਚੇ ਸੁੱਚੇ ਆਚਰਣ, ਸਚਾਈ, ਦਿਆਨਤਦਾਰੀ । ਗੁਰਦੁਆਰੇ ਅਤੇ ਮੰਦਰਾਂ ਦੇ ਕਥਾਵਾਂ ਭਜਨ ਕੀ ਇਹ ਸਭ ਦਿਖਾਵੇ ਲਈ ? ਕਿਸ ਪਾਸ ਕਰੇ ਕੋਈ ਸ਼ਿਕਾਇਤ ? ਚਪੜਾਸੀ ਤੋਂ ਲੈ ਕੇ ਮੰਤਰੀ ਤੱਕ ਸਭ ਬੇਈਮਾਨ ।

ਪਰ ਨੌਕਰੀ ਵੀ ਤਾਂ ਕਰਨੀ ਹੈ, ਕਿੰਨੀ ਮੁਸ਼ਕਲ ਨਾਲ ਮਿਲੀ ਹੈ ਇਹ ਨੌਕਰੀ । ਇਕੱਲੀ ਕੀ ਕਰ ਸਕਦੀ ਹਾਂ ਮੈਂ । 'ਅੰਨ੍ਹਿਆਂ 'ਚ ਕਾਣਾ ਰਾਜਾ' ਨਹੀਂ, ਅੰਨਿਆਂ 'ਚ ਅੰਨੇ ਨੂੰ ਹੀ ਰਾਜਾ ਬਣਨਾ ਪੈਂਦਾ ਹੈ । ਅੰਨ੍ਹੇ ਹੋਣਾ ਪੈਂਦਾ ਹੈ । ਜਾਂ ਕਰੋ ਜਾਂ ਮਰੋ । ਉਹੋ ! ਤੂੰ ਕਿਹੜੀਆਂ ਸੋਚਾਂ 'ਚ ਪਈ ਏਂ, ਨਕਲ ਹੀ ਤਾਂ ਮਰਵਾਉਣੀ ਹੈ, ਹੋਰ ਕਿਸੇ ਦਾ ਕਤਲ ਤਾਂ ਨਹੀਂ ਕਰਨਾ, ਕਿਸੇ ਦਾ ਕੁਝ ਖੋਹਣਾ ਤਾਂ ਨਹੀਂ ਹੈ ?" ਮਨ ਕਹਿੰਦਾ । ਪਰ ਜੋ ਗਲਤ ਹੋ ਰਿਹਾ ਹੈ ? ਤੇ ਤੂੰ ਇਕੱਲੀ ਕੀ ਕਰ ਲਵੇਂਗੀ ? ਹਾਂ, ਜਾਂ ਤਾਂ ਮੈਂ ਡੀ. ਈ. ਓ. ਜਾਂ ਸੁਪਰਿੰਟੈਂਡੈਂਟ ਬਣਾਂ ।

ਤੇ ਸਾਲਾਨੇ ਇਮਤਿਹਾਨ ਦਾ ਦਿਨ ਆ ਗਿਆ । ਇਕ ਵਾਰ ਹੈਡ ਮਿਸਟ੍ਰੈਸ ਨੇ ਫਿਰ ਸਾਰੇ ਅਧਿਆਪਕਾਂ ਨੂੰ ਪੁੱਛਿਆ, "ਪਰਚੀਆਂ ਤਿਆਰ ਨੇ ਨਾ ਸਭ ? ਚਾਲੀ ਚਾਲੀ ਪਰਚੀਆਂ ਬਣਾਉਣੀਆਂ ਸਨ ।"

"ਹਾਂ, ਮੈਡਮ ਤੁਸੀਂ ਕੋਈ ਫ਼ਿਕਰ ਨਾ ਕਰਨਾ । ਜਦ ਪਰਚੇ ਵੰਡਣੇ ਨੇ, ਉਹਨਾਂ ਵਿਚ ਹੀ ਪਰਚੀਆਂ ਰੱਖ ਦੇਣੀਆਂ ਨੇ । ਤੇ ਮੈਡਮ ਸੁਪਰਿੰਟੈਂਡੈਂਟ ਕੌਣ ਹੈ ?"

"ਉਹ ਮੈਂ ਸੰਭਾਲ ਲਵਾਂਗੀ ਸਭ, ਆਪਣਾ ਵਾਕਫ਼ ਹੀ ਹੈ । ਵਿਸਕੀ ਦੀਆਂ ਪੇਟੀਆਂ ਕਿਹੜੇ ਕੰਮ ਲਈ ਹਨ ?"

ਤੇ ਪੇਪਰ ਸ਼ੁਰੂ ਹੋ ਗਏ । ਬੱਚੇ ਅਰਾਮ ਨਾਲ ਪੇਪਰ ਕਰ ਰਹੇ ਸਨ, ਓਧਰ ਬੀਬੀ ਗੁਰਬਿੰਦਰ ਕੌਰ ਨੇ ਮੁੱਖ ਨਿਰੀਖਕ ਲਈ ਚਾਹ ਪਾਣੀ, ਵਿਸਕੀ, ਕੋਲਡ ਡਰਿੰਕ, ਸਮੋਸੇ, ਬਰਫ਼ੀ, ਪੇਸਟ੍ਰੀ ਆਦਿ ਦਾ ਉਚੇਚੇ ਤੌਰ ਤੇ ਪ੍ਰਬੰਧ ਕੀਤਾ ਹੋਇਆ ਸੀ । ਜੋ ਅੱਜ ਹੈ ਉਹ ਕਲ੍ਹ ਨਹੀਂ । ਜੋ ਕਲ੍ਹ ਹੈ, ਉਹ ਅਗਲੇ ਦਿਨ ਨਹੀਂ । ਜਿਵੇਂ ਉਹ ਸੁਪਰਿੰਟੈਂਡੈਂਟ ਨਾ ਹੋ ਕੇ ਕੋਈ ਖਾਣ ਦੀ ਮਸ਼ੀਨ ਹੋਵੇ । ਉਹ ਸਰਸਰੀ ਤੌਰ ਤੇ ਪ੍ਰੀਖਿਆ ਹਾਲ 'ਚ ਇਕ ਦੋ ਗੇੜੇ ਲਗਾ ਆਉਂਦਾ । ਬੱਚੇ ਅਰਾਮ ਨਾਲ ਪਰਚੀਆਂ ਉਤਾਰੀ ਜਾਂਦੇ ।

ਕਾਸ਼ ! ਜੇ ਇੰਨੀ ਮਿਹਨਤ ਤੇ ਪੈਸਾ ਬੱਚਿਆਂ ਨੂੰ ਪੜ੍ਹਾਉਣ ਉਪਰ ਖਰਚ ਕੀਤਾ ਹੁੰਦਾ ।

ਖ਼ੈਰ ਨਤੀਜਾ ਨਿਕਲਿਆ । ਗੁਰਬਿੰਦਰ ਕੌਰ ਦੇ ਸਕੂਲ ਦਾ ਨਤੀਜਾ ਸਭ ਸਕੂਲਾਂ ਤੋਂ ਸੱਚਮੁਚ ਉਪਰ ਸੀ ।

ਤੇ ਇਸ ਦੇਸ਼ ਤੇ ਸਮਾਜ ਸੇਵਕ ਦੇ ਸ਼ੁਕਰਾਨੇ ਵਜੋਂ ਅੱਜ ਉਸਨੂੰ ਸਨਮਾਨ ਮਿਲ ਰਿਹਾ ਸੀ.....ਸਨਮਾਨ......ਮੁੱਖ ਮੰਤਰੀ ਪਾਸੋਂ ।

*****



Academy of the Punjab in North America: http://www.apnaorg.com